For advertisement and donations contact
DEVINDER TOOR 416-902-9372
HARBANS SINGH 416-817-7142
Email: ppapmg@gmail.com
Om Parkash Sharma
647-891-8500
Email : omjagraon@yahoo.com
Pro-People Arts Project Media Group
"Sarokaran Di Awaz" Newspaper
29 Mapleview Ave Brampton
Ontario
Canada L6R 1M2
Email: ppapmg@gmail.com
Website: www.ppapmg.com

Voice of Social Concerns

Registration No. 210836300

# ਸਰੋਕਾਰਾਂ ਦੀ ਆਵਾਜ਼

Pro-People Arts Project Media Group

ਸਾਲ-4, ਅੰਕ-7, 1 ਜੁਲਾਈ 2014

Pro-People Arts
Project Media Group
SAROKARAN DI AWAZ
29 MAPLEVIEW AVE
BRAMPTON ONTARIO
CANADA L6R 1M2
E-Mail : ppapmg@gmail.com
www.ppapmg.com
ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸੰਪਾਦਕੀ

### ਸੋਚਣ ਦਾ ਵੇਲਾ

ਚੰਗੇ ਦਿਨ ਹਰ ਕੋਈ ਚਾਹੁੰਦਾ ਹੈ ਪਰ ਕਈ ਵਾਰ ਚੰਗੇ ਦਿਨਾਂ ਦੀ ਪ੍ਰਾਪਤੀ ਲਈ ਕੁਰਬਾਨੀ ਦੀ ਲੋੜ ਪੈਂਦੀ ਹੈ। ਭਾਰਤ ਦੀ ਜਨਤਾ ਨੇ ਭਾਰਤ ਲਈ ਚੰਗੇ ਦਿਨਾਂ ਵਾਸਤੇ ਹੁਣ ਤੱਕ ਸਿਰਤੋੜ ਕੁਰਬਾਨੀਆਂ ਕੀਤੀਆਂ ਹਨ। ਇਨ੍ਹਾਂ ਕੁਰਬਾਨੀਆਂ ਸਦਕਾ ਹੀ ਪਿਛਲੀ ਯੂ. ਪੀ. ਏ. ਸਰਕਾਰ ਦੀਆਂ ਵਾਅਦਾ-ਖਲਾਫ਼ੀ ਅਤੇ ਭ੍ਰਿਸ਼ਟਾਚਾਰ ਤੋਂ ਅੱਕੇ ਲੋਕਾਂ ਨੇ ਬਦਲ ਵਜੋਂ ਮੋਦੀ ਲਹਿਰ ਵਾਲੀ ਬੀ. ਜੇ. ਪੀ. ਸਰਕਾਰ ਦੇ ਸੁਪਨੇ ਦੇਖਣੇ ਸ਼ੁਰੂ ਕੀਤੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਲੋਕਾਂ ਨੇ ਆਸ ਨਾਲੋਂ ਕਿਤੇ ਵੱਧ ਮੋਦੀ ਦੀ ਇੱਛਾ ਨੂੰ ਪੂਰਾ ਕੀਤਾ। ਅਵਾਮ ਨੇ ਬਿਨਾਂ ਕਿਸੇ ਅੜਿੱਕੇ ਦੇ ਮੋਦੀ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੇ ਬਿਰਾਜਮਾਨ ਕਰ ਦਿੱਤਾ। ਪਰ ਅੱਗੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਜਨਤਾ ਨੇ ਸਿਰਦਰਦੀ ਨਾਲ ਮੋਦੀ ਦੀ ਮਦਦ ਕੀਤੀ ਹੈ ਤਾਂ ਮੋਦੀ ਨੂੰ ਸਿਰਦਰਦੀ ਲੈ ਕੇ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ ਪਰ ਜਿਹੋ ਜਿਹੇ ਫੈਸਲੇ ਸਰਕਾਰ ਆਉਂਦਿਆਂ ਹੀ ਕਰ ਰਹੀ ਹੈ, ਇਸ ਨਾਲ ਸਰਕਾਰ ਦੀ ਨੀਤ ਅਤੇ ਨੀਤੀ ਦੋਵੇਂ ਸ਼ੱਕ ਦੇ ਦਾਇਰੇ ਵਿਚ ਆਉਂਦੇ ਪ੍ਰਤੀਤ ਹੋ ਰਹੇ ਹਨ। ਜਿਹੋ ਜਿਹੇ ਕੀਮਤਾਂ ਵਿਚ ਵਾਧੇ ਦੇ ਬਿਆਨ ਮੌਜੂਦਾ ਬੀ. ਜੇ. ਪੀ. ਸਰਕਾਰ ਦੇ ਰਹੀ ਹੈ, ਇਨ੍ਹਾਂ ਵਿਚ ਡੀਜ਼ਲ, ਬੱਸ ਰੇਲ ਕਿਰਾਏ, ਬਿਜਲੀ ਅਤੇ ਗੈਸ ਦਰਾਂ ਸ਼ਾਮਲ ਹਨ। ਜੇਕਰ ਇਨ੍ਹਾਂ ਵਸਤਾਂ ਦੇ ਮੁੱਲਾਂ ਵਿਚ ਸਰਕਾਰ ਬਿਨਾਂ ਕਿਸੇ ਸੋਚ ਵਿਚਾਰ ਦੇ ਅਥਾਹ ਵਾਧਾ ਕਰਦੀ ਹੈ ਤਾਂ ਇਹ ਕੋਈ ਸਾਧਾਰਨ ਗੱਲ ਨਹੀਂ ਹੋਵੇਗੀ। ਇਸ ਨਾਲ ਜਿਥੇ ਦੇਸ਼ ਦੀ ਵਿਕਾਸ ਦਰ ਤੇ ਅਸਰ ਪਵੇਗਾ ਉਥੇ ਭਾਰਤ ਦੀ ਗਰੀਬ ਜਨਤਾ ਦਾ ਕਚੂਮਰ ਨਿਕਲ ਜਾਵੇਗਾ। ਇਸ ਨਾਲ ਲੋਕਾਂ ਨੂੰ ਕੁੱਲੀ, ਜੁੱਲੀ ਕੀ ਖਾਣ ਲਈ ਸਾਧਾਰਨ ਰੋਟੀ ਵੀ ਨਸੀਬ ਨਹੀਂ ਹੋਵੇਗੀ। ਜੇਕਰ ਅੱਜ ਦੀ ਮੋਦੀ ਸਰਕਾਰ ਵੀ ਪਿਛਲੀ ਯੂ. ਪੀ. ਏ. ਸਰਕਾਰ ਵਾਂਗ ਰਾਜ ਘਰਾਣਿਆਂ ਅਤੇ ਬਿਜਨਸਮੈਨਾਂ ਬਾਰੇ ਲੋੜ ਤੋਂ ਵੱਧ ਸੋਚੇਗੀ ਤਾਂ ਹਿੰਦੁਸਤਾਨ ਦੇ ਹਾਲਾਤ ਬਦ ਤੋਂ ਬਦਤਰ ਹੋ ਜਾਣਗੇ।

ਉਪਰੋਕਤ ਛਾਲਾਂ ਮਾਰ ਕੇ ਵੱਧ ਰਹੀ ਮਹਿੰਗਾਈ ਨੂੰ ਮੱਦੇਨਜ਼ਰ ਰੱਖਦਿਆਂ ਇਕ ਮਹੀਨੇ ਦੇ ਘਟਨਾਕ੍ਰਮ ਨੇ ਸਾਫ਼ ਦਿਖਾ ਦਿੱਤਾ ਹੈ ਕਿ ਨਿੱਜੀਕਰਨ-ਉਦਾਰੀਕਰਨ ਦੀਆਂ ਆਰਥਿਕ ਨੀਤੀਆਂ ਵਿਚ ਕੋਈ ਫਰਕ ਨਹੀਂ ਆਵੇਗਾ। ਜਿਨ੍ਹਾਂ ਨੂੰ ਜਨਤਾ ਪਿਛਲੇ ਤਿੰਨ ਦਹਾਕਿਆਂ ਤੋਂ ਸਹਿਣ ਕਰ ਰਹੀ ਹੈ। ਬਲਕਿ ਇਨ੍ਹਾਂ ਨੀਤੀਆਂ ਨੂੰ ਬੜੇ ਹੀ ਸਖ਼ਤ ਢੰਗ ਨਾਲ ਲਾਗੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਜੇ ਵਰਤਮਾਨ ਸਮੇਂ ਵਿਚ ਵੀ ਅਗਾਂਹਵਧੂ ਵਿਚਾਰ ਰੱਖਣ ਵਾਲੇ ਲੋਕ! ਸੋਵੀਅਤ ਯੂਨੀਅਨ ਦੇ ਖੇਰੂੰ ਖੇਰੂੰ ਹੋਣ ਤੋਂ ਬਾਅਦ ਅਤੇ ਚੀਨ ਵਰਗੇ ਸਭਿਆਚਾਰਕ ਇਨਕਲਾਬ ਦੇ ਸਰਮਾਏਦਾਰੀ 'ਚ ਬਦਲਣ ਨਾਲ ਆਪਣੀ ਸੋਚ ਸਮਝ ਅਪਣਾਉਣ ਵਿਚ ਕਾਮਯਾਬ ਨਹੀਂ ਹੋਏ ਤਾਂ ਇਸ ਮਦਭਾਗੀ ਘਟਨਾਕ੍ਰਮ ਤੋਂ ਕੀ ਸਿੱਖਿਆ ਜਾ ਸਕਦਾ ਹੈ। ਸੋਚਣ ਦੀ ਲੋੜ ਹੈ?

-ਹਰਬੰਸ ਸਿੰਘ




ਮੋਦੀ ਸਰਕਾਰ ਦੀ ਉਡੀਕ 'ਚ ਭਾਜਪਾ ਦਾ ਨਾਅਰਾ ਸੀ, ਅੱਛੇ ਦਿਨ ਆਨੇ ਵਾਲੇ ਹੈਂ। ਇਨ੍ਹਾਂ ਅੱਛੇ ਦਿਨਾਂ ਦੀ ਉਡੀਕ 'ਚ ਪਹਿਲਾਂ ਮਹਿੰਗਾਈ ਦੀ ਦਰ ਵਧਕੇ 6% ਦੀ ਦਰ 'ਤੇ ਪੁੱਜ ਗਈ, ਸੁਣਿਆ ਪੈਟਰੋਲ ਡੇਢ ਰੁਪਏ ਲਿਟਰ ਹੋਰ ਵਧ ਰਿਹਾ ਅਤੇ "ਲਾਲੂ ਦੀ ਰੇਲ" ਦਾ ਕਿਰਾਇਆ 14.2% ਵਧਾਉਣ ਦਾ ਐਲਾਨ ਹੋਇਆ। ਰੇਲ ਦਾ ਕਿਰਾਇਆ ਵਧ ਜਾਏਗਾ ਤਾਂ ਖਾਣ ਵਾਲੀਆ ਤੇ ਹੋਰ ਚੀਜ਼ਾਂ ਦੀ ਮਹਿੰਗਾਈ ਹੋਰ ਵਧੂ! ਮਹਿੰਗਾਈ ਹੋਰ ਵਧੂ ਤਾਂ ਭੁੱਖਮਰੀ ਹੋਰ ਵਧੂ! ਭੁੱਖਮਰੀ ਵਧੂ ਤਾਂ ਸਧਾਰਨ ਬੰਦਾ, ਜਿਹੜਾ ਅੱਤ ਦੀ ਗਰਮੀ ਨਾਲ ਪਹਿਲਾਂ ਹੀ ਮਰ ਰਿਹਾ, ਸੁੱਤਿਆਂ ਪਿਆ ਸਵਰਗ ਸਧਾਰੂ! ਅਤੇ ਇਹੀ ਤਾਂ ਸਰਕਾਰ ਚਾਹੁੰਦੀ ਆ! ਅਬਾਦੀ ਘਟੂ ਤਾਂ ਖਾਣ ਵਾਲੇ ਮੂੰਹ ਘਟਣਗੇ, ਜੇਕਰ ਖਾਣ ਵਾਲੇ ਮੂੰਹ ਘੱਟਣਗੇ ਤਾਂ ਘੱਟ ਚੀਜ਼ਾਂ ਦੀ ਲੋੜ ਪਊ ਤੇ ਗਰੀਬਾਂ ਦੇ ਅੱਛੇ ਦਿਨ ਆਉਣਗੇ। ਪਰ ਅਮੀਰਾਂ ਦੇ ਤਾਂ ਹੁਣੇ ਅੱਛੇ ਦਿਨ ਆ ਗਏ ਆ, ਜਿਨ੍ਹਾਂ ਦੀਆਂ ਤਜੌਰੀਆਂ ਚੀਜ਼ਾਂ ਦੇ ਵੱਧ ਭਾਅ ਨਾਲ ਭਰ ਰਹੀਆਂ ਹਨ, ਕਾਲਾ ਧਨ ਵਧ ਰਿਹਾ ਹੈ ਅਤੇ ਸਵਿੱਸ ਬੈਂਕਾਂ 'ਚ ਪਹਿਲਾਂ ਨਾਲ 40% ਕਾਲਾ ਧਨ ਵੱਧ ਗਿਆ ਹੈ ਇਹ ਹੈ ਅੱਛੇ ਦਿਨਾਂ ਦੇ ਆਉਣ ਦੀ ਕਰਾਮਾਤ!!




ਕਿਉਂ ਕਰ ਰਹੇ ਹਨ ਪੰਜਾਬ ਦੇ ਕਿਸਾਨ ਖੁਦਕੁਸ਼ੀਆਂ ?




ਪੁਲਿਸ ਦਰਿੰਦਗੀ ਦੀ ਇੰਤਹਾ-ਪੰਜਾਬ ਦੀ ਧਰਤੀ ਸ਼ਰਮਸਾਰ




Wanted: Big ideas to tackle youth unemployment




ਮੁਢਲੀਆਂ ਸਹੂਲਤਾਂ ਦੀ ਘਾਟ ਬਨਾਮ ਔਰਤਾਂ ਖ਼ਿਲਾਫ਼ ਜ਼ੁਰਮ

SUPER VISA INSURANCE



Sherjang Singh Rana
416.910.9000

PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Ravinder Singh Basra
416.845.6232

# Historic Victory of Steel Workers of Wazirpur!



As is known, the steel workers of Wazirpur have been on strike since June 6, under the leadership of 'Garam Rolla Mazdoor Ekta Samiti'. Today, in the negotiation in Deputy Labour Commissioner's Office, the owners of all plants gave in to the demands of workers and accepted to implement the 8-hour workday, double rate overtime, minimum wages, ESI, PF for the workers of Wazirpur. It is a huge victory for the workers as it was not an informal negotiation for some wage increment; almost all the basic labour laws have been enforced in this negotiation.Sunny, member, Garam Rolla Mazdoor Ekta Samiti, told that it is a huge step, but it is only a beginning. Now the new task is to enforce the implementation of today's agreement and not to allow any owner to flout these labour laws anymore. Raghuraj, member, Garam Rolla Mazdoor Ekta Samiti, said that the Deputy Labour Commissioner has assured that officials from the labour department will go on surprise inspections throughout the month to ensure the implementation of 8-hour workday and also will be present on the day of payment of wages to ensure that minimum wages are being given. Shivani, legal consultant of the Samiti and an activist of 'Bigul Mazdoor Dasta' said that in the context of hopelessness and reversal in the workers' movement, this victory holds immense importance. The labour laws had become a laughing stock among the owners and management. However, the steel workers of Wazirpur have shown that if we prevent agent unions of electoral parties, NGOs and funding agencies from entering in the workers' movement, the workers' themselves can lead their movement to victory, provided it is guided by correct political ideas. And 'Garam Rolla Mazdoor Ekta Samiti' has achieved precisely this objective. Navin, secretary, Delhi Kamgar Union argued that it was the resilience of the steel workers under a correct political leadership, that ultimately led to this historic victory. He said that the community kitchen run by the striking workers with the support from workers from different parts of the country showed that if workers' movement transcends the narrow boundaries of factory and occupation and a working class unity across the lines of occupation, region, etc is forged, the workers' struggles can definitely be won. The steel workers of Wazirpur have shown the way and now all workers of all areas and occupation need to follow this path.

## ਸਰੋਕਾਰਾਂ ਦੀ ਆਵਾਜ਼ ਨੂੰ ਲੋੜ ਹੈ

ਕੈਨੇਡਾ ਤੋਂ ਛਪਣ ਵਾਲੇ ਮਹੀਨਾਵਾਰ ਅਖ਼ਬਾਰ 'ਸਰੋਕਾਰਾਂ ਦੀ ਆਵਾਜ਼' ਨੂੰ ਵੱਖ-ਵੱਖ ਥਾਵਾਂ ਤੋਂ ਪੱਤਰਕਾਰਾਂ, ਬਿਜਨਿਸ ਪ੍ਰਤੀਨਿਧਾਂ ਦੀ ਲੋੜ ਹੈ। ਚਾਹਵਾਨ ਤੁਰੰਤ ਸੰਪਰਕ ਕਰਨ

**HARBANS SINGH**

**416-817-7142**

Email: ppapmg@gmail.com

Website: www.ppapmg.com

Village of India
Restaurant & Sweets
Tel: 905 - 450 - 3333
www.villageofindia.ca
*Open 7 days a week *Pur Veg. Authentic Fine Indian Cuisine
PARTY HALL (up to 100 people)
Party Hall + Catering + Seating Arrangement + Sound System + Lighting
*DINE IN *TAKE OUT *CATERING *SWEETS & SNACKS
114 Kennedy Road, South, Brampton, ON L6W 3E7
(Between Queen / HWY 7 & Steeles )

Go Green
JGN KITCHENS



Special
20% off
Bathroom & Kitchen Design.
Traditional, Transitional & Contemporary.
Solid Wood Entry Doors
Wide Variety of Wood, Thermofoil & Laminates.
Tel: 905-828-8009
www.jgnkitchens.com
3600A Laird Road, Unit-2-4
Mississauga, ON, L5L 6A6
Email: info@jgnkitchens.com



Kulwant Singh Pannu
Sales Representative
416.276.1566
k.pannu@hotmail.com
Century 21
Century 21 Green Realty Inc., Brokerage
Bus: 905.565.9565
Fax: 905.565.9522
24 Hour Pager Service
151 Superior Blvd. Unit 19-21
Mississauga ON L5T 1L2
REALTOR
MLS
Buy Green, Build Green...Save Environment!!!
Each office is independently owned and operated.
Trademarks of AIRMILES International Trading B.V. used under license by Loyalty Management Group Canada Inc. and Century 21 Canada Ltd. Partnership

# ਕਿਉਂ ਕਰ ਰਹੇ ਹਨ ਪੰਜਾਬ ਦੇ ਕਿਸਾਨ ਖੁਦਕੁਸ਼ੀਆਂ ?



ਡਾ. ਸੁਖਪਾਲ ਸਿੰਘ
ਪ੍ਰੋਫੈਸਰ, ਪੀ.ਏ.ਯੂ., ਲੁਧਿਆਣਾ
ਸੰਪਰਕ: 98760-63523


*ਜਸਵੰਤ ਕੌਰ ਦੇ ਪੁੱਤਰਾਂ ਵੱਲੋਂ ਕਰਜ਼ਾ ਲਾਹੁਣ ਲਈ ਅੱਧਾ ਏਕੜ ਜ਼ਮੀਨ, ਮਸ਼ੀਨਰੀ ਅਤੇ ਖੇਤੀ ਦਾ ਸਮਾਨ ਵੇਚਣ ਦੇ ਬਾਵਜੂਦ ਉਨ੍ਹਾਂ ਸਿਰ ਲਗਪਗ ਸਾਢੇ ਚਾਰ ਲੱਖ ਰੁਪਏ ਦਾ ਬੈਂਕਾਂ ਅਤੇ ਸ਼ਾਹੂਕਾਰਾਂ ਦਾ ਕਰਜ਼ਾ ਖੜ੍ਹਾ ਸੀ। ਜੁਗਰਾਜ ਸਿੰਘ ਦੀ ਮੌਤ ਹੋ ਗਈ ਅਤੇ ਜਗਤਾਰ ਸਿੰਘ ਹਸਪਤਾਲ ਵਿੱਚ ਜ਼ਿੰਦਗੀ-ਮੌਤ ਨਾਲ ਜੂਝ ਰਿਹਾ ਹੈ। ਹੁਣ ਨਾ ਕੋਈ ਸਾਧਨ ਅਤੇ ਨਾ ਹੀ ਕਮਾਊ ਬੰਦਾ ਆਖਰ ਕੀਹਦੇ ਆਸਰੇ ਕੱਟੇਗੀ ਦਿਨ ਜਸਵੰਤ ਕੌਰ? ਇਹ ਕਹਾਣੀ ਇੱਕ ਪਿੰਡ ਦੀ ਨਹੀਂ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਦੀ ਹੈ।*



ਮਾਨਸਾ ਜ਼ਿਲੇ ਦੇ ਪਿੰਡ ਹਸਨਪੁਰ ਦੀ ਲਗਪਗ ਪੰਜਾਹ ਸਾਲ ਦੀ ਔਰਤ ਜਸਵੰਤ ਕੌਰ ਉਪਰ ਕਹਿਰ ਢਹਿ ਰਿਹਾ ਹੈ। ਉਸ ਦੇ ਦੋਨੋਂ ਪੁੱਤਰਾਂ ਜੁਗਰਾਜ ਸਿੰਘ ਅਤੇ ਜਗਤਾਰ ਸਿੰਘ ਨੇ ਆਰਥਿਕ ਸੰਕਟ ਅਤੇ ਕਰਜ਼ੇ ਦਾ ਬੋਝ ਨਾ ਝਲਦੇ ਹੋਏ ਪਿਛਲੇ ਦਿਨੀਂ ਆਤਮ ਹੱਤਿਆ ਕਰਨ ਦਾ ਰਸਤਾ ਅਖਤਿਆਰ ਕਰ ਲਿਆ। ਇਸ ਦੁਖੀ ਔਰਤ ਦਾ ਪਤੀ ਲਾਲ ਸਿੰਘ ਆਪਣੀ ਪੰਜ ਏਕੜ ਜ਼ਮੀਨ ਵਿੱਚੋਂ ਡੇਢ ਏਕੜ ਜ਼ਮੀਨ ਵੇਚਣ ਤੋਂ ਬਾਅਦ ਕਰਜ਼ੇ ਦੀ ਮਾਰ ਨਾ ਸਹਾਰਦਾ ਹੋਇਆ ਸੰਨ 2001 ਵਿੱਚ ਆਤਮ ਹੱਤਿਆ ਕਰ ਗਿਆ ਸੀ। ਘਰ ਦੇ ਮੁੱਖ ਕਮਾਊ ਵਿਅਕਤੀ ਦੇ ਤੁਰ ਜਾਣ ਤੋਂ ਬਾਅਦ ਪਰਿਵਾਰ ਦਾ ਸੰਤਾਪ ਹੋਰ ਵੀ ਡੂੰਘਾ ਹੋਣਾ ਸੁਭਾਵਿਕ ਸੀ। ਹੁਣ ਜਸਵੰਤ ਕੌਰ ਦੇ ਪੁੱਤਰਾਂ ਵੱਲੋਂ ਕਰਜ਼ਾ ਲਾਉਣ ਲਈ ਅੱਧਾ ਏਕੜ ਜ਼ਮੀਨ, ਮਸ਼ੀਨਰੀ ਅਤੇ ਖੇਤੀ ਦਾ ਸਮਾਨ ਵੇਚਣ ਦੇ ਬਾਵਜੂਦ ਉਨ੍ਹਾਂ ਸਿਰ ਲਗਪਗ ਸਾਢੇ ਚਾਰ ਲੱਖ ਰੁਪਏ ਦਾ ਬੈਂਕਾਂ ਅਤੇ ਸ਼ਾਹੂਕਾਰਾਂ ਦਾ ਕਰਜ਼ਾ ਖੜ੍ਹਾ ਸੀ। ਜੁਗਰਾਜ ਸਿੰਘ ਦੀ ਮੌਤ ਹੋ ਗਈ ਅਤੇ ਜਗਤਾਰ ਸਿੰਘ ਹਸਪਤਾਲ ਵਿੱਚ ਜ਼ਿੰਦਗੀ-ਮੌਤ ਨਾਲ ਜੂਝ ਰਿਹਾ ਹੈ। ਹੁਣ ਨਾ ਕੋਈ ਸਾਧਨ ਅਤੇ ਨਾ ਹੀ ਕਮਾਊ ਬੰਦਾ ਆਖਰ ਕੀਹਦੇ ਆਸਰੇ ਕੱਟੇਗੀ ਦਿਨ ਜਸਵੰਤ ਕੌਰ? ਇਹ ਕਹਾਣੀ ਇੱਕ ਪਿੰਡ ਦੀ ਨਹੀਂ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਦੀ ਹੈ।

ਖੁਦਕੁਸ਼ੀ ਬਹੁਤ ਹੌਲਨਾਕ ਅਤੇ ਦੁਖਦਾਈ ਘਟਨਾ ਹੁੰਦੀ ਹੈ। ਕੋਈ ਵਿਅਕਤੀ ਆਪਣੀ ਜੀਵਨ-ਲੀਲਾ ਨੂੰ ਖਤਮ ਕਰਨ ਬਾਰੇ ਉਦੋਂ ਹੀ ਸੋਚਦਾ ਹੈ ਜਦੋਂ ਉਹ ਆਪਣੇ ਆਪ ਨੂੰ ਚਾਰੋਂ ਤਰਫ਼ ਘਿਰਿਆ ਹੋਇਆ ਮਹਿਸੂਸ ਕਰਦਾ ਹੈ ਅਤੇ ਉਸ ਨੂੰ ਆਪਣੀ ਜ਼ਿੰਦਗੀ ਇੱਕ ਕਾਲੀ-ਬੋਲੀ ਰਾਤ ਵਿੱਚ ਗੁਆਚ ਗਈ ਪ੍ਰਤੀਤ ਹੁੰਦੀ ਹੈ ਜਿਸ ਨੂੰ ਕਿਸੇ ਪਾਸਿਓਂ ਵੀ ਰੋਸ਼ਨੀ ਦੀ ਕੋਈ ਵੀ ਕਿਰਨ ਦਿਖਾਈ ਨਹੀਂ ਦਿੰਦੀ। ਖੁਦਕੁਸ਼ੀ ਦੇ ਵਰਤਾਰੇ ਬਾਰੇ ਸਮਾਜ-ਸ਼ਾਸਤਰ ਵਿਚ ਦੋ ਮੁੱਖ ਧਾਰਨਾਵਾਂ ਪ੍ਰਚੱਲਤ ਹਨ ਜਿਹੜੀਆਂ ਸਿਗਮੰਡ ਫਰਾਇਡ ਅਤੇ ਈ. ਦੁਰਖਾਇਮ ਵਲੋਂ ਦਿੱਤੀਆਂ ਗਈਆਂ ਹਨ। ਜਿਥੇ ਫਰਾਇਡ ਖੁਦਕੁਸ਼ੀ ਨੂੰ ਮਨੋ-ਵਿਗਿਆਨਕ ਕਾਰਨਾਂ ਕਰਕੇ ਵਾਪਰਿਆ ਵਰਤਾਰਾ ਦੱਸਦਾ ਹੈ, ਉਥੇ ਦੁਰਖਾਇਮ ਇਸ ਘਟਨਾ ਨੂੰ ਸਮਾਜਿਕ ਤੱਤਾਂ ਨਾਲ ਜੋੜਕੇ ਵੇਖਦਾ ਹੈ। ਭਾਵੇਂ ਖੁਦਕੁਸ਼ੀ ਕਰਨਾ ਇੱਕ ਗੁੰਝਲਦਾਰ ਵਰਤਾਰਾ ਹੈ ਪ੍ਰੰਤੂ ਭਾਰਤ ਦੇ ਦਿਹਾਤੀ ਖੇਤਰਾਂ ਵਿਚ ਹੋਈਆਂ ਖੁਦਕੁਸ਼ੀਆਂ ਸਬੰਧੀ ਤਿਆਰ ਕੀਤੀਆ ਖੋਜ਼ ਰਿਪੋਰਟਾਂ ਇਸ ਗੱਲ ਦੀ ਹਾਮੀ ਭਰਦੀਆਂ ਹਨ ਕਿ ਇਨ੍ਹਾਂ ਖੁਦਕੁਸ਼ੀਆਂ ਪਿੱਛੇ ਮੁੱਖ ਰੂਪ ਵਿੱਚ ਆਰਥਿਕ ਤੱਤ ਹੀ ਹਾਵੀ ਹਨ। ਇਹ ਆਰਥਿਕ ਕਾਰਨ ਹੀ ਹਨ ਜਿਹੜੇ ਖੁਦਕੁਸ਼ੀਆਂ ਦੇ ਮਨੋਵਿਗਿਆਨਕ ਅਤੇ ਸਮਾਜਿਕ ਤੱਤਾਂ ਨੂੰ ਉਤਸਾਹਤ ਕਰਦੇ ਹਨ।

ਸਮਾਜ ਵਿੱਚ ਇੱਕਾ-ਦੁੱਕਾ ਖੁਦਕੁਸ਼ੀਆਂ ਕਰਨ ਦਾ ਇਤਿਹਾਸ ਤਾਂ ਕਾਫ਼ੀ ਪੁਰਾਣਾ ਹੈ। ਲੇਕਿਨ ਭਾਰਤ ਵਿੱਚ ਵੱਡੇ ਪੱਧਰ ਤੇ ਖੁਦਕੁਸ਼ੀਆਂ ਦਾ ਰੁਝਾਨ ਨਵੀਆਂ ਆਰਥਿਕ ਨੀਤੀਆਂ ਦੇ ਲਾਗੂ ਹੋਣ ਤੋਂ ਬਾਅਦ 1990ਵਿਆਂ ਦੇ ਮੱਧ 'ਚ ਹੀ ਵੇਖਣ ਨੂੰ ਮਿਲਦਾ ਹੈ। ਕੌਮੀ ਅਪਰਾਧ ਰਿਕਾਰਡ ਬਿਓਰੋ ਅਨੁਸਾਰ ਭਾਰਤ ਵਿੱਚ 1997 ਵਿੱਚ 95829 ਲੋਕਾਂ ਨੇ ਖੁਦਕੁਸ਼ੀਆਂ ਕੀਤੀਆਂ ਜਿਨ੍ਹਾਂ ਵਿਚੋ 13622 (14.2 ਪ੍ਰਤੀਸ਼ਤ) ਕਿਸਾਨ ਸਨ। ਇਸੇ ਤਰ੍ਹਾਂ 1998 ਵਿੱਚ 104713 ਵਿਅਕਤੀਆਂ ਨੇ, 1999 ਵਿੱਚ 110587, 2000 ਵਿੱਚ 108593 ਅਤੇ 2001 ਵਿੱਚ 108506 ਵਿਅਕਤੀਆਂ ਨੇ ਖੁਦਕੁਸ਼ੀਆਂ ਕੀਤੀਆਂ ਜਿਨ੍ਹਾਂ ਵਿੱਚੋਂ ਕਿਸਾਨਾਂ ਦੁਆਰਾ ਕੀਤੀਆਂ ਖੁਦਕੁਸ਼ੀਆਂ ਲਗਪਗ 15 ਪ੍ਰਤੀਸ਼ਤ ਸਨ। ਇਸ ਤੋਂ ਪਿੱਛੋਂ 2002 ਵਿੱਚ 110417 ਵਿਅਕਤੀਆਂ ਨੇ, 2003 ਵਿਚ 110851, 2004 ਵਿੱਚ 113967, 2005 ਵਿਚ 113914 ਅਤੇ 2006 ਵਿਚ 118112 ਵਿਅਕਤੀਆਂ ਨੇ ਖੁਦਕੁਸ਼ੀਆਂ ਕੀਤੀਆ ਜਿਨ੍ਹਾਂ ਵਿੱਚੋਂ ਲਗਪਗ 16 ਪ੍ਰਤੀਸ਼ਤ ਖੁਦਕੁਸ਼ੀਆਂ ਕਿਸਾਨਾਂ ਦੁਆਰਾਂ ਕੀਤੀਆਂ ਗਈਆਂ ਸਨ। ਇਸੇ ਤਰ੍ਹਾਂ ਕਿਸਾਨ ਖੁਦਕਸ਼ੀਆਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਗਿਆ। ਖੁਦਕੁਸ਼ੀਆਂ ਦੀ ਔਸਤਨ ਗਿਣਤੀ 1995 ਤੋਂ 2000 ਤੱਕ 14462 ਸਾਲਾਨਾ ਤੋਂ ਵਧ ਕੇ 2001 ਤੋਂ 2011 ਤੱਕ 16743 ਸਾਲਾਨਾ ਹੋ ਗਈ। ਪਿਛਲੇ 18 ਸਾਲਾਂ ਦੌਰਾਨ ਭਾਰਤ 'ਚ 2,84,694 ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ। ਇਸੇ ਤਰ੍ਹਾਂ 2001 ਤੋਂ ਬਾਅਦ ਰੋਜ਼ਾਨਾ 46 ਕਿਸਾਨ ਭਾਵ ਹਰ ਅੱਧੇ ਘੰਟੇ ਬਾਅਦ ਇੱਕ ਕਿਸਾਨ ਖੁਦਕੁਸ਼ੀ ਕਰ ਲੈਂਦਾ ਹੈ। ਕਿਸਾਨਾਂ ਵਿਚ ਖੁਦਕੁਸ਼ੀਆਂ ਦੀ ਦਰ ਬਾਕੀ ਵਸੋਂ ਨਾਲੋਂ ਕਿਤੇ ਵੱਧ ਹੈ ਜਿੱਥੇ ਆਮ ਵਸੋਂ ਇੱਕ ਲੱਖ ਪਿਛੇ 10.6 ਵਿਅਕਤੀ ਖੁਦਕੁਸ਼ੀ ਕਰਦੇ ਹਨ ਉਥੇ ਕਿਸਾਨਾਂ ਵਿੱਚ ਇਹ ਵਰਤਾਰਾ ਇੱਕ ਲੱਖ ਪਿੱਛੇ 15.8 ਖੁਦਕੁਸ਼ੀਆਂ ਦਾ ਹੈ।




ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਹੋਈਆਂ ਖੁਦਕੁਸ਼ੀਆਂ ਤੋਂ ਪਤਾ ਲਗਦਾ ਹੈ ਕਿ ਇਹ ਵਰਤਾਰਾ ਲਗਪਗ ਸਾਰੇ ਹੀ ਸੂਬਿਆ ਵਿਚ ਪਾਇਆ ਜਾਂਦਾ ਹੈ। ਸਾਲ 2012 ਦੌਰਾਨ ਹੋਈਆਂ ਕਿਸਾਨ ਖੁਦਕੁਸ਼ੀਆਂ ਦੇ ਹਿਸਾਬ ਨਾਲ ਅਸੀਂ ਇਨਾਂ ਰਾਜਾਂ ਨੂੰ ਤਿੰਨ ਹਿੱਸਿਆਂ ਵਿਚ ਵੰਡਦੇ ਹਨ। ਪਹਿਲੇ ਗਰੁੱਪ ਵਿਚ ਮਹਾਰਾਸ਼ਟਰ, ਆਧਰਾਂ ਪ੍ਰਦੇਸ਼, ਕਰਨਾਟਕ, ਮੱਧ ਪ੍ਰਦੇਸ਼ ਅਤੇ ਕੇਰਲਾ ਰਾਜ ਆਉਂਦੇ ਹਨ। ਸਾਰੀਆਂ ਕਿਸਾਨ ਖੁਦਕੁਸ਼ੀਆਂ ਦਾ ਲਗਪਗ 76 ਪ੍ਰਤੀਸ਼ਤ ਇਨ੍ਹਾਂ ਪੰਜ ਰਾਜਾਂ ਵਿੱਚ ਵਾਪਰਿਆ ਹੈ। ਦੂਸਰੇ ਗਰੁੱਪ ਵਿੱਚ ਉਤਰ ਪ੍ਰਦੇਸ਼, ਗੁਜਰਾਤ, ਤਾਮਿਲਨਾਡੂ, ਆਸਾਮ, ਹਰਿਆਣਾ, ਰਾਜਸਥਾਨ, ਉੜੀਸਾ ਅਤੇ ਝਾਰਖੰਡ ਆਉਂਦੇ ਹਨ, ਜਿਨ੍ਹਾਂ ਵਿਚ ਕੁੱਲ ਕਿਸਾਨ ਖੁਦਕੁਸ਼ੀਆਂ ਦਾ 22 ਪ੍ਰਤੀਸ਼ਤ ਵਾਪਰਿਆ ਹੈ, ਇਸੇ ਤਰ੍ਹਾਂ ਤੀਸਰੇ ਗਰੁੱਪ ਵਿਚ ਪੰਜਾਬ ਸਮੇਤ ਬਾਕੀ ਰਾਜਾਂ 'ਚ 2 ਪ੍ਰਤੀਸ਼ਤ ਕਿਸਾਨ ਖੁਦਕੁਸ਼ੀਆਂ ਹੋਈਆਂ ਹਨ।

ਉਪਰੋਕਤ ਵਿਸ਼ਲੇਸ਼ਣ ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆ 'ਤੇ ਅਧਾਰਤ ਕੀਤਾ ਗਿਆ ਹੈ।ਪਰ ਯੂਨੀਵਰਸਿਟੀਆਂ ਅਤੇ ਹੋਰ ਖੋਜ ਸੰਸਥਾਵਾਂ ਦੁਆਰਾ ਤਿਆਰ ਕੀਤੀਆਂ ਰਿਪੋਰਟਾਂ ਦਰਸਾਉਦੀਆਂ ਹਨ ਕਿ ਵੱਖ-ਵੱਖ ਰਾਜਾਂ 'ਚ ਖੁਦਕੁਸ਼ੀਆਂ ਦੀ ਗਿਣਤੀ ਇਸ ਨਾਲੋਂ ਕਿਤੇ ਵੱਧ ਹੈ ਜਿਵੇਂ ਕਿ ਪੰਜਾਬ ਨੂੰ ਸਭ ਤੋਂ ਘੱਟ ਖੁਦਕੁਸ਼ੀਆਂ ਵਾਲੇ ਗਰੁੱਪ ਵਿੱਚ ਮੰਨਿਆ ਗਿਆ ਹੈ। ਪ੍ਰੰਤੂ ਪੰਜਾਬ ਦੀਆਂ ਤਿੰਨ ਯੂਨੀਵਰਸਟੀਆਂ ਦੇ ਸਰਵੇ ਤੋਂ ਸਾਫ਼ ਹੈ ਕਿ ਇਥੇ 2000-2011 ਦੌਰਾਨ 6926 ਵਿਅਕਤੀਆਂ ਨੇ ਆਪਣੀ ਜਿੰਦਗੀ ਤੋਂ ਹੱਥ ਧੋ ਲਏ ਹਨ ਜਿਨ੍ਹਾਂ ਵਿੱਚੋਂ 3954 ਕਿਸਾਨ ਅਤੇ 2972 ਮਜ਼ਦੂਰ ਸਨ। ਇਨ੍ਹਾਂ ਖੁਦਕੁਸ਼ੀਆਂ ਦੇ ਸ਼ਿਕਾਰ ਜ਼ਿਆਦਾਤਰ ਉਹ ਕਿਸਾਨ ਸਨ ਜਿਨ੍ਹਾਂ ਕੋਲ 5 ਏਕੜ ਤੋਂ ਘੱਟ ਜ਼ਮੀਨ ਸੀ। ਕਰਜ਼ੇ ਦੀ ਭਾਰੀ ਪੰਡ 74.4 ਪ੍ਰਤੀਸ਼ਤ ਕਿਸਾਨਾਂ ਦੀ ਅਤੇ 58.6 ਪ੍ਰਤੀਸ਼ਤ ਮਜ਼ਦੂਰਾਂ ਦੀ ਖੁਦਕੁਸ਼ੀ ਦਾ ਕਾਰਨ ਬਣੀ ਹੈ।

ਕਿਸਾਨਾਂ ਦੇ ਖੁਦੁਕੁਸ਼ੀਆ ਦੇ ਰਸਤੇ ਪੈਣ ਦੇ ਕਈ ਕਾਰਨ ਹਨ। ਸਭ ਤੋਂ ਪਹਿਲਾਂ ਕਾਰਨ ਹੈ, ਖੇਤੀ ਦੀਆਂ ਲਾਗਤਾਂ ਵਿੱਚ ਵਿੱਚ ਵਾਧਾ ਹੋਣਾ ਅਤੇ ਇਸ ਦੇ ਮੁਕਾਬਲੇ ਫ਼ਸਲਾਂ ਦੀਆਂ ਕੀਮਤਾਂ ਵਿੱਚ ਖੜੋਤ ਆ ਜਾਣੀ। ਕੇਂਦਰ ਸਰਕਾਰ ਵੱਲੋਂ ਘੱਟੋ ਘੱਟ ਸਹਾਇਕ ਮੁੱਲ ਨਾ ਮਾਤਰ ਵਧਾਉਣ ਅਤੇ ਅੰਤਰ-ਰਾਸਟਰੀ ਮੰਡੀ ਵਿੱਚ ਫਸਲਾਂ ਦੀਆਂ ਕੀਮਤਾਂ ਦੇ ਘਟਣ ਕਰਕੇ 2001 ਤੋਂ 2005 ਤੱਕ ਕਣਕ ਅਤੇ ਝੋਨੇ ਦੀਆਂ ਘੱਟੋ-ਘੱਟ ਸਹਾਇਕ ਕੀਮਤਾਂ ਵਿਚ ਖੜੋਤ ਰਹੀ ਹੈ ਜਿਸ ਨਾਲ ਕਣਕ ਦੀਆਂ ਕੀਮਤਾਂ ਵਿੱਚ ਵਾਧਾ ਸਿਰਫ਼ 1.5 ਪ੍ਰਤੀਸ਼ਤ ਸਲਾਨਾ ਅਤੇ ਝੋਨੇ ਦੀਆਂ ਕੀਮਤਾਂ ਵਿੱਚ ਵਾਧਾ 2.5 ਪ੍ਰਤੀਸ਼ਤ ਸਲਾਨਾ ਹੋਇਆ ਜਦੋਂ ਕਿ ਇਸੇ ਸਮੇਂ ਦੌਰਾਨ ਇਨ੍ਹਾਂ ਫ਼ਸਲਾਂ ਦੀਆਂ ਲਾਗਤਾਂ ਵਿੱਚ ਵਾਧਾ ਲਗਪਗ 7 ਤੋਂ 9 ਪ੍ਰਤੀਸ਼ਤ ਸਲਾਨਾ ਹੋਇਆ। ਅਸਲ ਵਿੱਚ ਦੇਸੀ-ਵਿਦੇਸ਼ੀ ਕੰਪਨੀਆਂ ਦੀ ਖੇਤੀ ਲਾਗਤਾਂ ਉਪਰ ਇਜਾਰੇਦਾਰੀ ਹੈ। ਇਹ ਕੰਪਨੀਆਂ ਟਰੈਕਟਰ, ਕੰਬਾਈਨਾਂ, ਹੋਰ ਖੇਤੀ ਸੰਦਾਂ ਅਤੇ ਖੇਤੀ ਰਸਾਇਣਾਂ ਦੀਆਂ ਕੀਮਤਾਂ ਆਪ ਮਿਥਦੀਆਂ ਹਨ ਅਤੇ ਇਨ੍ਹਾਂ ਉੱਪਰ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੈ। ਇਸੇ ਕਰਕੇ ਖੇਤੀ ਖਰਚੇ ਕਿਸਾਨੀ ਦੇ ਵੱਸੋਂ ਬਾਹਰ ਹੋ ਰਹੇ ਹਨ ਅਤੇ ਮੁਨਾਫ਼ਾ ਲਗਾਤਰ ਘੱਟਦਾ ਜਾ ਰਿਹਾ ਹੈ। ਇਸ ਤੋਂ ਵੀ ਅੱਗੇ ਫ਼ਸਲ ਦੇ ਫੇਲ੍ਹ ਹੋ ਜਾਣ ਜਾਂ ਕਿਸੇ ਕੁਦਰਤੀ ਕਾਰਨ ਜਾਂ ਬਿਮਾਰੀ ਕਾਰਨ ਝਾੜ ਘਟ ਜਾਣ ਕਾਰਨ ਕਿਸਾਨਾਂ ਦਾ ਸੰਕਟ ਹੋਰ ਡੂੰਘਾ ਹੋ ਜਾਂਦਾ ਹੈ। ਜਿਵੇਂ ਅਮਰੀਕਨ ਸੁੰਡੀ ਅਤੇ ਬੀਮਾਰੀਆਂ ਦੇ ਹਮਲੇ ਨਾਲ 1997 ਤੋਂ 2003 ਦੌਰਾਨ ਨਰਮੇ ਦੀ ਫ਼ਸਲ ਲਗਾਤਾਰ ਤਬਾਹ ਹੁੰਦੀ ਰਹੀ। ਪ੍ਰਾਈਵੇਟ ਡੀਲਰਾਂ ਵੱਲੋਂ ਦਿੱਤੀਆਂ ਨਕਲੀ ਦਵਾਈਆਂ ਅਤੇ ਘਟੀਆਂ ਬੀਜਾਂ ਨੇ ਕਿਸਾਨਾਂ ਦੀ ਆਰਥਿਕਤਾ ਖੇਤੀ ਖਰਚੇ ਵਧਾ ਕੇ ਕਿਸਾਨਾਂ ਦੀ ਆਰਥਿਕ ਦਸ਼ਾ ਨੂੰ ਹੋਰ ਵੀ ਵਿਗਾੜ ਦਿੱਤਾ।

ਪੰਜਾਬ 'ਚ ਖੁਦਕੁਸ਼ੀਆਂ ਦਾ ਦੂਜਾ ਕਾਰਨ ਇਹ ਹੈ ਕਿ ਇਥੋਂ ਦੀ ਕਿਸਾਨੀ ਬੈਂਕਾਂ ਅਤੇ ਆੜ੍ਹਤੀਆਂ ਦੇ ਕਰਜ਼ੇ ਦੀ ਜਕੜ ਵਿਚ ਫਸੀ ਹੋਈ ਹੈ। ਪੰਜਾਬ ਦੀ ਕਿਸਾਨੀ ਸਿਰ ਕਰਜਾ 1997 ਵਿੱਚ 5700 ਕਰੋੜ ਰੁਪਏ ਤੋਂ ਵੱਧ ਕੇ 2003 ਵਿੱਚ 9886 ਕਰੋੜ ਰੁਪਏ, 2006 ਵਿੱਚ 21064 ਕਰੋੜ ਰੁਪਏ ਅਤੇ ਹੁਣ 23000 ਕਰੋੜ ਰੁਪਏ ਹੋ ਗਿਆ ਹੈ।ਇਸ ਕਰਜ਼ੇ ਵਿੱਚ ਸਾਹੂਕਾਰਾਂ ਦਾ ਕਰਜ਼ਾ ਵੀ ਲਗਾਤਾਰ ਵਧਦਾ ਗਿਆ ਹੈ ਜਿਹੜਾ 1997 ਵਿੱਚ 2641 ਕਰੋੜ ਰੁਪਏ, 2003 ਵਿੱਚ 4997 ਕਰੋੜ ਰੁਪਏ, 2006 ਵਿੱਚ 6736 ਕਰੋੜ ਰੁਪਏ ਅਤੇ ਹੁਣ ਵੱਧ ਕੇ 9000 ਕਰੋੜ ਰੁਪਏ ਹੋ ਗਿਆ ਹੈ। ਕਿਸਾਨਾਂ ਦਾ 89 ਪ੍ਰਤੀਸ਼ਤ ਹਿੱਸਾ ਅਤੇ ਖੇਤ ਮਜਦੂਰਾਂ ਦਾ 72 ਪ੍ਰਤੀਸ਼ਤ ਹਿੱਸਾ ਕਰਜ਼ੇ ਦੀ ਮਾਰ ਥੱਲੇ ਹੈ। ਜਿਹੜੇ 11 ਪ੍ਰਤੀਸ਼ਤ ਕਿਸਾਨ ਪਰਿਵਾਰ ਕਰਜ਼ੇ ਦੀ ਮਾਰ ਤੋਂ ਬਚੇ ਹੋਏ ਹਨ, ਉਨ੍ਹਾਂ ਕੋਲ ਖੇਤੀ ਤੋਂ ਇਲਾਵਾ ਹੋਰ ਆਮਦਨ ਦੇ ਸਾਧਨ ਵੀ ਹਨ। ਜੇਕਰ ਕਰਜ਼ੇ ਅਤੇ ਆਮਦਨ ਦੇ ਸਬੰਧ ਨੂੰ ਵੇਖਿਆ ਜਾਵੇ ਤਾਂ ਸਪਸਟ ਹੁੰਦਾ ਹੈ ਕਿ ਕਿਸਾਨੀ ਦੀ ਛੋਟੀਆਂ ਪਰਤਾਂ ਦੀ ਆਮਦਨ ਇੰਨੀ ਘੱਟ ਹੈ ਕਿ ਉਹ ਆਪਣੇ ਕਰਜ਼ੇ ਦੇ ਵਿਆਜ ਨੂੰ ਮੋੜਨ ਤੋਂ ਵੀ ਅਸਮਰਥ ਹਨ।




ਸੂਬੇ ਦੇ 19 ਪ੍ਰਤੀਸ਼ਤ ਕਿਸਾਨਾਂ ਸਿਰ ਕਰਜ਼ੇ ਦਾ ਬੋਝ ਉਨ੍ਹਾਂ ਦੀ ਇਕ ਸਾਲ ਦੀ ਆਮਦਨ ਤੋਂ ਵੱਧ ਹੈ। ਇਸ ਤੋਂ ਅਗਲੇ 7 ਪ੍ਰਤੀਸ਼ਤ ਕਿਸਾਨਾਂ ਦਾ ਕਰਜ਼ਾ ਉਨ੍ਹਾਂ ਦੀ ਦੋ ਸਾਲ ਦੀ ਆਮਦਨ ਤੋਂ ਵੀ ਵੱਧ ਹੈ। ਇਸ ਹਿੱਸੇ ਵਿੱਚ ਸੀਮਾਂਤਕ ਕਿਸਾਨਾਂ ਦਾ 25 ਪ੍ਰਤੀਸ਼ਤ ਅਤੇ ਛੋਟੇ ਕਿਸਾਨਾਂ ਦਾ ਲਗਪਗ 12 ਪ੍ਰਤੀਸ਼ਤ ਹਿੱਸਾ ਆਉਂਦਾ ਹੈ। ਆਰਥਕ ਤੌਰ ਤੇ ਟੁੱਟੀ ਅਤੇ ਕਰਜ਼ੇ ਦੀ ਭੰਨੀ ਛੋਟੀ ਕਿਸਾਨੀ ਖੇਤੀ ਵਿਚੋਂ ਕਿਨਾਰਾ ਕਰ ਰਹੀ ਹੈ। ਕਰਜ਼ੇ ਦੀ ਪੰਡ ਦਾ ਬੋਝ ਨਾ ਸਹਾਰਦੀ ਹੋਈ ਕਿਸਾਨੀ ਅੱਜ ਗਹਿਣੇ, ਖੇਤੀ ਦੇ ਸੰਦ, ਪਸ਼ੂ ਅਤੇ ਹੋਰ ਸਮਾਨ ਹੀ ਨਹੀਂ ਵੇਚ ਰਹੀ ਸਗੋਂ ਆਪਣੀ ਜ਼ਮੀਨ ਵੀ ਵੇਚਣ ਲਈ ਮਜਬੂਰ ਹੋ ਰਹੀ ਹੈ। ਖੇਤੀ ਛੱਡਣ ਵਾਲੇ ਕਿਸਾਨਾਂ ਵਿਚੋਂ 36 ਪ੍ਰਤੀਸਤ ਕਿਸਾਨ ਆਪਣੀ ਸਾਰੀ ਜ਼ਮੀਨ ਵੇਚ ਚੁੱਕੇ ਹਨ, 12 ਪ੍ਰਤੀਸ਼ਤ ਕਿਸਾਨ ਨੇ ਆਪਣੀ ਜ਼ਮੀਨ ਦਾ ਕੁਝ ਹਿੱਸਾ ਵੇਚ ਦਿੱਤਾ ਹੈ ਅਤੇ ਬਾਕੀ ਕਿਸਾਨ ਆਪਣੀ ਜ਼ਮੀਨ ਨੂੰ ਠੇਕੇ ਤੇ ਦੇ ਕੇ ਕੁਝ ਹੋਰ ਧੰਦੇ ਕਰਨ ਲਈ ਹੱਥ ਪੱਲੇ ਮਾਰ ਰਹੀ ਹੈ। ਇੰਨਾ ਕੁੱਝ ਕਰਨ ਤੋਂ ਬਾਅਦ ਵੀ ਜਦੋਂ ਕਰਜ਼ੇ ਦਾ ਬੋਝ ਹਲਕਾ ਨਹੀਂ ਹੁੰਦਾ ਤਾਂ ਉਹ ਮਜਬੂਰਨ ਆਤਮ ਹੱਤਿਆ ਕਰਨ ਦਾ ਰਸਤਾ ਆਪਣਾਉਂਦੇ ਹਨ।

ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾ ਅਗਲਾ ਕਾਰਨ ਖੇਤੀ ਸੈਕਟਰ ਦੇ ਵਿਕਾਸ ਦੀ ਦਰ ਦਾ ਘਟਣਾ ਹੈ ਜਿਸ ਵਿੱਚ ਪਿਛਲੇ ਤਿੰਨ ਦਹਾਕਿਆਂ ਦੌਰਾਨ ਕਾਫ਼ੀ ਕਮੀ ਆਈ ਹੈ। 1980ਵਿਆਂ ਦੌਰਾਨ ਪੰਜਾਬ ਦੇ ਖੇਤੀ ਸੈਕਟਰ ਦੀ ਵਿਕਾਸ ਦਰ 2.28 ਪ੍ਰਤੀਸ਼ਤ ਸੀ ਜੋ 1990ਵਿਆਂ 'ਚ ਘੱਟਕੇ ਸਿਰਫ਼ 1.89 ਪ੍ਰਤੀਸ਼ਤ ਹੀ ਰਹਿ ਗਈ ਹੈ। ਸਾਫ਼ ਹੈ ਕਿ ਖੇਤੀਬਾੜੀ ਦੇ ਵਿਕਾਸ ਦਰ ਘਟਣ ਕਾਰਨ ਖੇਤੀ 'ਤੇ ਨਿਰਭਰ ਵਸੋਂ ਦੀ ਸ਼ੁੱਧ ਆਮਦਨ ਘਟ ਗਈ ਹੈ ਜਿਸ ਨਾਲ ਉਸ ਦੇ ਖਰਚ ਦੇ ਮੁਕਾਬਲੇ ਆਮਦਨ ਘੱਟ ਗਈ ਹੈ। ਨੈਸ਼ਨਲ ਸੈਂਪਲ ਸਰਵੇ ਸੰਗਠਨ (2005) ਦੇ ਅੰਕੜਿਆਂ ਅਨੁਸਾਰ ਸੀਮਾਂਤਕ ਕਿਸਾਨ (2.5 ਏਕੜ ਤੋਂ ਘੱਟ) ਦੀ ਆਮਦਨ 1617 ਰੁਪਏ ਮਹੀਨਾ ਹੈ ਜਦੋਂ ਕਿ ਇਨ੍ਹਾਂ ਦਾ ਖਰਚਾ 2453 ਰੁਪਏ ਮਹੀਨਾ ਹੈ । ਇਸੇ ਤਰ੍ਹਾਂ ਛੋਟੇ ਕਿਸਾਨਾਂ (2.5 ਤੋਂ 5 ਏਕੜ) ਦੀ ਆਮਦਨ 2493 ਰੁਪਏ ਮਹੀਨਾ ਹੈ ਜਦੋਂ ਕਿ ਇਨ੍ਹਾਂ ਦਾ ਖ਼ਰਚ 3148 ਰੁਪਏ ਮਹੀਨਾ ਹੈ। ਇਥੋਂ ਤੱਕ ਕਿ ਮੱਧ ਵਰਗ ਕਿਸਾਨ ਦੀ ਆਮਦਨ ਦਾ ਪੱਧਰ ਉਨ੍ਹਾਂ ਦੇ ਖ਼ਰਚ ਨਾਲੋਂ ਕੁਝ ਘੱਟ ਹੈ। ਇਸ ਦੇ ਉਲਟ ਵੱਡੇ ਕਿਸਾਨਾਂ ਦੀ ਆਮਦਨ ਦਾ ਪੱਧਰ ਉਹਨਾਂ ਦੇ ਖ਼ਰਚ ਨਾਲੋਂ ਲਗਪਗ ਡੇਢਾ ਹੈ। ਜਿਥੇ 25 ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਦੀ ਆਮਦਨ 9667 ਰੁਪਏ ਮਹੀਨਾ ਹੈ, ਉਥੇ ਇਨ੍ਹਾਂ ਦਾ ਖ਼ਰਚ ਸਿਰਫ਼ 6418 ਰੁਪਏ ਮਹੀਨਾ ਹੈ। ਸਪੱਸ਼ਟ ਹੈ ਕਿ ਸਮੁੱਚੀ ਕਿਸਾਨੀ ਘੱਟ ਆਮਦਨ ਕਰਕੇ ਸੰਕਟ ਵਿੱਚ ਫ਼ਸੀ ਹੋਈ ਹੈ।

ਇਸੇ ਤਰ੍ਹਾਂ ਸਿਹਤ ਸੇਵਾਵਾਂ ਅਤੇ ਵਿਦਿਆ ਦੇ ਨਿੱਜੀਕਰਨ ਨੇ ਕਿਸਾਨਾਂ ਦੇ ਖਰਚੇ ਵਧਾ ਦਿੱਤੇ ਹਨ ਅਤੇ ਰੋਜ਼ਮਰਾ ਲੋੜਾਂ ਦੀ ਮਹਿੰਗਾਈ ਨੇ ਕਿਸਾਨਾਂ ਦੀ ਹਾਲਤ ਹੋਰ ਵੀ ਤਰਸਯੋਗ ਬਣਾ ਦਿੱਤੀ ਹੈ। ਮਹਿੰਗੀ ਵਿੱਦਿਆ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋਣ ਕਰਕੇ ਕਿਸਾਨ ਅਤੇ ਹੋਰ ਪੇਂਡੂ ਤਬਕੇ ਆਪਣੇ ਬੱਚਿਆਂ ਨੂੰ ਚੰਗੀ ਵਿੱਦਿਆ ਨਹੀਂ ਦਿਵਾ ਸਕਦੇ ਜਿਸ ਕਾਰਨ ਉਨ੍ਹਾਂ ਦੇ ਬੱਚੇ ਰੁਜ਼ਗਾਰ ਦੇ ਮੌਕਿਆਂ ਤੋਂ ਬਾਂਝੇ ਹੋ ਰਹੇ ਹਨ। ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦੇ ਮਹਿੰਗੇ ਖਰਚੇ ਕਾਰਨ ਕਿਸਾਨੀ ਖੁੰਘਲ ਹੋ ਗਈ ਹੈ । ਖੇਤੀ ਆਰਥਿਕਤਾ 'ਚ ਪੂੰਜੀਵਾਦੀ ਕਦਰਾਂ ਕੀਮਤਾਂ ਦੇ ਭਾਰੂ ਹੋਣ ਨਾਲ ਪੇਂਡੂ ਭਾਈਚਾਰੇ ਦੀਆਂ ਤੰਦਾਂ ਕਮਜ਼ੋਰ ਹੋ ਗਈਆਂ ਜਿਸ ਕਰਕੇ ਭਾਈਚਾਰਕ ਹਮਦਰਦੀ ਅਤੇ ਸਮਾਜਿਕ ਮਦਦ ਵਾਲਾ ਢਾਂਚਾ ਖੇਰੂੰ-ਖੇਰੂੰ ਹੋ ਗਿਆ ਹੈ। ਜਿਸ ਨਾਲ ਕਿਸਾਨ ਸਮਾਜ ਤੋਂ ਟੁੱਟਿਆ ਹੋਇਆ ਮਹਿਸੂਸ ਕਰਨ ਲੱਗ ਪਿਆ । ਇਸ ਸਰਵਪੱਖੀ ਆਰਥਿਕ-ਸਮਾਜਿਕ ਸੰਕਟ ਨੇ ਸਮੁੱਚੇ ਦੇਸ਼ ਅੰਦਰ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਵੱਲ ਧੱਕ ਦਿੱਤਾ।

ਕਿਸਾਨ ਖੁਦਕੁਸ਼ੀਆਂ ਦਾ ਹੱਲ ਕਰਨ ਲਈ ਸਭ ਤੋਂ ਪਹਿਲਾ ਕਿਸਾਨਾਂ ਸਿਰ ਕਰਜੇ ਦਾ ਬੋਝ ਘਟਾਉਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਕਰਜ਼ੇ ਦੀ ਵਾਪਸੀ ਲਈ ਇਸ ਕਰਜ਼ੇ ਨੂੰ ਲੰਬੇ ਸਮੇਂ ਦੇ ਕਰਜ਼ੇ ਵਿਚ ਤਬਦੀਲ ਕਰ ਦੇਵੇ ਅਤੇ ਇਸ ਕਰਜ਼ੇ ਨੂੰ ਬਿਨਾਂ ਕਿਸੇ ਵਿਆਜ਼ ਤੋਂ ਆਸਾਨ ਕਿਸ਼ਤਾਂ ਵਿੱਚ ਵਾਪਸ ਲਿਆ ਜਾਵੇ। ਇਸੇ ਤਰ੍ਹਾਂ ਆੜ੍ਹਤੀਆਂ ਦੇ ਕਰਜ਼ੇ ਦੇ ਹੱਲ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਆੜ੍ਹਤੀਆਂ ਤੋਂ ਕਿਸਾਨਾਂ ਦੇ ਕਰਜ਼ੇ ਦਾ ਹਿਸਾਬ-ਕਿਤਾਬ ਮੰਗੇ। ਕਿਸਾਨਾਂ ਨੂੰ ਲੰਬੇ ਸਮੇਂ ਦਾ ਸਰਕਾਰੀ ਕਰਜ਼ਾ ਮੁਹੱਈਆ ਕੀਤਾ ਜਾਵੇ ਅਤੇ ਇਸ ਪੈਸੇ ਨਾਲ਼ ਆੜ੍ਹਤੀਆਂ ਦੇ ਕਰਜ਼ੇ ਵਾਪਸ ਕੀਤੇ ਜਾਣ ਅਤੇ ਕਿਸਾਨਾਂ ਤੋਂ ਲੰਬੇ ਸਮੇਂ ਵਿੱਚ ਬਿਨਾਂ ਵਿਆਜ਼ ਆਸਾਨ ਕਿਸ਼ਤਾਂ 'ਤੇ ਕਰਜਾ ਵਾਪਸ ਲਿਆ ਜਾਵੇ। ਇਸ ਸਬੰਧ ਵਿੱਚ ਬੈਂਕਾਂ ਦੀ 'ਕਰਜ਼ਾ ਤਬਾਦਲਾ' ਸਕੀਮ ਨੂੰ ਕੁਸ਼ਲ ਬਣਾਇਆ ਜਾਵੇ। ਅੱਗੇ ਵਾਸਤੇ ਆੜ੍ਹਤੀ ਪ੍ਰਬੰਧ ਨੂੰ ਖ਼ਤਮ ਕੀਤਾ ਜਾਵੇ ਅਤੇ ਵਿੱਤੀ ਲੈਣ-ਦੇਣ ਦਾ ਕੰਮ ਬੈਂਕਾਂ, ਮਾਰਕਫੈੱਡ ਅਤੇ ਹੋਰ ਸਹਿਕਾਰੀ ਅਦਾਰਿਆਂ ਰਾਹੀਂ ਕੀਤਾ ਜਾਵੇ। ਕਿਸਾਨਾਂ ਦੇ ਉਹ ਪਰਿਵਾਰ ਜਿਨ੍ਹਾਂ ਸਿਰ ਕਰਜ਼ੇ ਦੀ ਪੰਡ ਦਾ ਭਾਰ ਉਨ੍ਹਾਂ ਦੀ ਦੋ ਸਾਲਾਂ ਦੀ ਆਮਦਨ ਤੋਂ ਵੀ ਵੱਧ ਹੋਵੇ, ਉਨ੍ਹਾਂ ਨੂੰ ਕਰਜ਼ਾ ਮਾਫ਼ੀ ਦਾ ਵਿਸ਼ੇਸ਼ ਪੈਕੇਜ ਦਿੱਤਾ ਜਾਵੇ। ਇਸੇ ਤਰ੍ਹਾਂ 5 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਵਿਸ਼ੇਸ਼ ਸਬਸਿਡੀਆਂ ਦਿੱਤੀਆਂ ਜਾਣ। ਵੱਡੇ ਕਿਸਾਨਾਂ ਕੋਲ ਜਿਆਦਾ ਜ਼ਮੀਨ ਹੋਣ ਕਰਕੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਬਸਿਡੀਆਂ ਜਾਂ ਸਹੂਲਤਾਂ ਦਾ ਜ਼ਿਆਦਾ ਫਾਇਦਾ ਵੱਡੇ ਕਿਸਾਨਾਂ ਨੂੰ ਪਹੁੰਚਦਾ ਹੈ। ਬਿਜਲੀ, ਸਿੰਚਾਈ, ਖਾਦਾਂ ਦੀ ਸਬਸਿਡੀ ਦਾ ਛੋਟੀ ਕਿਸਾਨੀ ਜੋ ਕਿ ਕੁੱਲ ਕਿਸਾਨੀ ਦਾ 34 ਪ੍ਰਤੀਸ਼ਤ ਹੈ, ਨੂੰ ਮਹਿਜ਼ 6.5 ਪ੍ਰਤੀਸ਼ਤ ਹਿੱਸਾ ਹੀ ਮਿਲਦਾ ਹੈ। ਇਸ ਲਈ ਛੋਟੀ ਕਿਸਾਨੀ ਨੂੰ ਇਨ੍ਹਾਂ ਦੇ ਪਰਿਵਾਰਾਂ ਦੀ ਪ੍ਰਤੀਸ਼ਤਤਾ ਮੁਤਾਬਿਕ ਸਬਸਿਡੀਆਂ ਦਾ 34 ਪ੍ਰਤੀਸ਼ਤ ਹਿੱਸਾ ਜਰੂਰ ਮਿਲਣਾ ਚਾਹੀਦਾ ਹੈ।

ਆਤਮ ਹੱਤਿਆਵਾਂ ਕਰਨ ਵਾਲੇ ਪਰਿਵਾਰਾਂ ਨੂੰ ਹਰ ਹੀਲੇ ਵਾਜਬ ਆਰਥਿਕ ਸਹਾਇਤਾ ਦਿੱਤੀ ਜਾਵੇ ਤਾਂ ਕਿ ਇਹ ਉਜੜੇ ਹੋਏ ਪਰਿਵਾਰ ਆਪਣੇ ਮਾਨਸਿਕ, ਸਮਾਜਿਕ ਅਤੇ ਆਰਥਿਕ ਸੰਕਟ ਵਿੱਚੋਂ ਨਿਕਲ ਕੇ ਆਪਣੀ ਜਿੰਦਗੀ ਵਸਰ ਕਰ ਸਕਣ। ਪੰਜਾਬ ਦੇ ਖੇਤੀ ਛੱਡ ਚੁੱਕੇ ਕਿਸਾਨਾਂ ਜਿਹੜੇ ਮਜ਼ਦੂਰਾਂ ਦੀ ਕਤਾਰ ਵਿੱਚ ਸ਼ਾਮਲ ਹੋ ਗਏ ਹਨ ਜਾਂ ਆਪਣੇ ਨਵੇਂ ਧੰਦੇ ਤੋਂ ਅਸੰਤੁਸ਼ਟ ਹਨ, ਦੇ ਸਹਾਰੇ ਲਈ ਵੀ ਰੁਜ਼ਗਾਰ ਦੇ ਮੌਕੇ ਤਲਾਸ਼ ਕੀਤੇ ਜਾਣ। ਐਸ.ਐਸ. ਜੌਹਲ ਕਮੇਟੀ ਦੀ ਸਿਫਾਰਸ਼ ਨੂੰ ਲਾਗੂ ਕਰਕੇ ਕਿਸਾਨਾਂ ਦੇ ਰੁਜਗਾਰ ਅਤੇ ਉਪਜੀਵਕਾ ਲਈ ਪਿੰਡਾਂ ਵਿੱਚ ਖੇਤੀ ਅਧਾਰਿਤ ਅਤੇ ਹੋਰ ਉਦਯੋਗ ਲਗਾਏ ਜਾਣ।ਖੇਤੀ ਨੂੰ ਕੁਦਰਤੀ ਕਰੋਪੀਆਂ ਤੋਂ ਨਿਜ਼ਾਤ ਦਿਵਾਉਣ ਲਈ 'ਫ਼ਸਲੀ ਬੀਮਾ' ਕੁਸ਼ਲ ਢੰਗ ਨਾਲ਼ ਸ਼ੁਰੂ ਕੀਤਾ ਜਾਵੇ। ਸਹਾਇਕ ਧੰਦੇ, ਜਿਵੇਂ ਡੇਅਰੀ ਆਦਿ ਲਈ ਢੁਕਵੀਂ ਨੀਤੀ ਬਣਾਈ ਜਾਵੇ ਜਿਸ ਵਿੱਚ ਉਤਪਾਦਨ, ਪ੍ਰਾਸੈਸਿੰਗ ਅਤੇ ਮਾਰਕੀਟਿੰਗ ਨੂੰ ਕੁਸ਼ਲ ਬਣਾਇਆ ਜਾਵੇ।

ਖੁਦਕੁਸ਼ੀਆਂ ਨੂੰ ਠੱਲ ਪਾਉਣ ਲਈ ਜ਼ਰੂਰੀ ਹੈ ਕਿ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਇਆ ਜਾਵੇ। ਇਸ ਕਾਰਜ ਲਈ ਫਸਲਾਂ ਦੀ ਘੱਟੋ-ਘੱਟ ਸਹਾਇਕ ਕੀਮਤ ਇਸ ਹਿਸਾਬ ਨਾਲ ਨਿਰਧਾਰਤ ਕੀਤੀ ਜਾਵੇ ਕਿ ਇਸ ਵਿੱਚ ਜ਼ਮੀਨ ਦਾ ਅਸਲੀ ਠੇਕਾ ਅਤੇ ਕਿਸਾਨਾਂ ਨੂੰ ਦਿੱਤੀਆਂ ਜਾਂਦੀਆਂ ਸਬਸਿਡੀਆਂ ਨੂੰ ਵਿੱਚ ਸ਼ਾਮਿਲ ਕੀਤਾ ਜਾਵੇ। ਇਸੇ ਕੜੀ ਵਜੋਂ ਐਮ. ਐਸ. ਸਵਾਮੀਨਾਥਨ ਕਮੇਟੀ ਦੀਆਂ ਫਸਲਾਂ ਦੇ ਲਾਗਤ ਮੁੱਲ 'ਤੇ 50 ਪ੍ਰਤੀਸ਼ਤ ਮੁਨਾਫ਼ਾ ਦੇਣ ਵਾਲੀਆਂ ਸਿਫਾਰਸ਼ਾਂ ਨੂੰ ਲਾਗੂ ਕੀਤੀਆਂ ਜਾਣ। ਕਿਸਾਨ ਆਮਦਨ ਕਮਿਸ਼ਨ ਗਠਿਤ ਕਰਕੇ ਕਿਸਾਨਾਂ ਦੀ ਘੱਟੋ-ਘੱਟ ਆਮਦਨ ਨੂੰ ਹਰ ਹੀਲੇ ਯਕੀਨੀ ਬਣਾਇਆ ਜਾਵੇ। ਖੇਤੀ ਖੋਜ ਅਤੇ ਪ੍ਰਸਾਰ ਲਈ ਪਬਲਿਕ ਸੈਕਟਰ ਦੀਆਂ ਖੇਤੀ ਖੋਜ ਸੰਸਥਾਵਾਂ ਅਤੇ ਖੇਤੀ ਵਿਭਾਗ ਨੂੰ ਵੱਡੀ ਪੱਧਰ 'ਤੇ ਵਿਤ ਮੁਹੱਈਆ ਕੀਤਾ ਜਾਵੇ ਤਾਂ ਕਿ ਨਿੱਜੀ ਕੰਪਨੀਆਂ ਦੀ ਇਜ਼ਾਰੇਦਾਰੀ ਨਾ ਬਣਨ ਦਿੱਤੀ ਜਾਵੇ ਅਤੇ ਕਿਸਾਨਾਂ ਨੂੰ ਸਸਤੀ ਅਤੇ ਪਾਏਦਾਰ ਖੋਜ ਪ੍ਰਦਾਨ ਕੀਤੀ ਜਾਵੇ। ਕਿਸਾਨਾਂ ਨੂੰ ਸਸਤੀਆਂ ਸਿਹਤ ਅਤੇ ਸਿੱਖਿਆ ਸੇਵਾਵਾਂ ਮੁਹੱਈਆ ਕਰਾਉਣ ਲਈ ਇਨ੍ਹਾਂ ਸੇਵਾਵਾਂ ਦਾ ਨਿੱਜੀਕਰਨ ਬੰਦ ਕੀਤਾ ਜਾਵੇ। ਦੇਸ਼ ਦਾ ਅੰਨ ਦਾਤਾ ਹੋਣ ਕਰਕੇ ਕਿਸਾਨਾਂ ਨੂੰ ਬੁਢਾਪਾ ਪੈਨਸ਼ਨ ਸ਼ੁਰੂ ਕੀਤੀ ਜਾਵੇ।

ਖੁਦਕੁਸ਼ੀਆਂ ਅਤੇ ਖੇਤੀ ਸੰਕਟ ਦੇ ਹੱਲ ਲਈ ਸਹਿਕਾਰੀ ਖੇਤੀ ਪ੍ਰਣਾਲੀ ਨੂੰ ਵਿਕਸਤ ਕਰਨਾ ਚਾਹੀਦਾ ਹੈ। ਪਹਿਲੀ ਪੱਧਰ ਉੱਤੇ 'ਛੋਟੀ ਕਿਸਾਨੀ ਸਹਿਕਾਰੀ ਖੇਤੀ ਪ੍ਰਣਾਲੀ' ਲਾਗੂ ਕੀਤੀ ਜਾਵੇ ਅਤੇ ਹੌਲੀ-ਹੌਲੀ ਇਸ ਖੇਤੀ ਪ੍ਰਣਾਲੀ ਨੂੰ 'ਰਾਜਕੀ ਖੇਤੀ ਪ੍ਰਣਾਲੀ' ਵਿੱਚ ਤਬਦੀਲ ਕਰਕੇ ਸਰਕਾਰੀ ਖੇਤਰ ਅਧੀਨ ਹੀ ਲਿਆਂਦਾ ਜਾਵੇ। ਇਸ ਤੋਂ ਬਾਅਦ ਵੱਡੀ ਕਿਸਾਨੀ ਨੂੰ ਵੀ ਇਸੇ ਰਸਤੇ ਉਪਰ ਲਿਜਾਕੇ 'ਸਮੂਹਿਕ ਖੇਤੀ ਪ੍ਰਣਾਲੀ' ਨਾਲ ਅਰਥਵਿਵਸਥਾ ਦਾ ਵਿਕਾਸ ਕੀਤਾ ਜਾਵੇ। ਇਨ੍ਹਾਂ ਕਦਮਾਂ ਨਾਲ ਖੇਤੀਬਾੜੀ ਦੇ ਸੰਕਟ ਨੂੰ ਹੱਲ ਕਰਨ ਵੱਲ ਵਧਿਆ ਜਾ ਸਕਦਾ ਹੈ ਅਤੇ ਖੁਦਕੁਸ਼ੀਆਂ ਵਰਗੇ ਵਰਤਾਰੇ ਨੂੰ ਰੋਕਿਆ ਜਾ ਸਕਦਾ ਹੈ।



*ਪੰਜਾਬ ਦੀਆਂ ਤਿੰਨ ਯੂਨੀਵਰਸਟੀਆਂ ਦੇ ਸਰਵੇ ਤੋਂ ਸਾਫ਼ ਹੈ ਕਿ ਇਥੇ 2000-2011 ਦੌਰਾਨ 6926 ਵਿਅਕਤੀਆਂ ਨੇ ਆਪਣੀ ਜਿੰਦਗੀ ਤੋਂ ਹੱਥ ਧੋ ਲਏ ਹਨ ਜਿਨ੍ਹਾਂ ਵਿੱਚੋਂ 3954 ਕਿਸਾਨ ਅਤੇ 2972 ਮਜ਼ਦੂਰ ਸਨ। ਇਨ੍ਹਾਂ ਖੁਦਕੁਸ਼ੀਆਂ ਦੇ ਸ਼ਿਕਾਰ ਜ਼ਿਆਦਾਤਰ ਉਹ ਕਿਸਾਨ ਸਨ ਜਿਨ੍ਹਾਂ ਕੋਲ 5 ਏਕੜ ਤੋਂ ਘੱਟ ਜ਼ਮੀਨ ਸੀ। ਕਰਜ਼ੇ ਦੀ ਭਾਰੀ ਪੰਡ 74.4 ਪ੍ਰਤੀਸ਼ਤ ਕਿਸਾਨਾਂ ਦੀ ਅਤੇ 58.6 ਪ੍ਰਤੀਸ਼ਤ ਮਜ਼ਦੂਰਾਂ ਦੀ ਖੁਦਕੁਸ਼ੀ ਦਾ ਕਾਰਨ ਬਣੀ ਹੈ।*

DYNAMIC TROPHIES
& AWARDS
Where We Make Your Winners Shine!

We specialize in:
- Corporate awards
- Plaques
- Trophies
- Medals
- Crystal awards
- Glass awards
- Recognition products
- Executive gifts
- Promotional items



call: Raguhbir Singh or Komal
905.454.2636

224 Rutherford Road South, Suite 1
Brampton, ON L6W 3J6
dynamictrophies@hotmail.com
www.dynamictrophies.ca



# ਪੁਲਿਸ ਦਰਿੰਦਗੀ ਦੀ ਇੰਤਹਾ- ਪੰਜਾਬ ਦੀ ਧਰਤੀ ਸ਼ਰਮਸਾਰ

**ਨਰਭਿੰਦਰ**

ਇਹ ਘਟਨਾ ਕਿਸੇ ਬਾਰਡਰ ਦੇ ਜ਼ਿਲ੍ਹੇ ਦੀ ਨਹੀਂ ਜਿਥੇ ਪੁਲਿਸ ਇਹ ਕਹਿ ਕੇ ਬਚ ਸਕਦੀ ਹੈ ਕਿ ਨਸ਼ਿਆਂ ਵਿਰੁੱਧ ਮੁਹਿੰਮ ’ਚ ਸਾਥੋਂ ਕੋਈ ਉਕਾਈ ਹੋ ਗਈ ਹੋਊ। ਘਟਨਾ ਉਸ ਜ਼ਿਲ੍ਹੇ ਦੀ ਹੈ ਜਿਥੋਂ ਨੰਨੀ ਛਾਂ ਦੀ ਅਲੰਬਰਦਾਰ ਬੀਬੀ ਹਰਸਿਮਰਤ ਕੌਰ ਬਾਦਲ ਪਾਰਲੀਮੈਂਟ ’ਚ ਪਹੁੰਚੀ ਹੈ ਅਤੇ ਹੁਣੇ ਹੁਣੇ ਬਣੀ ਮੋਦੀ ਸਰਕਾਰ ’ਚ ਕੇਂਦਰੀ ਮੰਤਰੀ ਵੀ ਬਣੀ ਹੈ ਅਤੇ ਘਟਨਾ ਵੀ ਉਨ੍ਹਾਂ ਦਿਨਾਂ ਦੀ ਹੈ ਜਿਨ੍ਹਾਂ ਦਿਨਾਂ ’ਚ ਬੀਬੀ ਬਾਦਲ ਦਿੱਲੀ ’ਚ ਕੇਂਦਰੀ ਮੰਤਰੀ ਬਣਨ ਪਿਛੋਂ ਬਾਵਲੀ ਹੋਈ ਫਿਰਦੀ ਸੀ ਅਤੇ ਉਹਦੇ ਹਲਕੇ ਦੇ ਪਿੰਡ ਰੱਲਾ ਜ਼ਿਲ੍ਹਾ ਮਾਨਸਾ ’ਚ ਪੰਜਾਬ ਪੁਲਿਸ ਨੇ ਇਕ ਅਜਿਹੀ ਕਰਤੂਤ ਨੂੰ ਅੰਜਾਮ ਦਿੱਤਾ ਜਿਸ ਨੂੰ ਸੁਣ ਕੇ ਹਰ ਪੰਜਾਬੀ ਦਾ ਸਿਰ ਨੀਵਾਂ ਹੋ ਜਾਂਦਾ ਹੈ। ਅਜਿਹੀ ਪਸ਼ੂ ਪ੍ਰਵਿਰਤੀ ਜਿਹੜੀ ਇਕ ਕਲੰਕ ਹੈ ਇਕ ਉਸ ਪੁਲਿਸ ਅਧਿਕਾਰੀ ਵਲੋਂ ਕੀਤੀ ਗਈ ਜਿਹੜਾ ਸੱਤਾ ਦੇ ਨਸ਼ੇ ’ਚ ਅੰਨ੍ਹਾ ਹੋਇਆ ਸੀ। ਇਕ ਪੇਕੇ ਆਈ 25 ਸਾਲਾ ਗਰਭਵਤੀ ਮੁਟਿਆਰ ਦੇ ਪੇਟ ’ਚ ਉਹਨੇ ਅਜਿਹੀਆਂ ਹੁੱਝਾਂ ਮਾਰੀਆਂ ਕਿ ਪੇਟ ਅੰਦਰਲੇ ਬੱਚੇ ਦੀ ਮੌਤ ਹੋ ਗਈ ਜਿਸ ਨੂੰ ਪਟਿਆਲਾ ਦੇ ਰਜਿੰਦਰਾ ਹਸਪਤਾਲ ’ਚ ਓਪਰੇਸ਼ਨ ਕਰਕੇ ਕੱਢਣਾ ਪਿਆ। ਮੁਟਿਆਰ ਦੀ ਜਾਨ ਦਾ ਬਚਾਅ ਤਾਂ ਹੋ ਗਿਆ ਪਰ ਉਹਦੇ ਪੇਟ ਅੰਦਰਲੇ 6 ਮਹੀਨੇ ਦੇ ਮਾਦਾ ਭਰੂਣ ਦਾ ਇਉਂ ਕਤਲ ਕੀਤਾ ਜਾਣਾ ਉਹਦੇ ਲਈ ਅਜੇ ਵੀ ਅਸਹਿ ਹੈ।

ਪੁਲਿਸ ਅਧਿਕਾਰੀਆਂ ਦੀ ਇਹ ਦਰਿੰਦਗੀ ਮਹਿਜ਼ੇ ਆਪਣੇ ਅਤੇ ਅਕਾਲੀ ਸਰਕਾਰ ਚਹੇਤੇ ਕਿਸੇ ਟੱਟਪੂੰਜੀਏ ਨੂੰ ਉਹਦੀ ਇੱਛਾ ਅਨੁਸਾਰ ਇਕ ਕਨਾਲ ਜ਼ਮੀਨ ਹਾਸਲ ਕਰਨ ਲਈ ਹੀ ਸੀ।

ਘਟਨਾ ਇਹ ਕਿ ਰੋਲੇ ਪਿੰਡ ਦੇ ਇਕ ਗਰੀਬ ਕਿਸਾਨ ਬਹਾਦਰ ਸਿੰਘ ਕੋਲ ਮਸੀਂ ਢਾਈ ਏਕੜ ਜ਼ਮੀਨ ਹੀ ਸੀ ਜਿਸ ਤੋਂ ਆਪਣੇ ਘਰ ਦੀਆਂ ਗਰਜਾਂ ਲਈ ਇਕ ਕਨਾਲ ਜ਼ਮੀਨ ਇਕ ਅਕਾਲੀ ਜ਼ਮੀਨੀ ਮਾਫ਼ੀਆ ਗਰੋਹ ਦੇ ਮੈਂਬਰ ਨੂੰ ਵੇਚੀ। ਗੱਲਬਾਤ ’ਚ ਜਿਵੇਂ ਜ਼ਮੀਨ ਦੇਣ ਦਾ ਵਾਅਦਾ ਹੋਇਆ ਸੀ ਉਸਦੇ ਉਲਟ ਲੈਣ ਵਾਲਾ ਵਿਟਰ ਗਿਆ ਕਿ ਮੈਂ ਸੜਕ ਦੇ ਨਾਲ ਲਗਦਾ ਮੱਥਾ ਹੀ ਲੈਣਾ ਹੈ। ਜਿਹਦਾ ਮਤਲਬ ਸੀ ਸੜਕ ਦਾ ਮੱਥਾ ਜਦੋਂ ਮੈਂ ਕਬਜ਼ੇ ’ਚ ਕਰ ਲਵਾਂਗਾ ਬਾਕੀ ਢਾਈ ਏਕੜ ਵੀ ਇਉਂ ਹੀ ਲੈ ਲਵਾਂਗਾ। ਸਬੰਧਤ ਸ਼ਖਸ ਨੇ ਮਾਲ ਵਿਭਾਗ ਦੇ ਅਧਿਕਾਰੀਆਂ ਅਤੇ ਪੁਲਿਸ ਨੂੰ ਨਾਲ ਲੈ ਕੇ ਨਿਸ਼ਾਨਦੇਹੀ ਲੈਣ ਲਈ ਜਾ ਖੇਤ ਧਾਵਾ ਬੋਲਿਆ ਕਿਸਾਨ ਨੂੰ ਕੋਈ ਇਤਲਾਹ ਨਹੀਂ ਸੀ। ਜਦੋਂ ਉਹਨੂੰ ਪਤਾ ਲੱਗਾ ਕਿ ਪੁਲਿਸ ਤੇ ਮਾਲ ਵਿਭਾਗ ਬਿਨਾਂ ਮੈਨੂੰ ਇਤਲਾਹ ਕੀਤਿਆਂ ਧੱਕੇ ਨਾਲ ਜ਼ਮੀਨ ਮਿਣ ਰਹੇ ਹਨ ਤਾਂ ਉਹ ਪਿੰਡੋਂ ਗਿਆ। ਉਥੇ ਹੀ ਪੁਲਿਸ ਤੇ ਮਾਲ ਵਿਭਾਗ ਦੇ ਅਧਿਕਾਰੀਆਂ ਦੇ ਜ਼ਬਰ ਦਾ ਸ਼ਿਕਾਰ ਹੋਇਆ ਫਿਰ ਪੁਲਿਸ ਅਧਿਕਾਰੀ ਆਪਣਾ ਦਲ ਅਤੇ ਮਾਲ ਵਿਭਾਗ ਦੇ ਕਾਨੂੰਨਗੋ ਸਮੇਤ ਬਹਾਦਰ ਸਿੰਘ ਕਿਸਾਨ ਦੇ ਘਰ ਆ ਗਏ। ਉਹਦੇ ਕਾਲਜ ਪੜ੍ਹੇ 17-18 ਦੇ ਮੁੰਡੇ ਨੂੰ ਧੂਹ ਲਿਆ ਅਤੇ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਜਿਸ ਦੇ ਵਿਰੋਧ ’ਚ ਪੇਕੇ ਘਰ ਜਣੇਪੇ ਲਈ ਆਈ ਬਹਾਦਰ ਸਿੰਘ ਦੀ ਲੜਕੀ ਕਰਮਜੀਤ ਕੌਰ (25 ਸਾਲ) ਅੱਗੇ ਆਈ ਅਤੇ ਮੁੰਡੇ ਨੂੰ ਛੁਡਾਉਣ ਲੱਗੀ ਅਤੇ ਉਹਨੇ ਪੁਲਿਸ ਅਧਿਕਾਰੀ ਨੂੰ ਲੜਕੇ ਦਾ ਗੁਨਾਹ ਪੁੱਛਿਆ ਪੁਲਿਸ ਵਰਦੀ ਦੇ ਨਸ਼ੇ ’ਚ ਅਤੇ ਅਕਾਲੀ ਚਹੇਤਿਆਂ ਪ੍ਰਤੀ ਵਫ਼ਾਦਾਰੀ ਨਿਭਾਉਣ ਦੇ ਇਵਜ਼ ’ਚ ਉਹਨੇ ਮਾਨਵਤਾ ਦੇ ਸਾਰੇ ਅਸੂਲ ਆਪਣੇ ਹੀ ਬੂਟਾਂ ਹੇਠ ਮਿੱਧ ਦਿੱਤੇ ਅਤੇ ਗਰਭਵਤੀ ਮੁਟਿਆਰ ਦੇ ਪੇਟ ’ਚ ਹੁੱਡਾਂ ਮਾਰੀਆਂ। ਢਿੱਡ ਦੀਆਂ ਹੁੱਡਾਂ ਦੀ ਕਰਾਹ ਨਾਲ ਕੁੜੀ ਤਾਂ ਉਥੇ ਹੀ ਗੁਸਮਗੁੱਛਾ ਹੋ ਗਈ। ਆਂਢ-ਗੁਆਂਢ ਦੀਆਂ ਔਰਤਾਂ ਨੇ ਹਾਲ ਪਾਹਰਿਆ ਕੀਤੀ। ਪੁਲਿਸ ਵਾਲੇ ਅਤੇ ਮਾਲ ਵਿਭਾਗ ਦਾ ਕਾਨੂੰਨਗੋ ਮੌਕਾ ਦੇਖਕੇ ਖਿਸਕ ਗਏ।

ਕਰਮਜੀਤ ਕੌਰ ਨੂੰ ਫੌਰਨ ਮਾਨਸਾ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਇਲਾਜ ਸ਼ੁਰੂ ਕੀਤਾ। ਉਚ ਪੁਲਿਸ ਅਧਿਕਾਰੀਆਂ ਕੋਲ ਵੀ ਖ਼ਬਰ ਪਹੁੰਚੀ। ਡੀ. ਐਸ. ਪੀ. ਜਾਂਚ ਤੇ ਬਹਿ ਗਿਆ ਲੋਕਾਂ ਨੇ ਘਟਨਾ ਦੀ ਅਸਲੀਅਤ ਦੇ ਬਿਆਨ ਦਿੱਤੇ ਡੀ. ਐਸ. ਪੀ. ਨੇ ਇਹ ਵਿਸ਼ਵਾਸ ਦੁਆ ਕੇ ਕਿ ਇਨਸਾਫ਼ ਕਰਾਂਗੇ ਤੁਸੀਂ ਕੁੜੀ ਘਰੇ ਲੈ ਜਾਓ ਅਤੇ ਡਾਕਟਰੀ ਵਿਭਾਗ ਅਤੇ ਘਰਦਿਆਂ ਉਤੇ ਜ਼ੋਰ ਪਾ ਕੇ ਕੁੜੀ ਘਰੇ ਭੇਜ ਦਿੱਤੀ। ਪੁਲਿਸ ਛਲਕਪਟ ਅਤੇ ਦਬਾ ਦਾ ਸਿਟਾ ਉਹ ਘਰੇ ਆ ਗਏ।

ਪਰ ਕਰਮਜੀਤ ਕੌਰ ਦਾ ਦਰਦ ਬੰਦ ਨਾ ਹੋਇਆ। ਦੋ ਦਿਨ ਪਿਛੋਂ ਜਦੋਂ ਫਿਰ ਹਸਪਤਾਲ ਗਏ ਤਾਂ ਉਨ੍ਹਾਂ ਉਹਨੂੰ ਰਾਜਿੰਦਰਾ ਹਸਪਤਾਲ ਪਟਿਆਲੇ ਭੇਜ ਦਿੱਤਾ। ਜਿਥੇ ਉਨ੍ਹਾਂ ਇਕ ਓਪਰੇਸ਼ਨ ਕਰਕੇ 3 ਜੂਨ 2014 ਨੂੰ ਮ੍ਰਿਤਕ 6 ਮਹੀਨੇ ਦੇ ਮਾਦਾ ਭਰੂਣ ਨੂੰ ਕੱਢਿਆ। ਡਾਕਟਰੀ ਰਿਪੋਰਟ ਨੇ ਬੱਚੇ ਦੀ ਮੌਤ ਬਾਹਰਲੀ ਸੱਟ ਲੱਗਣਾ ਹੀ ਦੱਸਿਆ ਹੈ। ਕਰਮਜੀਤ ਜਿਹੜੀ ਬਰਨਾਲੇ ਵਿਆਹੀ ਸੀ ਦੇ ਦੋ ਲੜਕੀਆਂ ਪਿਛੋਂ ਇਹ ਤੀਜਾ ਬੱਚਾ ਜੋ ਪੇਟ ਅੰਦਰ ਸੀ ਲੜਕਾ ਸੀ। ਕਿਸੇ ਔਰਤ ਲਈ ਤਿੰਨ ਵਾਰ ਗਰਭ ਧਾਰਨ ਕਰਨਾ ਕਿੰਨਾ ਔਖਾ ਹੁੰਦਾ ਹੈ ਇਹ ਪੀੜਾ ਔਰਤ ਹੀ ਜਾਣਦੀ ਹੈ ਪਸ਼ੂ ਪ੍ਰਵਿਰਤੀ ਵਾਲਾ ਮਰਦ ਨਹੀਂ। ਚਸ਼ਮਦੀਦ ਗਵਾਹ ਰੋ ਰੋ ਕੇ ਦੱਸ ਰਹੇ ਸਨ ਕਿ ਉਨ੍ਹਾਂ ਅਜਿਹਾ ਨਿਰਦਈਪੁਣਾ ਕਦੇ ਨਹੀਂ ਵੇਖਿਆ ਸੀ। “ਇੰਝ ਲਗਦਾ ਪੁਲਿਸ ਵਰਦੀ ਪਵਾਉਣ ਸਮੇਂ ਇਨ੍ਹਾਂ ’ਚੋਂ ਮਾਨਵੀ ਪ੍ਰਵਿਰਤੀ ਕੱਢ ਲਈ ਜਾਂਦੀ ਹੈ ਅਤੇ ਫਿਰ ਇਨ੍ਹਾਂ ਦਾ ਲੋਕਾਈ ਪ੍ਰਤੀ ਅਮਾਨਵੀ ਅਤੇ ਬੇਕਿਰਕ ਪਸ਼ੂ ਪ੍ਰਵਿਰਤੀ ਵਾਲਾ ਵਿਉਹਾਰ ਹੀ ਸਾਹਮਣੇ ਆਉਂਦਾ ਹੈ।” ਪੁਲਿਸ ਉਚ ਅਧਿਕਾਰੀਆਂ ਤਾਂ ਉਸ ਥਾਣੇਦਾਰ ਨੂੰ ਉਸ ਥਾਣੇ ’ਚੋਂ ਉਦੋਂ ਤੱਕ ਬਦਲਿਆ ਹੀ ਨਹੀਂ ਜਦੋਂ ਤੱਕ ਕੁਝ ਕਿਸਾਨ ਜਥੇਬੰਦੀਆਂ ਨੇ ਹਾਅ ਦਾ ਨਾਅਰਾ ਹੀ ਨਹੀਂ ਮਾਰਿਆ ਸਗੋਂ ਥਾਣੇ ਮੂਹਰੇ ਧਰਨਾ ਦੇ ਕੇ ਇਸ ਵਿਰੁੱਧ ਅਵਾਜ਼ ਉਠਾਈ। ਜ਼ਿਲ੍ਹਾ ਪੁਲਿਸ ਅਧਿਕਾਰੀਆਂ ਦੇ ਚਿਹਰੇ ਉਤੇ ਤਾਂ ਇਸ ਸ਼ਰਮਨਾਕ ਕਾਂਡ ਪ੍ਰਤੀ ਕੋਈ ਅਫ਼ਸੋਸ ਹੀ ਨਹੀਂ ਸੀ। ਪੁਲਿਸ ਅੰਦਰੋਂ ਅਜਿਹੀ ਮਾਨਵੀ ਪੀੜਾ ਦਾ ਮਰ ਜਾਣਾ ਪੂਰੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਧੀਆਂ ਭੈਣਾਂ ਤਾਂ ਕਦੇ ਸਭ ਦੀਆਂ ਸਾਂਝੀਆਂ ਮੰਨੀਆਂ ਜਾਂਦੀਆਂ ਸਨ ਅਤੇ ਗਰਭਵਤੀ ਔਰਤ ਤਾਂ ਹੋਰ ਵੀ ਵਧੇਰੇ ਸਤਿਕਾਰ ਦਾ ਪਾਤਰ ਹੁੰਦੀ ਸੀ।

ਔਰਤਾਂ ਨਾਲ ਪੁਲਿਸ ਵਲੋਂ ਕੀਤੇ ਜਾਂਦੇ ਦੁਰਵਿਉਹਾਰ ਦੀ ਨਾ ਇਹ ਪਹਿਲੀ ਘਟਨਾ ਹੈ ਨਾ ਆਖਰੀ। ਪਿਛਲੇਰੇ ਸਾਲਾਂ ’ਚ ਤਾਂ ਪੁਲਿਸ ਵਲੋਂ ਔਰਤਾਂ ਨਾਲ ਅਮਾਨਵੀ ਵਿਉਹਾਰ ਦੀਆਂ ਅਨੇਕਾਂ ਘਟਨਾਵਾਂ ਸਾਹਮਣੇ ਆਈਆਂ ਹਨ। ਦੋ ਸਾਲ ਪਹਿਲਾਂ ਇਸੇ ਥਾਣੇ ’ਚ ਭੌਂ ਮਾਫ਼ੀਆ ਤੋਂ ਪ੍ਰੇਸ਼ਾਨ ਇਕ ਵਿਧਵਾ ਜਦੋਂ ਫਰਿਆਦ ਲੈ ਕੇ ਥਾਣੇ ਗਈ ਸੀ ਤਾਂ ਥਾਣਾ ਅਧਿਕਾਰੀ ਨੇ ਪੁਲਿਸ ਨਾਲ ਜਿਹੜੀ ਬਦਸਲੂਕੀ ਕੀਤੀ ਸੀ ਉਹ ਅਤਿ ਸ਼ਰਮਨਾਕ ਸੀ ਕਿਉਂਕਿ ਦੋਸ਼ੀ ਧਿਰ ਅਕਾਲੀ ਸਰਪ੍ਰਸਤੀ ਹਾਸਲ ਸੀ ਅਤੇ ਪੁਲਿਸ ਦੀ ਵਫ਼ਾਦਾਰੀ ਇਨਸਾਫ਼ ਨਾਲ ਨਹੀਂ ਸਮੇਂ ਦੇ ਹਾਕਮਾਂ ਨਾਲ ਸੀ। ਅਜਿਹੀ ਹੀ ਇਕ ਮਿਸਾਲ ਜ਼ਿਲ੍ਹਾ ਤਰਨਤਾਰਨ ਦੇ ਪੱਧਰੀ ਕਲਾਂ ਦੀ ਹੈ ਜਿਥੇ ਇਕ ਪਤੀ ਪਤਨੀ ’ਚ ਦਰਾਰ ਪੈਦਾ ਕਰਕੇ ਅਕਾਲੀ ਸਰਪ੍ਰਸਤੀ ਹਾਸਲ ਭੌਂ ਮਾਫ਼ੀਆ ਗ੍ਰੋਹ ਨੇ ਬਿਨਾਂ ਪੈਸੇ ਦੇਣ ਲੈਣ ਦੇ ਨਸ਼ਈ ਪਤੀ ਤੋਂ ਦੋ ਏਕੜ ਜ਼ਮੀਨ ਲਿਖਵਾ ਲਈ ਸੀ ਅਤੇ ਫਿਰ ਉਹਨੂੰ ਘਰੋਂ ਮੁੰਡਿਆਂ ਨਾਲ ਭੱਜਾ ਕੇ ਘਰ ਢਾਹ ਦਿੱਤਾ ਸੀ। ਕੁਝ ਸਮਾਨ ਚੁੱਕ ਕੇ ਲੈ ਗਏ ਸਨ ਅਤੇ ਕੁਝ ਸਾੜ ਦਿੱਤਾ ਸੀ। ਜਿਨ੍ਹਾਂ ਇਸ ਘਟਨਾ ਵਿਰੁੱਧ ਹਾਅ ਦਾ ਨਾਅਰਾ ਮਾਰਿਆ ਉਨ੍ਹਾਂ ਵਿਰੁੱਧ ਹੀ ਧਾਰਾ 307 ਵਿਰੁੱਧ ਪਰਚਾ ਦਰਜ ਕਰ ਦਿੱਤਾ ਸੀ। ਹਾਈਕੋਰਟ ਦੇ ਆਦੇਸ਼ਾਂ ਮੁਤਾਬਕ ਕਰਾਈਮ ਬਰਾਂਚ ਵਲੋਂ ਕੀਤੀ ਇਨਕੁਆਰੀ ਨੇ ਇਹ ਕੁਝ ਜਦੋਂ ਫਰਜ਼ੀ ਪਾਇਆ ਸੀ ਤਾਂ ਝੂਠਾ ਪਰਚਾ ਖਾਰਜ ਕਰਨ ਅਤੇ ਸਬੰਧਤ ਦੋਸ਼ੀਆਂ ਵਿਰੁੱਧ ਕੇਸ ਦਰਜ ਕਰਨ ਦੀ ਸਿਫਾਰਸ਼ ਕੀਤੀ ਸੀ। ਪਰ ਪੁਲਿਸ ਅਜੇ ਤੱਕ ਨਾ ਤਾਂ ਝੂਠਾ ਪਰਚਾ ਖਾਰਜ ਕੀਤਾ ਹੈ ਨਾ ਹੀ ਦੋਸ਼ੀਆਂ ਉਤੇ ਪਰਚਾ ਹੀ ਦਰਜਾ ਕੀਤਾ ਹੈ। ਕਿਸੇ ਕਿਸਾਨ ਜਾਂ ਜਮਹੂਰੀ ਜਥੇਬੰਦੀ ਨੇ ਇਸ ਦੇ ਵਿਰੁੱਧ ਹਾਅ ਦਾ ਨਾਅਰਾ ਨਹੀਂ ਮਾਰਿਆ।

ਪੰਜਾਬ ਵਿਚ ਔਰਤਾਂ ਵਿਰੁੱਧ ਅਜਿਹੀਆਂ ਧੱਕੇਸ਼ਾਹੀਆਂ ਦੀਆਂ ਸੈਂਕੜੇ ਮਿਸਾਲਾਂ ਹਨ। ਇਨ੍ਹਾਂ ਬੇਇਨਸਾਫ਼ੀਆਂ ਜ਼ਿਆਦਤੀਆਂ ਅਤੇ ਪਸ਼ੂ ਪ੍ਰਵਿਰਤੀ ਦੀਆਂ ਘਟਨਾਵਾਂ ਦੀ ਕਿਸੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਨਾ ਜਾਂਚ ਕੀਤੀ ਹੈ ਨਾ ਹੀ ਕਿਸੇ ਘਟਨਾ ਉਤੇ ਆਪਣਾ ਮੂੰਹ ਹੀ ਖੋਹਲਿਆ ਹੈ ਕਿਉਂਕਿ ਮਨੁੱਖੀ ਅਧਿਕਾਰ ਕਮਿਸ਼ਨ ਵੀ ਰਾਜਸੀ ਆਕਿਆਂ ਦੇ ਇਸ਼ਾਰੇ ਉਤੇ ਕੰਮ ਕਰਦਾ ਹੈ। ਉਹ ਕੁਝ ਲੰਮੀਆਂ ਤਰੀਕਾਂ ਪਾ ਕੇ ਕੇਸ ਬੰਦ ਕਰ ਦਿੰਦਾ ਹੈ। ਇਨ੍ਹਾਂ ਘਟਨਾਵਾਂ ਦੀ ਜਾਂਚ ਤਾਂ ਔਰਤ ਕਮਿਸ਼ਨ ਵੀ ਹੱਥ ਨਹੀਂ ਲੈਂਦਾ। ਪੰਜਾਬ ’ਚ ਪੁਲਿਸ ਵਲੋਂ ਔਰਤਾਂ ਨਾਲ ਵਿਉਹਾਰ ਦੀ ਅਜਿਹੀ ਭਿਅੰਕਰ ਤਸਵੀਰ ਦੀ ਜਾਂਚ ਕਿਸੇ ਸੁਪਰੀਮ ਕੋਰਟ ਦੇ ਜੱਜ ਤੋਂ ਇਕੱਠੀ ਕਰਾਉਣੀ ਬਣਦੀ ਹੈ।

ਰੱਲੇ ਦੇ ਗਰੀਬ ਪਰਿਵਾਰ ਦੇ ਹੱਕ ’ਚ ਕਿਸਾਨ ਜਥੇਬੰਦੀਆਂ ਨੇ ਤਾਂ ਹਾਅ ਦਾ ਨਾਅਰਾ ਮਾਰਿਆ ਪਰ ਹਰ ਰੰਗ ਦੀਆਂ ਸਿਆਸੀ ਪਾਰਟੀਆਂ ਖਾਮੋਸ਼ ਹਨ। ਇਥੋਂ ਤੱਕ ਕਿ ਲੋਕ ਹਿੱਤਾਂ ਲਈ ਲੜਨ ਵਾਲੇ ਕਾਮਰੇਡ ਵੀ। ਮੀਡੀਆ ਨੇ ਵੀ ਇਸ ਘਟਨਾ ਨੂੰ ਉਵੇਂ ਨਹੀਂ ਲਿਆ ਜਿਵੇਂ ਲੈਣਾ ਚਾਹੀਦਾ ਹੈ। ਸ਼ਾਇਦ ਸਥਾਨਕ ਪੱਤਰਕਾਰ ਭੌਂ ਮਾਫ਼ੀਆ, ਰਾਜਸੀ ਹਾਕਮ ਪਾਰਟੀ ਅਤੇ ਪੁਲਿਸ ਦੇ ਦਬਾਅ ਹੇਠ ਹਨ। ਇਕ ਪੰਜਾਬ ਦੀ ਗਰਭਵਤੀ ਔਰਤ ਨਾਲ ਅਜਿਹਾ ਪਸ਼ੂ ਪ੍ਰਵਿਰਤੀ ਵਾਲਾ ਨਾਦਰਸ਼ਾਹੀ ਵਿਉਹਾਰ ਹੋਵੇ ਅਤੇ ਪੰਜਾਬੀ ਗੈਰਤ ਬਰਦਾਸ਼ਤ ਕਰ ਜਾਵੇ ਇਹ ਆਪਣੇ ਆਪ ਵਿਚ ਹੀ ਸਮਾਜ ਉਤੇ ਇਕ ਸੁਆਲ ਹੈ? ਹਾਕਮ ਐਵੇਂ ਨਹੀਂ ਨਵੀਂ ਪੀੜ੍ਹੀ ਨੂੰ ਨਸ਼ਿਆਂ ਵੱਲ ਧੱਕ ਰਹੇ। ਉਹ ਹਰ ਹਰਬਾ ਵਰਤ ਕੇ ਉਨ੍ਹਾਂ ਅੰਦਰਲੇ ਮਾਨਵਤਾਵਾਦ ਨੂੰ ਖਤਮ ਕਰਨ ਉਤੇ ਤੁੱਲੇ ਹੋਏ ਹਨ।


ਇਹ ‘ਆਉਣ ਵਾਲੇ ਚੰਗੇ ਦਿਨਾਂ’ ਦਾ ਇਕ ਟਰੇਲਰ ਹੀ ਹੈ। ਪੁਲਿਸ ਕਰਮਚਾਰੀਆਂ ਵਲੋਂ ਕੀਤਾ ਗਿਆ ਇਹ ਗੁਨਾਹ ਫਰਜ਼ੀ ਪੁਲਿਸ ਮੁਕਾਬਲਿਆਂ ਅਤੇ ਝੂਠੇ ਪਰਚਿਆਂ ਨਾਲੋਂ ਵੀ ਕਿਤੇ ਭਿਆਨਕ ਹੈ। ਚਾਹੀਦਾ ਤਾਂ ਇਹ ਸੀ ਕਿ ਉਚ ਪੁਲਿਸ ਅਧਿਕਾਰੀਆਂ ਦੇ ਜਦੋਂ ਵੀ ਧਿਆਨ ’ਚ ਆਇਆ ਸੀ ਫੌਰੀ ਲੜਕੀ ਦੇ ਬਿਆਨਾਂ ਉਤੇ ਆਧਾਰਤ ਕੇਸ ਦਰਜ ਕੀਤਾ ਜਾਂਦਾ ਪੁਲਿਸ ਅਧਿਕਾਰੀ ਨੂੰ ਬਰਖਾਸ਼ਤ ਕੀਤਾ ਜਾਂਦਾ ਅਤੇ ਫਿਰ ਜਾਂਚ ਕਰਵਾਈ ਜਾਂਦੀ। ਸੁਪਰੀਮ ਕੋਰਟ ਦੇ ਆਦੇਸ਼ਾਂ ਨੂੰ ਵੀ ਪੁਲਿਸ ਵਿਭਾਗ ਟਿਚ ਸਮਝਦਾ ਹੈ। ਪੁਲਿਸ ਅਧਿਕਾਰੀ ਵਲੋਂ ਕੀਤੇ ਗਏ ਇਸ ਕਤਲ ਦਾ ਮੁਕੱਦਮਾ ਦਰਜ ਹੋਣਾ ਚਾਹੀਦਾ ਹੈ। ਪਰ ਪੁਲਿਸ ਅਧਿਕਾਰੀ ਅਜੇ ਜਾਂਚਾਂ ਦੇ ਚੱਕਰਾਂ ’ਚ ਪਾ ਕੇ ਅਜਿਹੀ ਭਿਆਨਕ ਤੇ ਬੰਜਰ ਕੋਤਾਹੀ ਨੂੰ ਛੁਪਾ ਰਹੇ ਹਨ। ‘ਰਾਜ ਦਾ’ ਇਹੋ ‘ਸੇਵਾ ਕਰਨ’ ਦਾ ਢੰਗ ਹੈ। ਸ਼ਰਮ ਰਾਜ ਨੂੰ ਨਹੀਂ ਲੋਕਾਂ ਨੂੰ ਆਉਂਦੀ ਹੈ ਕਿ ਉਨ੍ਹਾਂ ਦੇ ਸਿਰ ਉਤੇ ‘ਸੇਵਾ’ ਦੇ ਬਹਾਨੇ ਜਿਹੜਾ ‘ਰਾਜ’ ਬੈਠਾ ਹੈ ਉਹ ਮਹਿਜ ਇਕ ਕਨਾਲ ਜ਼ਮੀਨ ਹਾਸਲ ਕਰਨ ਅਤੇ ਕਰਵਾਉਣ ਲਈ ਐਨੀ ਨੀਚਤਾ ਦੇ ਪੱਧਰ ਤੱਕ ਹੇਠਾਂ ਡਿੱਗ ਸਕਦਾ ਹੈ।

ਭੌਂ ਮਾਫ਼ੀਆ, ਹਾਕਮ ਰਾਜ ਕਰ ਰਹੀ ਪਾਰਟੀ ਦੇ ਲੱਠਮਾਰ ਅਤੇ ਪੁਲਿਸ ਤੰਤਰ ਦੇ ਇਸ ਖਤਰਨਾਕ ਚੱਕਰਵਿਊ ਵਿਰੁੱਧ ਇਕ ਗਰੀਬ ਬੇਸਹਾਰਾ ਢਾਈ ਏਕੜ ਦਾ ਕਿਸਾਨ ਇਕੱਲਾ ਨਹੀਂ ਲੜ ਸਕਦਾ। ਨਾ ਹੀ ਇਕੱਲੀ ਕੋਈ ਔਰਤ ਹੀ ਇਨਸਾਫ਼ ਲੈ ਸਕਦੀ ਹੈ। ਰਾਜ ਵਿਚ ਆ ਰਹੀ ਤਾਨਾਸ਼ਾਹ ਪ੍ਰਵਿਰਤੀ ਇਕ ਖਤਰਨਾਕ ਰੁਝਾਨ ਤੋਂ ਇਕ ਅਲਾਮਤ ਤੱਕ ਪਹੁੰਚ ਗਈ ਹੈ। ਇਸ ਵਿਰੁੱਧ ਇਕ ਵਿਸ਼ਾਲ ਲਾਮਬੰਦੀ ਦੀ ਲੋੜ ਹੈ ਉਹ ਵੀ ਸੀਮਤ ਰਾਜਸੀ ਤੇ ਜਥੇਬੰਦਕ ਮੁਫ਼ਾਦਾਂ ਨੂੰ ਪਾਸੇ ਰੱਖ ਕੇ। ਜੇ ਅਜਿਹੀ ਨਾਦਰਸ਼ਾਹੀ ਪ੍ਰਵਿਰਤੀ ਨੂੰ ਨਾ ਰੋਕਿਆ ਗਿਆ ਤਾਂ ਸਮਾਜ ਲਈ ਇਕ ਖਤਰਨਾਕ ਸਥਿਤੀ ਪੈਦਾ ਹੋ ਜਾਵੇਗੀ। ਰਾਜ ਨੇ ਤਾਂ ਆਪਣੇ ਹੀ ਸੰਵਿਧਾਨ ਅਤੇ ਜਮਹੂਰੀ ਕਾਇਦੇ ਕਾਨੂੰਨ ਛਿੱਕੇ ਟੰਗ ਛੱਡੇ ਹਨ। ਜੇ ਅੱਜ ਕੋਈ ਬਾਬਾ ਨਾਨਕ ਵਰਗਾ ਸੱਚ ’ਤੇ ਪਹਿਰਾ ਦੇਣ ਵਾਲਾ ਹੁੰਦਾ ਤਾਂ ਕਹਿ ਉਠਦਾ :

ਪਾਪ ਕੀ ਜੰਝ ਹੁਣ ਕਾਬਲੋਂ ਨਹੀਂ ਬਾਦਲੋਂ ਚਲਦੀ ਹੈ
ਸ਼ਰਮ ਧਰਮ ਤਾਂ ਬੰਨ ਕੇ
ਰਾਜ ਦੀ ਕੁਰਸੀ ਦੇ ਪਾਵਿਆਂ ਹੇਠ ਧਰ ਦਿੱਤੇ ਹਨ
ਕੁਰਸੀ ਦਾ ਹੁਕਮ ਹੈ
ਕੁੱਖਾਂ ਬਾਂਝ ਕਰ ਦਿਉ
ਜ਼ਮੀਰਾਂ ਨਿਪੁੰਸਕ ਕਰ ਦਿਓ
ਅਜੇ ਲਾਲੋਆਂ ਨੂੰ ਕਹਿ ਦਿਓ
ਕੂੜ ਕੂੜ ਦੀ ਰੱਟ ਲਾਉਣੀ ਬੰਦ ਕਰਨ
ਰਾਜ ਨੂੰ ਬੋਤਲੀ ਵੀ ਬੰਦ ਕਰਨੀ ਆਉਂਦੀ ਹੈ।



# PESTICIDES NOT SO BAD



**Dr. Trilochan Singh, Ph.D**

**Dr Trilochan singh is retired Prof and Head, Dept. of Chemistry & Biochemistry, Haryana Agri Univ Hisar, India. Have 35 years' experience in the field of Pesticide Residue Chemistry, more specifically in area of "Safe use of Pesticides under field conditions." He has contributed about 100 research and general publications besides one book on Pesticides Residue Methodology. Presently associated with Bureau of Indian Standards, GOI, as convener of BIS Panel on Water Treatment Chemicals; Sarokaran Di awaz have a great respect of these kinds of personality.**

Globally the use of pesticides started after Second World War. In India though DDT and HCH (BHC) were introduced during early fifties, the intensive use of pesticides was adopted during late sixties with ushering of Green Revolution. With assured control of insect-pests and diseases of high yielding varieties, not only food production increased manifold but also the quality of agricultural produce particularly vegetables and fruits improved significantly.

These days besides agricultural crops, pesticides are also used for control of pests in households, hospitals, food processing industries, storage godowns and during transit of food commodities from one place to another. Their benefits aside, instead it is their misuse or overuse that has led to wide spread problem of toxic residues in feed, food and the environment, in spite of only about 250 g per hectare pesticide consumption in India as against 3.0 kg/ha in USA and 4.5 kg/ha in Europe.

Internationally use of pesticides is regulated by the United Nations and the World Health Organisation. In India Insecticides Act-1968 was formulated to regulate the manufacture, sale, storage, transport, distribution and use of pesticides. Pesticide Registration Committee formulated under this ACT consists of experts of different fields associated with pesticides. Besides there are National Pesticides Review Committees which periodically review performance of registered chemicals based on feedback from field staff. It was on the recommendations of Pesticides Review Committees that use of some highly toxic Organo-Phosphate (OP) and highly persistent Organo-Chlorine (OC) compounds were banned on crops from time to time. Also manufacturing of HCH (BHC) to the tune of 30 thousand tons was stopped in India on the advice of Pesticide Review committees.

In India there is no regulatory control on the use of pesticides by the farmers/ users. Generally farmers don't stick to recommended doses, rather apply pesticides at doses higher than recommended ones. This practice often results in higher contamination of food commodities and the environment with undesired chemicals. Secondly because of use of more than one category of pesticides on field crops, we confront multi-residues in agricultural produce. Let us have insight view of the residue scenario in India and its change in the last 4-5 decades.

In India contamination of various food commodities used to be about 20% above legal maximum residue limits( MRL) during 1981-90 which came down to about 4-6% in 2001-05 and further to 1-1.6 % during last four years from 2008 to 2012. During these four years, out of 76336 samples of food commodities from all over India, analysed under National Monitoring Programme, 8% samples were found contaminated with low levels of residues and only 1.6 % contained residues above the prescribed MRL values. None of the samples contained banned pesticide like aldrin, dieldrin, heptachlor or chlordane. These MRL figures are comparable with advanced countries like U.K. and Canada (less than 1 %), EU (1.4%) and USA (0.5-1.5%).

It is important to mention here that due to highly sensitive modern analytical Pesticide Residue Techniques, residues present in very minute (negligible) amounts in foods and other matrices get detected which are mistaken and reported by NGOs / Surveillance Committees as horrifying amounts. Mere detection of residues does not qualify it as toxic and harmful. At very low levels (parts per trillion, PPT), the residues cannot harm the consumers because these get degraded / dissipated during processing of foods.

As per Progress Report 2008-2010, Pesticide Data Program, USDA, in USA, out of 11960 food samples of different categories analysed for pesticide residues, 30 per cent of all samples contained no detectable pesticides, 70% samples contained low levels of multi residues but only 1 to 1 .5 % samples violated MRL levels. Combined together in US, European Union (28 countries) and Canada, 142685 samples of different types of foods including vegetables and fruits tested during 2009-2011, showed low levels of residues in 24-51 % samples. Overall 97%-99% were within compliance of MRL values. About 0.3 to 1.6% samples exceeded MRLs. Of total samples 32% contained multi-residues (two or more than two). As population in western countries understand this phenomenon, there is no hue and cry unlike India where people are unduly scared from the word "Pesticide Residue." In other words there is no need to be panicky from mere presence of detectable residues (PPT) until these are above their prescribed safe/ tolerance limits.

It is a general belief that pesticides are one of the causes of cancer all over the world, but according to International Agency on Cancer Research, USA, Canada Cancer Society, National Cancer Institute of Canada, Cancer Research, U.K. the level of pesticide residues found in food and feed commodities and entering our body can't cause cancer. Studies conducted by Yale Cancer Centre, USA during 2003-04 could not find significant relationship between exposure to polychlorinated biphenyls (PCB) or DDT and risk of breast cancer. Also researchers at National Food Institute, Technical University of Denmark assessed samples containing different types of pesticide residues as well as check samples where the limit values set by the EU were exceeded. They concluded that "None of the findings showed a health risk to consumers as the total impact does not reach the health affecting level". However it has been proved that lipophilic pesticides like DDT and BHC, in parent or transformed form, have tendency to accumulate in human adipose tissues which enter the blood stream during stress, malnutrition, pregnancy or perspiration, resulting in weakening of our immune system, thus making us more prone to infectious diseases. Fortunately the use of these lipophilic pesticides has been almost completely withdrawn all over world.

It is a proven fact that misuse or over-use of pesticides results in their excessive residues in food and environment. Hence, problem needs to be checked and tackled at source i.e. at farmer/ user level.

Complete replacement of pesticides by other alternative plant protection methods is a misconception. We shall have to use them judiciously and learn to live with trace amount of residues. According to Nobel laureate, Dr. Norman Borlough "Accept to ingest some pesticide residues or else face death due to starvation".

Consumers' safety can be further ensured by adoption of simple kitchen practices like (a) scrubbing the produce under running tap water for 25 -30 seconds (b) peeling off the skin if desired or discarding 2-3 outer leaves in leafy vegetables like cabbage, lettuce etc. and (C) combining washing, peeling and boiling .

With complete phasing out of hard insecticides like DDT, BHC, aldrin, dieldrin, chlordane, heptachlor etc., introduction of new generation pesticides required at very low doses, adoption of Integrated Pest Management (IPM) approach, cultivation of GM crops and using bio-pesticides, the problem of residues in food and environment can be successfully contained within safe limits. Thus it will be possible for India to ensure high quality safe food for its population, safety of environment and to compete with Western World in International Food Trade.

**kathpalts@yahoo.com**

# Canadian Punjabi Conference Organized

**Disha-Brampton**




Shamshad Elahee Shams

Pressing situations of immigrant community in Canada broke its silence on June 15,2014 at Century Garden Recreation centre Brampton. The first Canadian Punjabi Immigrant Women conference was conducted by newly formed DISHA and deliberated issued related to immigrant women and their challenges. Conference marked the first Punjabi women Harnam Kaur, Kartar Kaur, Bishan Kaur who landed in Canada 100 years before.

Syeda Nuzhat Siddiqui,Peace Ambassador of United Nations welcomed the panel members and house, underlined the urgent necessity for education amongst immigrant women, which is the key to solve their personal, social and economic problems. She called upon the community for a systematic change to upgrade their skills according to the requirement of the job market and also said that immigrants have to be aware about Canadian values.

Brampton Mayor Susan Fennell was delighted to be a part of the first Punjabi women conference and emphasized the need of speaking up. She welcomed the organizers and thanked them to provide a platform to discuss the issues related to immigrant community at large. Discussion on the problems is the only way for civilized society. She said Canada is a wonderful country for women to grow and get all what she want. She said Brampton has its own unique significance in the world where people from around the world live peacefully and achieving the goals of their lives. We are example to the world to show how multi cultural people co-exist peacefully. She also praised Punjabi Culture and relevance of its rich heritage.

Veteran Punjabi literature writer, Sahitya Acadamy prize winner Dr Wariyam Sandhu addressed the audience and went to the extent to expose the hypocrisy of so-called Indian culture in detail. In his keynote speech, he said no any religion based society could provide a justice to women, be it Hindu, Islam or Christianity, since all religion were invented by male and thus we all see a certain pattern of patriarchal social order in every religion. Explaining Indian culture, he said, India has two contradictory faces while it deals with the women. On one hand Indian culture symbolises women as its holy deities like Saraswati, Durga, Lakshmi, Indira, Kali etc. They can name her anything but what they could not give her, is her individuality. India failed to recognise women as human being. In his sharp attack of duplicity he went on to give details how Dropdi was put on stake by Yudhishter and how she was disgraced by his opponent Duryodhan in the court. He then narrated the infamous hymn written by Tulsidas who said “Dhor Gawar Shoodr aur Nari, Charon taran ke adhikari”. He felt pity for those who worship Sita, wife of Lord Rama. He is the same Rama who forced Sita to prove her sanity by a whisper of a Dhobi. It’s a known fact of Hinduism philosophy that which enshrine the ultimate goal of life in Moksha (Liberation). And what an irony, a woman can’t achieve it. She has to take birth as male and then can acquire Moksha since woman is restricted for this path of spiritual height.

Dr Wariyam said that Sikhism provided equal rights to women since it abolished Sati Pratha, Parda Pratha and also entitled them to be a part and parcel of Gurudwara management. But, same community is now degenerated as former Chief of Shiromani Akal Takht Bibi Jagir Kaur conspired to slain her own pregnant daughter who married against her wishes. She was convicted for five years.

He said, even Buddha was biased against women as he suggested his Bhikshu not to save a drowning woman in river even if she is your mother. Pope did not allowed a woman to be a Saint for centuries though they worship Mother Mary. We all know what the state of women in Islamic countries is though Islam provided some relief to women in history of mankind. The same community is now being represented by Mala who was shot for her basic right to education.

He attacked on honor killings and phenomenal violence against women in Indian subcontinent. The recent honor killing in the premises of Lahore High Court by brother and father and double murder case of Badaun and many other similar incidents taking place incessantly in India bring shame to him. He said all organised religions are basically against women as they want to control her and her sexuality. Woman is just a piece of property for them. These are the values which immigrant community carries with them to across the oceans. They are the real recipient of these cultural burns and they have to face the yoke of modern capitalism in Canada.

The veteran writer called upon the audience that we have to recognise woman as human being first. Stop female foeticide and if you allow your son to love, please also allow your daughter’s love and her choice of groom. In an emotive discourse he said no matter if people responsible for 1984 riots do not repents for their crime, does not matters if organizers of Gujrat pogrom does not apologise publicly for their crime against humanity but He begged pardon on the behalf of Chandra Singh Shaheed who wrote a story 100 years ago “Stri Sabha” and painted a grey picture of women folks, now the time has changed as the picture is changed and men are the real culprits now.

Second session of the conference was dedicated to the Punjabi Literature and Feminist issues. A book of poetry written by immigrants in last 40 years was released by Dr Sheila Embleton (FRCS, Dean of Languages, Linguistics and Literature York University). ‘Koonjan’ is edited by Dr. Kanwanjit Dhillon and Surjit Kaur followed by papers presented by Surinder Kaur (Ludhiana), Dr Surjit Bhatti (Patiala) and Dr. Jaskiran Mathur (New York). Famous critique Prof. Satish Verma also spoke about the book and explained the status of women in our society. He said Women is born immigrant worldwide. She is supposed to leave home of her parents and settle with in laws family which is also immigration in itself. She is the main creator of the world. The plight and pain expressed in ‘Koonjan’ is not immigrant’s pain but its related to every women of the world.

Dr Vinita, Khalsa College Delhi, winner of Sahitya Acadamy prize spoke in length about the book Koonjan. She said women have a social subordinate status in the whole world since it’s a result of patriarchal society. Women have their head high wherever there is a matriarchal society.

Third session was dealt with the challenges of Punjabi immigrant women. 63 years old social psychologist Aruna Papp

gave her detailed personal account and shared her pain and agonies being a boggy puller of so-called Indian culture. She told about those situations she faced back home in India where her father had six daughters and a son, married to abusive husband made her life a living hell and when she tried to get divorce from him, she was faced in numerous challenges from within the family. She told, there are no communication channels in Indian household, particularly with the female members of the family. A daughter has to communicate with the help of mother in case she needs to convey some message. She was 56 years old when she got her first communication with her father. A tale of agonies she wrote in her book "Unworthy Creature". She had gone to UN representing case of Canadian women last year as well. She analysed the difference between domestic violence and honor killing and its modus operandi. She told the house that there have been 22 honor killings in Canada till now.

Dr. Maria Wallis from Ryerson University gave details of the racial discrimination being practice under the skin in Canada. She told, many highly educated South Asian professionals are being sidelined by the authorities here in GTA. She told that 55% population of Peel region is racialized by the system. People paying taxes but they are not being given equal opportunities in jobs and executives. She called upon the community to get organized and fight back to have their genuine share in the society.

Research scholar Jaspreet Kaur from Queen University also spoke about her experiences from India and Canadian society. She emphasised to keep the best virtue from Indian culture but to shun all stereo typed behavior.

Last session was a colorful bouquet of cultural events. Uzma Mehmood, Kavita Gupta, Sunder Pal, Syeda Nujhat Siddiqui enchanted the audience with their classy poetry. Baby Bhatti performed a Katthak Dance which was widely appreciated by the audience.

Proceeding of the conference continued for eight long hours where 26 speakers spoke on the issues, two chorus were performed, six poetesses graced audience with their emphatic poetry and one dance performance was conducted. About 300 people attended the conference, so many plaques were distributed to distinguished people, it was a dream come true for Dr Kanwaljit Dhillon who conceived the idea for this conference and successfully touched the chord of ailing society i.e. South Asian Immigrant community, Punjabi in particular.

# ਡਰਪੋਕਾਂ ਲਈ ਅਲੋਚਨਾ ਦੀ ਆਗਿਆ ਕੋਈ ਮਾਅਨੇ ਨਹੀਂ ਰੱਖਦੀ ਅਤੇ ਬਹਾਦਰਾਂ ਲਈ ਅਲੋਚਨਾਂ ਦੇ ਹੱਕ 'ਤੇ ਪਾਬੰਦੀ ਕੋਈ ਮਾਅਨੇ ਨਹੀਂ ਰੱਖਦੀ

ਸਾਥੀ ਡੰਗ





*ਮਹਾਨ ਫਰਾਂਸੀਸੀ ਗਿਆਨ ਪ੍ਰਸਾਰਕ, ਦਾਰਸ਼ਨਿਕ ਇਨਕਲਾਬੀ ਵਾਲੇਤਅਰ ਦਾ ਇਹ ਕਥਨ ਤੁਸੀਂ ਅਕਸਰ ਫੇਸਬੁੱਕ 'ਤੇ ਘੁੰਮਦਿਆਂ ਵੇਖਿਆ ਹੋਵੇਗਾ—*

*ਇਹ ਵੇਖਣ ਲਈ ਕਿ ਤੁਹਾਡੇ ਉੱਤੇ ਕੌਣ ਹਕੂਮਤ ਕਰ ਰਿਹਾ ਹੈ, ਬੱਸ ਇੰਨਾ ਜਾਣ ਲਵੋ, ਤੁਹਾਨੂੰ ਕਿਸ ਦੀ ਅਲੋਚਨਾ ਕਰਨ ਦੀ ਆਗਿਆ ਨਹੀਂ ਹੈ। (ਵਾਲਤੇਅਰ)*

ਕੀ ਵਾਲਤੇਅਰ ਦਾ ਇਹ ਕਥਨ ਸੱਚ ਹੈ? ਵਾਲਤੇਅਰ ਦੀ ਤਹਿ ਦਿਲੋਂ ਇੱਜਤ ਕਰਦੇ ਹੋਏ ਵੀ ਅੱਜ ਉਸ ਦੇ ਇਸ ਕਥਨ ਨਾਲ਼ ਸਹਿਮਤ ਹੋਣਾ ਮੁਸ਼ਕਿਲ ਹੈ। ਜਿਸ ਸਮੇਂ ਵਾਲਤੇਅਰ ਨੇ ਇਹ ਗੱਲ ਕਹੀ ਸੀ ਉਦੋਂ ਇਹ ਕਥਨ ਵਧੇਰੇ ਪ੍ਰਸੰਗਕ ਸੀ। ਉਦੋਂ ਫਰਾਂਸ ਨਿਰੰਕੁਸ਼ ਜਗੀਰੂ ਹਕੂਮਤ ਸੀ। ਪਰਿਵਾਰ ਪੱਧਰ 'ਤੇ ਪਿਤਾ ਜਾਂ ਹੋਰ ਵਡੇਰਿਆਂ ਦੀ ਨਿਰੰਕੁਸ਼ ਹਕੂਮਤ ਹੋਇਆ ਕਰਦੀ ਸੀ। ਜਿਹਨਾਂ ਦੀ ਅਲੋਚਨਾ ਕਰਨ ਦਾ ਕਿਸੇ ਨੂੰ ਹੱਕ ਨਹੀਂ ਸੀ।

ਪਰ ਇਹ ਉਦੋਂ ਵੀ ਅੰਸ਼ਕ ਸੱਚ ਹੀ ਸੀ। ਕਿਉਂਕ ਬਹਾਦਰਾਂ ਲਈ ਅਲੋਚਨਾ ਦੇ ਹੱਕ 'ਤੇ ਪਾਬੰਦੀਆਂ ਦਾ ਉਦੋਂ ਵੀ ਕੋਈ ਮਤਲਬ ਨਹੀਂ ਸੀ। ਇਹਨਾਂ ਬਹਾਦਰਾਂ ਵਿੱਚ ਖ਼ੁਦ ਵਾਲਤੇਅਰ ਅਤੇ ਉਸਦੇ ਸਮਕਾਲੀ ਮਹਾਨ ਦਾਰਸ਼ਨਿਕ ਰੂਸੋ, ਦਿਦਰੋ ਅਤੇ ਅਜਿਹੇ ਹੀ ਹੋਰ ਅਨੇਕਾਂ ਸ਼ਾਮਲ ਸਨ।

ਅਲੋਚਨਾ ਦੇ ਹੱਕ 'ਤੇ ਪਾਬੰਦੀ ਦਾ ਬਹਾਦਰਾਂ, ਤੂਫ਼ਾਨੀ ਪੇਤਰੇਲਾਂ ਲਈ ਕੋਈ ਮਤਲਬ ਨਹੀਂ ਹੈ। ਕਿਉਂਕਿ ਉਹ ਇਹ ਹੱਕ ਲੈਣਾ ਜਾਣਦੇ ਹਨ। ਕਿਉਂਕਿ ਹੱਕ ਥਾਲ਼ੀ 'ਚ ਪਰੋਸ ਕੇ ਨਹੀਂ ਮਿਲ਼ਦੇ, ਹੱਕ ਤਾਂ ਖੋਹਣੇ ਪੈਂਦੇ ਹਨ ਅਤੇ ਬਹਾਦਰ, ਮਜ਼ਬੂਤ ਦਿਲ-ਗੁਰਦੇ ਦੇ ਇਨਸਾਨ ਹਰ ਯੁੱਗ ਵਿੱਚ ਇਹ ਹੱਕ ਖੋਹਦੇਂ ਆਏ ਹਨ। ਇਸ ਲਈ ਉਹ ਸਿਰ-ਧੜ ਦੀ ਬਾਜ਼ੀ ਵੀ ਲਾਉਂਦੇ ਆਏ ਹਨ।

ਦੂਜੇ ਪਾਸੇ ਡਰਪੋਕਾਂ ਲਈ, ਰੀਂਘਦੇ ਕੀੜਿਆਂ ਲਈ, ਨਾ ਤਾਂ ਅਲੋਚਨਾ 'ਤੇ ਪਾਬੰਦੀ ਦਾ ਹੀ ਕੋਈ ਅਰਥ ਹੈ ਅਤੇ ਨਾ ਹੀ ਹੱਕ ਦਾ। ਜੇਕਰ ਅਲੋਚਨਾ ਦੇ ਹੱਕ 'ਦੇ ਪਾਬੰਦੀ ਹੋਵੇ ਤਾਂ ਕ ਇਹਨਾਂ ਲਈ ਇਸਦਾ ਕੋਈ ਮਤਲਬ ਨਹੀਂ ਕਿਉਂਕਿ ਰੀਘਣਾਂ ਇਹਨਾਂ ਦਾ ਕੰਮ ਹੈ, ਇਹ ਆਪਣੀਆਂ ਨਿੱਘੀਆਂ, ਹਨੇਰੀਆਂ ਖੁੱਡਾਂ 'ਚੋਂ ਬਾਹਰ ਨਿੱਕਲ਼ਦੇ ਹਨ, ਚੋਗਾ ਚੁਗਦੇ ਹਨ ਅਤੇ ਫਿਰ ਖੁੱਡ ਵਿੱਚ ਜਾ ਵੜਦੇ ਹਨ। ਮੌਸਮ ਖਰਾਬ ਹੋਵੇ ਤਾਂ ਜਾਂ ਤਾਂ ਖੁੱਡ 'ਚੋਂ ਨਿੱਕਲ਼ਦੇ ਹੀ ਨਹੀਂ ਜਾਂ ਫਿਰ ਖੁੱਡ ਦੇ ਸਿਰੇ 'ਤੇ ਬਹਿ ਕੇ ਮੌਸਮ ਦਾ ਜਾਇਜ਼ਾ ਲੈਂਦੇ ਰਹਿੰਦੇ ਹਨ ਤਾਂ ਕਿ ਮੌਸਮ ਠੀਕ ਹੁੰਦੇ ਹੀ ਇਹ ਫਿਰ ਚੋਗਾ ਚੁਗ ਸਕਣ। ਇਹਨਾਂ ਦੀ ਦੁਨੀਆਂ ਢਿੱਡ ਤੋਂ ਸ਼ੁਰੂ ਹੁੰਦੀ ਹੈ ਅਤੇ ਢਿੱਡ 'ਤੇ ਹੀ ਖਤਮ ਹੋ ਜਾਂਦੀ ਹੈ। ਅਲੋਚਨਾ ਕਰ ਸਕਣ ਲਈ ਜੋ ਦਿਲ ਚਾਹੀਦਾ ਹੈ, ਉਹ ਇਹਨਾਂ ਗੰਦੇ ਕੀੜਿਆਂ ਕੋਲ਼ ਨਹੀਂ ਹੁੰਦਾ।

ਅਜੇਹੇ ਡਰਪੋਕਾਂ ਨੂੰ ਜੇਕਰ ਅਲੋਚਨਾ ਦਾ ਹੱਕ ਦੇ ਵੀ ਦਿੱਤਾ ਜਾਵੇ ਤਾਂ ਵੀ ਇਸ ਹੱਕ ਦਾ ਇਹਨਾਂ ਲਈ ਕੋਈ ਮਤਲਬ ਨਹੀਂ ਹੁੰਦਾ ਕਿਉਂਕਿ ਇਹ ਡਰਪੋਕ ਅਕਸਰ ਭਗਤ ਅਤੇ ਚਾਪਲੂਸ ਬਿਰਤੀ ਦੇ ਹੁੰਦੇ ਹਨ। ਅਲੋਚਨਾ ਦਾ ਖਿਆਲ ਇਹਨਾਂ ਦੇ ਬੌਣੇ ਦਿਮਾਗ਼ਾਂ 'ਚੋਂ ਹਮੇਸ਼ਾਂ ਗਾਇਬ ਰਹਿੰਦਾ ਹੈ। ਬੱਸ ਚਾਪਲੂਸੀ, ਜੀ-ਹਜ਼ੂਰੀ ਅਤੇ ਭਗਤੀ ਭਾਵ ਇਹਨਾਂ ਦੇ ਰੂਹਾਨੀ ਸੰਸਾਰ 'ਤੇ ਛਾਇਆ ਰਹਿੰਦਾ ਹੈ।

ਇਹ ਡਰਪੋਕ, ਗੰਦੇ, ਘਿਣਾਉਣੇ, ਰੀੜ੍ਹ ਰਹਿਤ ਕੀਟ ਤਾਨਸ਼ਾਹੀ (ਅਲੋਚਨਾ ਦੀ ਪਾਬੰਦੀ) ਤੋਂ ਉਨਾ ਹੀਂ ਡਰਦੇ ਜਿੰਨਾ ਕਿ ਜਮਹੂਰੀਅਤ ਤੋਂ। ਜਦੋਂ ਵੀ ਇਹਨਾਂ ਨੂੰ ਕਿਸੇ ਵੀ ਮੰਚ ਤੋਂ ਕਿਸੇ ਦੀ ਵੀ ਅਲੋਚਨਾ ਦਾ ਹੱਕ ਦਿੱਤਾ ਜਾਂਦਾ ਹੈ ਤਾਂ ਇਹ ਮੋਕਲ਼ ਮੋਕ ਮਾਰ ਜਾਂਦੇ ਹਨ ਅਤੇ ਫਿਰ ਇਹ ਬੀਂਡੇ ਆਪਣੀਆਂ ਖੁੱਡਾਂ 'ਚ ਵੜਕੇ, ਘਰ-ਬਾਰ ਸਾਂਭਦੇ ਹੋਏ, ਕਿਸੇ ਧਨਪਸ਼ੂ ਦੀ ਚਾਕਰੀ ਕਰਦੇ ਹੋਏ, ਅਲੋਚਨਾ ਦੀ ਆਗਿਆ ਨਾ ਹੋਣ ਦਾ ਰੋਣਾ ਰੋਂਦੇ ਰਹਿੰਦੇ ਹਨ।

ਹਰ ਨੇਕ ਮਨੁੱਖ ਦਾ ਫਰਜ਼ ਹੈ ਕਿ ਇਹਨਾਂ ਡਰਪੋਕਾਂ, ਰੀੜ੍ਹ ਰਹਿਤ ਗੰਦੇ ਕੀੜਿਆਂ ਨੂੰ ਢਿੱਡੋਂ ਨਫ਼ਰਤ ਕਰੇ।

Avon Accounting & Tax Services

Personal Tax Returns (T1)
Self Employed
Taxi Business

Corporate Tax Returns (T2)
GST / Payrolls / ROE
WCB Returns

Tax Planning & Advisory Services
Weekends/Evenings Services also available.

Tel: 403-561-9011
Tel: 403-479-4220
Pandher_2004@yahoo.com or singhh73@gmail.com

# Wanted: Big ideas to tackle youth unemployment




Kayle Hatt ·· Employment and Labour, Youth

You may not have heard about it because it didn't receive much media attention, but the Parliamentary Finance Committee has been researching Youth Unemployment.

Canada has a youth unemployment problem. The youth unemployment rate at 13.9% in 2013 is more than twice the rate of those above 25, youth employment has barely improved since the worst of the recession and youth labour force participation has declined substantially. Youth who do have a job are more likely to be working in a precarious, temporary position or to be working part-time involuntarily.

At the same time, the economic costs of youth unemployment are immense. Youth who experience periods of unemployment earn less than their peers over their career; even without personally experiencing unemployment, individuals who graduate during periods of high youth unemployment make smaller starting salaries and earn less. A 2013 TD Economics report estimated that the cost of youth unemployment (PDF) is about 1.3% of Canada's GDP, or over $10 billion annually with an additional residual effect of $12 billion spread over the next two decades.

Clearly, this is a problem in need of a solution so it's good that Parliament was studying the issues and looking for "possible solutions". The committee's report has now been released and parts of it are a fascinating read (if you're into reading 75 page policy studies) but its recommendations are inadequate compared to the scale of the problem.

Of 23 recommendations, five are that the Federal government should continue doing what it's doing – even in areas where the federal government's activities have been woefully inadequate, like it's sponsored internship programs. Two more call for the federal government to "expand" or "renew" current initiatives.

Four recommendations call for better labour market information (including tracking internships, as suggested in CCPA's Alternative Federal Budget) or suggest requiring universities to track student labour market outcomes, so youth can make better career decisions. Obviously, these are good ideas and better labour market information is needed in Canada partially because of cuts from this government, but that alone won't solve youth unemployment problems.

A couple other recommendations suggest tweaks to the Canadian Student Loans Program, supporting youth entrepreneurship, or encouraging interprovincial consistency on apprenticeship. And the report suggests seven areas of further study.

What's missing is any big ideas to actually tackle the problem of youth unemployment – which you might think is odd for a report titled "Youth employment in Canada: Challenges and Potential Solutions."

Only one of 23 recommendations actually deals directly with creating job opportunities for youth and it's only a suggestion for additional study: "Recommendation 16: That the federal government explore ways to promote youth hiring in Canada, such as tax credits for businesses that hire Canadians aged 18 to 30."

There was at least one big idea to tackle youth unemployment presented to the committee, although it only earned a passing mention in the final report. A Youth Guarantee program, like those in parts of Europe, was discussed by CUPE in testimony to the committee and will be explored further in a forthcoming CCPA discussion paper written by CUPE senior economist Toby Sanger and myself.

A youth guarantee is an umbrella of programs with a very basic idea: within a short period of unemployment – say four or six months – a young person should be offered of a subsidized job placement, more education, an apprenticeship or a skills training placement. Several European countries have adopted this approach with good results and the EU has recently committed •6 billion in multi-year funding for a Europe-wide youth guarantee.

A comprehensive made-in-Canada youth guarantee would be one good way to tackle our youth unemployment problem.


Other ideas to actually tackle youth unemployment that the committee heard in testimony: CCPA suggested, among other things, to expand federally funded summer youth employment programs, to set aside a portion of jobs in federally funded infrastructure programs for youth and hiring subsidies in certain areas. Several commentators, including CCPA's Armine Yalnizyan and the Canadian Labour Congress, suggested mobility funding for youth who were moving to look for work.

It seems that the Finance committee, however, wasn't looking for big ideas and possible solutions to address youth unemployment if it meant labour market interventions or actually spending money on the issue.

That's a shame because the status quo isn't working.

*Courtesy : Canadian Centre for Policy Alternative*






# ਜਸ਼ਨ ਦਾ ਸ਼ੋਰਗੁਲ ਅਤੇ ਲੋਕ ਰੋਹ ਦੀ ਲਲਕਾਰ

**ਮਨਦੀਪ**

ਵਿਸ਼ਵ ਫੁੱਟਬਾਲ ਕੱਪ 2014 ਦੀ ਪ੍ਰਸਿੱਧੀ ਤੇ ਇਸਦੀ ਹਰਮਨ ਪਿਆਰਤਾ ਦੀ ਚਰਚਾ ਦੁਨੀਆਂ ਭਰ 'ਚ ਫੈਲਾਉਣ ਲਈ ਸਥਾਨਕ ਪੱਧਰ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਤੱਕ ਦੇ ਮੀਡੀਆ ਦਾ ਪੂਰਾ ਜੋਰ ਲੱਗਿਆ ਹੋਇਆ ਹੈ। ਮੀਡੀਆ ਦੀ ਇਸ ਜੋਰ ਅਜ਼ਮਾਇਸ਼ ਪਿੱਛੇ ਇਕ ਯੋਜਨਾਬੱਧ ਨੀਤੀ ਤੇ ਨੀਅਤ ਹੈ। ਕੇਵਲ ਮੀਡੀਆ ਹੀ ਨਹੀਂ ਸੰਸਾਰ ਪ੍ਰਸਿੱਧ ਫੁੱਟਬਾਲ ਖਿਡਾਰੀ, ਫੁੱਟਬਾਲ ਫੈਡਰੇਸ਼ਨਾਂ, ਬਹੁਰਾਸ਼ਟਰੀ ਕੰਪਨੀਆਂ, ਅੰਤਰਰਾਸ਼ਟਰੀ ਹਸਤੀਆਂ, ਸੱਟੇਬਾਜ, ਹਾਲੀਵੁੱਡ ਸਿਤਾਰੇ ਆਦਿ ਵੀ ਇਹ ਚਰਚਾ ਫੈਲਾਉਣ 'ਚ ਪੂਰੀ ਤਨਦੇਹੀ ਨਾਲ ਸ਼ਰੀਕ ਹਨ। ਵੱਡੇ-ਵੱਡੇ ਹੋਟਲਾਂ-ਰੈਸਟੋਰੈਂਟਾਂ ਨੇ ਵਿਦੇਸ਼ੀ ਯਾਤਰੀਆਂ ਦਾ ਧਿਆਨ ਖਿੱਚਣ ਲਈ ਆਪਣੀਆਂ ਖਾਣੇ ਦੀਆਂ ਲਿਸਟਾਂ ਤੇ ਵੱਖਰੇ-ਵੱਖਰੇ ਪਕਵਾਨਾਂ ਦੇ ਨਾਮ ਸੰਸਾਰ ਪ੍ਰਸਿੱਧ ਫੁੱਟਬਾਲ ਖਿਡਾਰੀਆਂ ਦੇ ਨਾਮ ਤੇ ਰੱਖੇ ਲਏ ਹਨ। ਚਾਰ ਸਾਲ ਬਾਅਦ ਪੰਜ ਹਫ਼ਤੇ ਚੱਲਣ ਵਾਲੇ ਇਸ ਫੁੱਟਬਾਲ ਕੱਪ ਪ੍ਰਤੀ ਮੀਡੀਆ ਲੋਕਾਂ 'ਚ ਉਤੇਜਨਾ ਪੈਦਾ ਕਰਨ 'ਚ ਲੱਗਿਆ ਹੋਇਆ ਹੈ। ਇਹ ਉਤੇਜਨਾ ਖਾਸ ਮਾਰਕੀਟਿੰਗ ਹਿੱਤਾਂ ਤਹਿਤ ਪੈਦਾ ਕੀਤੀ ਜਾ ਰਹੀ ਹੈ। ਵਿਸ਼ਵ ਕੱਪ ਦੇ ਧੂੰਆਂਧਾਰ ਪ੍ਰਚਾਰ ਰਾਹੀਂ ਵਿਸ਼ਵ ਪੱਧਰ 'ਤੇ ਇਲੈਕਟ੍ਰਾਨਿਕ ਸਾਜੋ-ਸਮਾਨ, ਬਰਾਂਡਡ ਕੱਪੜੇ, ਖਿਡਾਉਣੇ ਤਿਆਰ ਕਰਨ ਵਾਲੀਆਂ ਕੰਪਨੀਆਂ, ਟੀ. ਵੀ. ਚੈਨਲ ਤੇ ਖਾਸਕਰ ਸਪੋਰਟਸ ਚੈਨਲ, ਕੋਕਾਕੋਲਾ, ਸਬਵੇਅ, ਮੈਕਡੌਨਲਡ, ਕੇਐਫਸੀ ਵਰਗੀਆਂ ਜੰਕ ਫੂਡ ਸਪਲਾਈ ਕਰਨ ਵਾਲੀਆਂ ਕੰਪਨੀਆਂ ਤੇ ਹੋਰ ਹਰ ਤਰ੍ਹਾਂ ਦੇ ਪ੍ਰੋਡਕਟ ਤਿਆਰ ਕਰਨ ਵਾਲੀਆਂ ਕੰਪਨੀਆਂ ਫੁੱਟਬਾਲ ਪ੍ਰੇਮੀਆਂ ਦੇ ਟੇਸਟ ਮੁਤਾਬਕ ਵੱਡੀ ਪੱਧਰ 'ਤੇ ਮਾਲ ਤਿਆਰ ਕਰਕੇ ਮੋਟੇ ਮੁਨਾਫੇ ਬਟੋਰਨ ਦੇ ਕੰਮ 'ਚ ਰੁਝੀਆਂ ਹੋਈਆਂ ਹਨ। ਉਨ੍ਹਾਂ ਵੱਲੋਂ ਮੋਟੇ ਮੁਨਾਫੇ ਬਟੋਰਨ ਲਈ ਖਪਤਵਾਦੀ ਬਜ਼ਾਰੂ ਮਾਨਸਿਕਤਾ ਤਿਆਰ ਕੀਤੀ ਜਾ ਰਹੀ ਹੈ। ਸਸਤੀ ਮਜ਼ਦੂਰੀ ਉੱਤੇ ਮਹਿੰਗੇ ਉਤਪਾਦ ਤਿਆਰ ਕਰਨ ਦੀਆਂ ਵੱਡੇ ਪੈਮਾਨੇ 'ਤੇ ਵਿਉਂਤਾਂ ਬਣਾਈਆਂ ਜਾ ਰਹੀਆਂ ਹਨ। ਪਾਕਿਸਤਾਨ ਜਿੱਥੇ ਮਜ਼ਦੂਰੀ ਸਸਤੀ ਪੈਂਦੀ ਹੈ, ਤੋਂ ਵਿਸ਼ਵ ਕੱਪ ਲਈ ਵਰਤੇ ਜਾਣ ਵਾਲੇ ਫੁੱਟਬਾਲ ਦੇ ਡਿਜ਼ਾਇਨ ਦੇ ਵੱਡੇ ਪੈਮਾਨੇ 'ਤੇ ਫੁੱਟਬਾਲ ਤਿਆਰ ਕਰਵਾ ਕੇ ਦੁਨੀਆਂ ਭਰ 'ਚ ਸਪਲਾਈ ਕਰਵਾਏ ਜਾ ਰਹੇ ਹਨ। ਸੰਸਾਰ ਪ੍ਰਸਿੱਧੀ ਵਾਲੇ ਸਪੋਰਟਸ ਚੈਨਲ ਵਿਸ਼ਵ ਕੱਪ ਦੀ ਲਾਈਵ ਬਰਾਡਕਾਸਟਿੰਗ ਨਾਲ ਅਰਬਾਂ ਦਾ ਕਾਰੋਬਾਰ ਕਰ ਰਹੇ ਹਨ। ਇਸ ਦੌਰਾਨ ਸੱਟੇਬਾਜ਼ਾਂ ਦੀ ਅਲੱਗ ਚਾਂਦੀ ਹੈ।

ਇਸ ਵਾਰ ਵਿਸ਼ਵ ਕੱਪ ਦੀ ਮੇਜ਼ਬਾਨੀ ਬ੍ਰਾਜ਼ੀਲ ਕਰ ਰਿਹਾ ਹੈ ਤੇ 12 ਹੋਰ ਮੁਲਕ ਇਸਦੇ ਹੋਸਟ ਹਨ। ਬ੍ਰਾਜ਼ੀਲ ਇਸ ਕੱਪ ਦੀ ਮੇਜ਼ਬਾਨੀ ਦੌਰਾਨ 11.5 ਮੀਲੀਅਨ ਡਾਲਰ ਦਾ ਖਰਚਾ ਕਰਨ ਜਾ ਰਿਹਾ ਹੈ। ਇਸ ਵਿਸ਼ਵ ਕੱਪ ਦੇ ਕੁਲ 20 ਮੈਚ ਅਲੱਗ-ਅਲੱਗ ਥਾਵਾਂ ਤੇ ਬਣੇ ਬੇਹੱਦ ਮਹਿੰਗੇ ਸਟੇਡੀਅਮਾਂ 'ਚ ਹੋਣੇ ਹਨ। ਇਕ ਮੈਚ ਦੌਰਾਨ ਸਟੇਡੀਅਮ 'ਚ 50 ਹਜ਼ਾਰ ਤੋਂ ਉਪਰ ਦਰਸ਼ਕ ਪੁੱਜਣਗੇ ਤੇ ਇਸ ਤਰ੍ਹਾਂ ਦੁਨੀਆਂ ਭਰ 'ਚੋਂ ਦਸ ਲੱਖ ਤੋਂ ਉਪਰ ਲੋਕ ਇਸ ਵਿਸ਼ਵ ਕੱਪ ਨੂੰ ਸਿੱਧੇ ਤੌਰ ਤੇ ਵੇਖਣ ਲਈ ਆ ਰਹੇ ਹਨ। ਇਨ੍ਹਾਂ ਮੈਚਾਂ ਦੌਰਾਨ ਵਿਸ਼ਵ ਕੱਪ 'ਚ ਸ਼ਾਮਲ ਵੱਖ-ਵੱਖ ਮੁਲਕਾਂ ਦੀਆਂ ਟੀਮਾਂ ਤੇ ਖਿਡਾਰੀਆਂ ਨੂੰ ਦਿੱਤੇ ਜਾਣ ਵਾਲੇ ਇਨਾਮਾਂ ਦੀ ਕੁਲ ਰਾਸ਼ੀ 576 ਮਿਲੀਅਨ ਅਮਰੀਕੀ ਡਾਲਰ ਹੈ। ਇਕ ਅੰਕੜੇ ਮੁਤਾਬਕ ਇਕ ਹਿੱਸੇਦਾਰ ਮੁਲਕ ਨੂੰ ਇਸ ਵਿਸ਼ਵ ਕੱਪ ਦੌਰਾਨ 30 ਕਰੋੜ ਡਾਲਰ ਦਾ ਸ਼ੁੱਧ ਮੁਨਾਫਾ ਹੋਵੇਗਾ, ਤਾਂ ਇੱਥੇ ਮੇਜ਼ਬਾਨੀ ਕਰਨ ਵਾਲੇ ਮੁਲਕ ਦੇ ਮੁਨਾਫਿਆਂ ਬਾਰੇ ਅੰਦਾਜ਼ਾ ਲਗਾਉਣਾ ਕੋਈ ਮੁਸ਼ਕਲ ਕੰਮ ਨਹੀਂ ਹੈ। ਵਿਸ਼ਵ ਫੁੱਟਬਾਲ ਕੱਪ ਨਾਲ ਵੱਖ-ਵੱਖ ਮੁਲਕ ਕਰੋੜਾਂ ਡਾਲਰ ਦਾ ਕਾਰੋਬਾਰ ਕਰਦੇ ਹਨ। ਇਕੱਲੇ ਮੁਲਕ ਹੀ ਨਹੀਂ ਬਲਕਿ ਤੇ ਉਨ੍ਹਾਂ ਦੇ ਖਿਡਾਰੀ, ਆਪਣਾ ਮਾਲ ਵੇਚਣ ਵਾਲੀਆਂ ਵੱਖ-ਵੱਖ ਕੰਪਨੀਆਂ, ਟੀ. ਵੀ. ਚੈਨਲ, ਸੱਟੇਬਾਜ ਆਦਿ ਵੀ ਕਰੋੜਾਂ ਕਮਾਉਂਦੇ ਹਨ।

ਦੂਜੇ ਪਾਸੇ ਫੀਫਾ ਕੱਪ ਦਾ ਵੱਡੀ ਪੱਧਰ ਤੇ ਵਿਰੋਧ ਹੋ ਰਿਹਾ ਹੈ। ਇਹ ਵਿਰੋਧ ਬ੍ਰਾਜ਼ੀਲ ਦੀਆਂ ਟਰੇਡ ਯੂਨੀਅਨਾਂ, ਖੱਬੇਪੱਖੀ ਪਾਰਟੀਆਂ ਤੇ ਸਮਾਜਿਕ ਕਾਰਕੁੰਨਾ ਦੁਆਰਾ ਕੀਤਾ ਜਾ ਰਿਹਾ ਹੈ। ਬ੍ਰਾਜ਼ੀਲ ਦੇ ਲੋਕ ਹੱਥਾਂ 'ਚ ਤਖਤੀਆਂ ਫੜ੍ਹਕੇ 'ਸਾਨੂੰ ਰੋਟੀ ਚਾਹੀਦੀ ਹੈ ਨਾ ਕਿ ਫੁੱਟਬਾਲ', 'ਸਾਨੂੰ ਸਿਹਤ ਤੇ ਸਿੱਖਿਆ ਲਈ ਪੈਸਾ ਚਾਹੀਦਾ ਹੈ ਨਾ ਕਿ ਵਿਸ਼ਵ ਕੱਪ ਲਈ', 'ਫੀਫਾ ਵਾਪਸ ਘਰ ਜਾਓ', 'ਭ੍ਰਿਸ਼ਟਾਚਾਰ ਦਾ ਵਿਸ਼ਵ ਕੱਪ' ਆਦਿ ਦੇ ਸਲੋਗਨ ਲੈ ਕੇ ਹਜ਼ਾਰਾਂ ਦੀ ਗਿਣਤੀ 'ਚ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਨੌਜਵਾਨ ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਬ੍ਰਾਜ਼ੀਲ ਦੇ ਬਹੁਤੇ ਸ਼ਹਿਰਾਂ 'ਚ ਬੁਨਿਆਦੀ ਸਹੂਲਤਾਂ ਨਹੀਂ ਹਨ, ਰਿਹਾਇਸ਼ੀ ਮਕਾਨਾਂ ਦੀ ਵੱਡੀ ਸਮੱਸਿਆ ਹੈ, ਲੋਕ ਸੜਕ ਤੇ ਆ ਰਹੇ ਹਨ ਤੇ ਮੌਤ ਦਰ ਲਗਾਤਾਰ ਵੱਧਦੀ ਜਾ ਰਹੀ ਹੈ। ਨਸ਼ਿਆਂ ਦੀ ਸਮੱਗਲਿੰਗ ਤੇ ਅਪਰਾਧ 'ਚ ਬੇਤਹਾਸ਼ਾ ਵਾਧਾ ਹੋ ਰਿਹਾ ਹੈ। ਵਿਸ਼ਵ ਕੱਪ ਸਿਹਤ, ਸਿੱਖਿਆ ਤੇ ਗਰੀਬੀ ਹਟਾਉਣ 'ਤੇ ਖਰਚੇ ਜਾਣ ਵਾਲੇ ਪੈਸੇ ਨੂੰ ਹੜੱਪ ਕਰ ਰਿਹਾ ਹੈ। ਵਿਰੋਧ ਪ੍ਰਦਰਸ਼ਨ 'ਚ ਸ਼ਾਮਲ ਵੱਡੀ ਗਿਣਤੀ ਨੌਜਵਾਨਾਂ ਦਾ ਕਹਿਣਾ ਹੈ ਕਿ ਇਹ ਵਿਸ਼ਵ ਕੱਪ ਅਮੀਰ ਵਿਦੇਸ਼ੀ ਯਾਤਰੀਆਂ ਲਈ ਹੈ ਬ੍ਰਾਜ਼ੀਲ ਦੇ ਲੋਕਾਂ ਲਈ ਨਹੀਂ। ਪਰ ਸਰਕਾਰ ਆਪਣੀ ਝੂਠੀ ਸ਼ਾਨ ਲਈ ਮੇਜ਼ਬਾਨੀ ਦਾ ਜਿੰਮਾ ਲੈ ਕੇ ਇਸਦਾ ਬੋਝ ਜਬਰੀ ਲੋਕਾਂ ਉਪਰ ਪਾ ਰਹੀ ਹੈ। ਕਿਉਂਕਿ ਜਦੋਂ ਵੀ ਕਿਸੇ ਮੁਲਕ ਅੰਦਰ ਵਿਸ਼ਵ ਕੱਪ ਹੁੰਦਾ ਹੈ ਤਾਂ ਉਸਦੇ ਬਾਅਦ ਦੇ ਕਈ ਸਾਲ ਲੋਕਾਂ ਉਪਰ ਭਾਰੀ ਟੈਕਸ ਮੜ੍ਹਕੇ ਇਸਦਾ ਬੋਝ ਉਨ੍ਹਾਂ 'ਤੇ ਪਾਇਆ ਜਾਂਦਾ ਹੈ। ਇਸਦੀ ਇਕ ਉਦਾਹਰਣ ਸਾਡੇ ਦੇਸ਼ ਦੀ ਰਾਜਧਾਨੀ ਦਿੱਲੀ 'ਚ ਹੋਈਆਂ ਰਾਸ਼ਟਰਮੰਡਲ ਖੇਡਾਂ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਦੇਸ਼ ਦੀ ਬਹੁਗਿਣਤੀ ਗਰੀਬ ਜਨਤਾ ਨੂੰ ਕੀ ਬੁਨਿਆਦੀ ਸਹੂਲਤਾਂ ਨਾਲੋਂ ਖੇਡਾਂ ਦੀ ਜਿਆਦਾ ਲੋੜ ਸੀ ? ਦੇਸ਼ ਦੇ ਲੋਕਾਂ ਦੇ ਵਿਰੋਧ ਨੂੰ ਮੱਠਾਂ ਪਾਉਣ ਜਾਂ ਖਾਰਿਜ ਕਰਨ ਲਈ ਵਿਸ਼ਵ ਪੱਧਰ ਤੇ ਇਸ ਗੱਲ ਦਾ ਰੌਲਾ ਪਾਇਆ ਜਾ ਰਿਹਾ ਹੈ ਕਿ ਟੀਮ ਦੀ ਜਿੱਤ ਪਿੱਛੇ ਸਭ ਤੋਂ ਵੱਡਾ ਹੱਥ ਦੇਸ਼ ਦੇ ਲੋਕਾਂ ਦਾ ਸਹਿਯੋਗ ਹੁੰਦਾ ਹੈ। ਅਸਲ ਵਿਚ ਇਹ ਤਰਕਹੀਣ ਦਲੀਲ ਵਿਸ਼ਵ ਕੱਪ ਦਾ ਵਿਰੋਧ ਕਰਨ ਵਾਲੀਆਂ ਸ਼ਕਤੀਆਂ ਪ੍ਰਤੀ ਨਫਰਤ ਪੈਦਾ ਕਰਨ ਅਤੇ ਵੱਡੀ ਪੱਧਰ ਤੇ ਲੋਕਾਂ ਦਾ ਧਿਆਨ ਇਸ ਕੱਪ ਵੱਲ ਖਿੱਚਣ ਲਈ ਘੜੀ ਗਈ ਹੈ। ਕਿਉਂਕਿ ਇੱਥੇ ਸਹਿਯੋਗ ਦੇਣ ਦੇ ਮਾਇਨੇ ਵਿਰੋਧ ਨਾ ਕਰਨ ਤੇ ਵਿਸ਼ਵ ਕੱਪ ਦੇ ਸ਼ੋਰਗੁਲ 'ਚ ਤਨ-ਮਨ-ਧਨ ਨਾਲ ਸ਼ਾਮਲ ਹੋਣ ਤੋਂ ਹੈ।

ਬ੍ਰਾਜ਼ੀਲ 'ਚ ਸ਼ਾਂਤਮਈ ਰੋਸ ਮੁਜ਼ਾਹਰਿਆਂ ਦੇ ਨਾਲ-ਨਾਲ ਪੁਲਿਸ ਦੀ ਹਿੰਸਾ ਦੇ ਜਵਾਬ ਵਜੋਂ ਹਿੰਸਕ ਝੜਪਾਂ ਵੀ ਹੋ ਰਹੀਆਂ ਹਨ। ਲੋਕ ਖਿਡਾਰੀਆਂ ਦੇ ਘਰਾਂ ਉਪਰ ਹਮਲੇ ਕਰ ਰਹੇ ਹਨ ਤੇ ਸਰਕਾਰ ਉਨ੍ਹਾਂ ਨੂੰ ਸ਼ਹਿਰ ਤੋਂ ਬਾਹਰ 'ਸੁਰੱਖਿਅਤ ਰਿਜ਼ੋਰਟ' ਬਣਾਕੇ ਰੱਖ ਰਹੀ ਹੈ। ਇਨ੍ਹਾਂ ਝੜਪਾਂ ਦੌਰਾਨ ਪ੍ਰਦਰਸ਼ਨਕਾਰੀਆਂ ਨੂੰ ਕੰਟਰੋਲ ਕਰਨ ਲਈ ਬ੍ਰਾਜ਼ੀਲ 'ਚ ਇਕ ਲੱਖ ਪੁਲਿਸ ਮੁਲਾਜ਼ਮ ਤੇ 57000 ਫੌਜ਼ੀ ਜਵਾਨ ਤਾਇਨਾਤ ਕੀਤੇ ਹੋਏ ਹਨ। ਸ਼ੋਸ਼ਲ ਨੈਟਵਰਕ ਰਾਹੀਂ ਜੱਥੇਬੰਦ ਹੋ ਕੇ ਸ਼ਾਂਤਮਈ ਰੋਸ ਜਾਹਰ ਕਰਨ ਵਾਲੇ ਇਨ੍ਹਾਂ ਮੁਜਾਹਰਾਕਾਰੀਆਂ ਨੂੰ ਅਥਰੂ ਗੈਸ, ਗਰਨੇਡ, ਪੇਪਰ ਸਪਰੇਅ, ਪਾਣੀ ਦੀਆਂ ਬੁਛਾੜਾਂ ਤੇ ਲਾਠੀਆਂ ਨਾਲ ਕੰਟਰੋਲ ਕੀਤਾ ਜਾ ਰਿਹਾ ਹੈ।

ਜਿੱਥੇ ਇਕ ਪਾਸੇ ਸੰਸਾਰ ਪੱਧਰ ਤੇ ਫੁੱਟਬਾਲ ਕੱਪ ਦੇ ਜਸ਼ਨ ਮਨਾਉਣ ਦਾ ਮਹੌਲ ਹੈ ਉੱਥੇ ਦੂਜੇ ਪਾਸੇ ਇਸਦੇ ਖਤਰਨਾਕ ਸਿੱਟੇ ਵੀ ਜੱਗ ਜਾਹਰ ਹਨ। ਇਸ ਵਿਸ਼ਵ ਕੱਪ ਲਈ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਬੇਹੱਦ ਮਹਿੰਗੇ ਮੋਬਾਇਲ ਕਨੈਕਟੀਵਿਟੀ ਵਾਲੇ ਸਟੇਡੀਅਮ ਉਸਾਰੇ ਜਾਂਦੇ ਹਨ। ਇਨ੍ਹਾਂ ਸਟੇਡੀਅਮਾਂ ਲਈ ਦੱਬੇ-ਕੁਚਲੇ ਮੁਲਕਾਂ ਤੋਂ ਸਸਤੀ ਲੇਬਰ ਮੰਗਵਾਈ ਜਾਂਦੀ ਹੈ। ਫੁੱਟਬਾਲ ਸਟੇਡੀਅਮਾਂ ਦੀ ਉਸਾਰੀ ਦੌਰਾਨ ਇਨ੍ਹਾਂ ਮਜ਼ਦੂਰਾਂ ਨੂੰ ਮਾੜੀਆਂ ਹਾਲਤਾਂ 'ਚ ਘੱਟ ਤਨਖਾਹਾਂ ਤੇ ਕੰਮ ਕਰਨਾ ਪੈਂਦਾ ਹੈ। ਪਿੱਛੇ ਜਿਹੇ ਸਟੇਡੀਅਮਾਂ ਦੀ ਉਸਾਰੀ ਦੌਰਾਨ ਸੈਂਕੜੇ ਮਜ਼ਦੂਰਾਂ ਦੀ ਮੌਤਾਂ ਦੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ। ਮਜ਼ਦੂਰਾਂ ਦੀ ਬਦਹਾਲੀ ਦੇ ਨਾਲ-ਨਾਲ ਇਨ੍ਹਾਂ ਮਹਿੰਗੇ ਸਟੇਡੀਅਮਾਂ ਦੀ ਉਸਾਰੀ ਦੇ ਖਰਚਿਆਂ ਦਾ ਬੋਝ ਭਾਰੀ ਟੈਕਸਾਂ ਤੇ ਮਹਿੰਗਾਈ ਦੇ ਰੂਪ 'ਚ ਉਸ ਦੇਸ਼ ਦੇ ਲੋਕਾਂ ਨੂੰ ਝੱਲਣਾ ਪੈਂਦਾ ਹੈ। ਇਸੇ ਤਰ੍ਹਾਂ ਜੰਕ ਫੂਡ ਬਰਾਂਡਾਂ ਤੇ ਹੋਰ ਖਾਣ-ਪੀਣ ਵਾਲੀਆਂ ਵਸਤਾਂ ਦੀ ਜਿਆਦਾ ਬੁਕਿੰਗ ਕਾਰਨ ਇਸਨੂੰ ਬਣਾਉਣ ਵਾਲੇ ਮਜ਼ਦੂਰਾਂ ਉਪਰ ਕੰਮ ਦਾ ਭਾਰੀ ਬੋਝ ਪੈ ਰਿਹਾ ਹੈ। ਇਕ ਖਬਰ ਮੁਤਾਬਕ ਜੰਕ ਫੂਡ ਦੇ ਵੱਡੇ ਬਰਾਂਡ ਸਬਵੇਅ ਦੇ ਮਜ਼ਦੂਰ ਇਸ ਕਰਕੇ ਹੜਤਾਲ 'ਤੇ ਹਨ ਕਿ ਵਿਸ਼ਵ ਕੱਪ ਦੌਰਾਨ ਜਿਆਦਾ ਆਰਡਰ ਮਿਲਣ ਕਾਰਨ ਉਨ੍ਹਾਂ ਉਪਰ ਕੰਮ ਦਾ ਜਿਆਦਾ ਬੋਝ ਹੈ। ਉਨ੍ਹਾਂ ਨੂੰ ਘੱਟ ਤਨਖਾਹ ਤੇ ਜਿਆਦਾ ਸਮਾਂ ਮਜ਼ਦੂਰੀ ਕਰਨੀ ਪੈ ਰਹੀ ਹੈ।

ਜਿਸ ਦੇਸ਼ ਦੇ ਨਾਗਰਿਕ ਬੁਨਿਆਦੀ ਸਹੂਲਤਾਂ ਦੇ ਫਿਕਰਾਂ ਤੋਂ ਮੁਕਤ ਸਿਹਤਮੰਦ ਤੇ ਸਿੱਖਿਅਤ ਹੋਣ ਉੱਥੇ ਹੀ ਖੇਡਾਂ 'ਚ ਅਸਲ ਸਕਾਰਾਤਮਕ ਮੁਕਾਬਲੇਬਾਜੀ ਹੋ ਸਕਦੀ ਹੈ ਤੇ ਸਹੀ ਅਰਥਾਂ 'ਚ ਦੇਸ਼ ਦੇ ਲੋਕ ਤੇ ਖਿਡਾਰੀ ਉਸ 'ਚ ਪੂਰੀ ਦ੍ਰਿੜਤਾ ਤੇ ਸੱਚੀ ਭਾਵਨਾ ਨਾਲ ਸ਼ਾਮਲ ਹੋ ਸਕਦੇ ਹਨ। ਪ੍ਰੰਤੂ ਇੱਥੇ ਸਾਮਰਾਜੀ ਮੁਲਕ ਜਿਨ੍ਹਾਂ ਨੇ ਦੱਬੇ-ਕੁਚਲੇ ਮੁਲਕਾਂ ਦੀ ਲੁੱਟ ਕਰਕੇ ਆਪਣਾ ਸਾਮਰਾਜ ਉਸਾਰਿਆ ਹੈ, ਦੇ ਖਿਡਾਰੀ ਅਤੇ ਦੱਬੇ-ਕੁਚਲੇ ਮੁਲਕਾਂ ਦੇ ਖਿਡਾਰੀਆਂ ਦੇ ਹੁਨਰ ਵਿਚਲਾ ਅੰਤਰ ਵਿਸ਼ਵ ਕੱਪ ਦੇ ਪ੍ਰਦਰਸ਼ਨ ਤੋਂ ਸਾਫ ਜਾਹਰ ਹੋ ਜਾਂਦਾ ਹੈ। ਉਂਝ ਵੀ ਇਨ੍ਹਾਂ ਖੇਡਾਂ 'ਚ ਸ਼ਾਮਲ ਹੋਣ ਵਾਲੇ ਦੱਬੇ-ਕੁਚਲੇ ਮੁਲਕਾਂ ਦੇ ਜਿਆਦਾਤਰ ਖਿਡਾਰੀ ਉੱਚ ਕੁਲੀਨ ਵਰਗ 'ਚੋਂ ਹੁੰਦੇ ਹਨ। ਦੇਸ਼ ਦੀ ਅਬਾਦੀ ਦਾ ਵੱਡਾ ਹਿੱਸਾ ਨੌਜਵਾਨਾਂ ਦਾ ਖੇਡਾਂ ਤੇ ਹੋਰ ਖੇਤਰਾਂ ਵਿੱਚ ਮੱਲਾਂ ਮਾਰਨ ਦਾ ਹੁਨਰ ਗਰੀਬੀ, ਬੇਰੁਜਗਾਰੀ, ਮਜ਼ਬੂਰੀਆਂ, ਬਿਮਾਰੀਆਂ, ਕੁਪੋਸ਼ਣ, ਅਨਪੜ੍ਹਤਾ ਆਦਿ ਹੇਠ ਦਮ ਘੁੱਟ ਦਿੰਦਾ ਹੈ। ਉਹ ਸਿਰਫ ਕਾਮਯਾਬੀ ਦੇ ਸੁਪਨੇ ਵੇਖਕੇ ਸਾਰਨ ਲਈ ਸਰਾਪੇ ਹੋਏ ਹਨ। ਉਂਝ ਵੀ ਉਨ੍ਹਾਂ ਦੇ ਇਹ ਸੁਪਨੇ ਲੁੱਟ-ਖਸੁੱਟ, ਮੁਨਾਫੇ ਤੇ ਜਬਰ 'ਤੇ ਟਿਕੇ ਇਸ ਪ੍ਰਬੰਧ ਵਿਚ ਪੂਰੇ ਨਹੀਂ ਹੋਣ ਵਾਲੇ ਕਿਉਂਕਿ ਇਸ ਪ੍ਰਬੰਧ ਦਾ ਮੂਲ ਮੰਤਰ ਲੁਟੇਰਿਆਂ ਦੇ ਹਿੱਤਾਂ ਦੀ ਰਾਖੀ ਕਰਨਾ ਹੀ ਹੈ ਨਾ ਕਿ ਮਿਹਨਤਕਸ਼ ਲੋਕਾਂ ਲਈ ਅਜ਼ਾਦੀ, ਬਰਾਬਰੀ ਤੇ ਭਾਈਚਾਰੇ ਵਾਲਾ ਚੰਗਾ ਸਮਾਜ ਪ੍ਰਦਾਨ ਕਰਨਾ। ਇਸ ਲਈ ਲੋੜ ਹੈ ਸੁਪਨਿਆਂ ਨੂੰ ਹਕੀਕਤ 'ਚ ਬਦਲਣ ਲਈ ਸੰਘਰਸ਼ ਜਾਵੇ।

98764-42052

## ਚੰਗੇ ਦਿਨ

- ਦਲਬੀਰ ਸਿੰਘ ਔਲਖ

ਸਾਡੇ ਦੇਸ਼ ਦੀ ਜਨਤਾ ਦੇ ਲਈ,
ਚੰਗੇ ਦਿਨ ਦੇਖ ਲੋ ਆਏ।

ਡੀਜ਼ਲ, ਗੈਸ ਤੇ ਰੇਲ ਕਿਰਾਏ,
ਮੋਦੀ ਨੇ ਆਣ ਫੇਰ ਵਧਾਏ।

ਭੋਲੇ ਲੋਕਾਂ ਆ ਝਾਂਸੇ ਵਿਚ,
ਆਪਣੇ ਹੱਥ ਨੇ ਆਪ ਵਢਾਏ।

ਅਡਾਨੀ-ਅੰਬਾਨੀ ਸੇਰ ਦਹਾੜੇ,
ਛੜਦੇ ਨੀ ਜੋ ਪੰਜੇ ਆਏ।

ਜਨਤਾ ਦੇ ਹੱਥ ਕੁਝ ਨਾ ਆਇਆ,
ਫੋਕੇ ਗਏ ਝੰਡੇ ਲਹਿਰਾਏ।

ਇਹ ਸਭ ਲੋਟੂ ਚੋਰ ਲਫ਼ੰਗੇ,
ਇਨ੍ਹਾਂ ਨੇ ਹੈ ਭੇਸ ਵਟਾਏ।

ਸਾਡੇ ਦੇਸ਼ ਦੀ ਜਨਤਾ ਦੇ ਲਈ,
ਚੰਗੇ ਦਿਨ ਦੇਖ ਲੋ ਆਏ।

96010-13036

**ਮਿੰਨੀ ਕਹਾਣੀ**

## ਫੈਸਲਾ

- ਹਰੀ ਸਿੰਘ 'ਚਮਕ'

ਪਿਛਲੇ ਪੰਜ ਸਾਲ ਤੋਂ ਇਕ ਬੱਸ ਦੁਰਘਟਨਾ ਸਬੰਧੀ ਪੇਸ਼ੀ ਭੁਗਤਣ ਆਏ ਡਰਾਈਵਰ ਨੂੰ ਜੱਜ ਸਾਹਿਬ ਨੇ ਫਿਰ ਅਗਲੀ ਤਰੀਕ ਦੇ ਦਿੱਤੀ।

"ਸਰ ਮੇਰੀ ਫਰਿਆਦ ਸੁਣਨ ਲਈ, ਮੈਨੂੰ ਇਕ ਮਿੰਟ ਦਿਓਗੇ?" ਤਰੀਕਾਂ ਤੋਂ ਅੱਕ ਕੇ ਡਰਾਈਵਰ ਨੇ ਗੱਲ ਕਰਨ ਲਈ ਜੱਜ ਸਾਹਿਬ ਤੋਂ ਸਮਾਂ ਮੰਗਿਆ।

'ਹਾਂ ਦੱਸ ਕੀ ਕਹਿਣਾ ਚਾਹੁੰਨੈ।' ਜੱਜ ਸਾਹਿਬ ਨੇ ਹਾਂ ਕਰ ਦਿੱਤੀ।

'ਸਰ ਮੈਂ ਇਕ ਡਰਾਈਵਰ ਹਾਂ। ਮੈਂ ਸਵੇਰੇ ਪਟਿਆਲੇ ਤੋਂ ਦਿੱਲੀ ਬੱਸ ਲੈ ਕੇ ਜਾ ਰਿਹਾ ਸੀ। ਸਾਢੇ ਪੰਜ ਘੰਟੇ ਦੇ ਸਮੇਂ ਵਿਚ ਮੈਂ ਦਿੱਲੀ ਪਹੁੰਚਣਾ ਸੀ। ਸੜਕ ਸਾਫ਼ ਸੀ, ਮੇਰੀ ਗੱਡੀ ਸਪੀਡ 'ਤੇ ਜਾ ਰਹੀ ਸੀ। ਭਾਖੜਾ ਨਹਿਰ ਦੇ ਪੁੱਲ ਕੋਲੋਂ ਅਚਾਨਕ ਇਕ ਸਾਈਕਲ ਸਵਾਰ ਰੌਂਗ ਸਾਈਡ ਤੋਂ ਨਿਕਲ ਮੇਰੀ ਬੱਸ ਦੇ ਅੱਗੇ ਆ ਗਿਆ। ਹੁਣ ਸਪੀਡ 'ਤੇ ਜਾ ਰਹੀ ਬੱਸ ਤੋਂ, ਮੈਂ ਉਸ ਨੂੰ ਬਚਾਉਣ ਦੀ ਖ਼ਾਤਰ ਬੱਸ ਸੱਜੇ ਖੱਬੇ ਵੱਟਦਾ ਤਾਂ ਵੀ ਅੱਗੇ ਤੰਗ ਪੁਲ ਹੋਣ ਕਰਕੇ ਸਵਾਰੀਆਂ ਨਾਲ ਭਰੀ ਬੱਸ ਨਹਿਰ ਵਿਚ ਡਿੱਗਦੀ ਸੀ ਤੇ ਜੇ ਮੈਂ ਬਰੇਕ ਲਗਾਉਂਦਾ ਤਾਂ ਵੀ ਪਲਟ ਕੇ ਬੱਸ ਨਹਿਰ ਵਿਚ ਡਿਗਦੀ ਸੀ। ਉਸ ਸਮੇਂ 55 ਸਵਾਰੀਆਂ ਦੀ ਜਾਨ ਮੇਰੀ ਮੁੱਠੀ ਵਿਚ ਸੀ ਤੇ ਮੇਰੇ ਕੋਲ ਫੈਸਲਾ ਕਰਨ ਲਈ ਸਮਾਂ ਸਿਰਫ਼ 1-2 ਸੈਕਿੰਡ ਦਾ ਸੀ ਕਿ ਬੱਸ ਸਿੱਧੀ ਰੱਖਣੀ ਹੈ, ਖੱਬੇ ਸੱਜੇ ਵੱਟਣੀ ਹੈ ਜਾਂ ਬਰੇਕ ਲਾਉਣੇ ਨੇ। ਜੋ ਫੈਸਲਾ ਤੁਸੀਂ ਪਿਛਲੇ ਪੰਜ ਸਾਲਾਂ ਵਿਚ ਨਹੀਂ ਕਰ ਸਕੇ ਉਹ ਫੈਸਲਾ ਮੈਨੂੰ ਕੇਵਲ 1-2 ਸੈਕਿੰਡ ਵਿਚ ਕਰਨਾ ਪਿਆ ਤੇ ਬੱਸ ਦੀਆਂ 55 ਸਵਾਰੀਆਂ ਦੀ ਜਾਨ ਬਚਾਉਣ ਲਈ ਮੈਂ ਬੱਸ ਸਿੱਧੀ ਰੱਖੀ ਤੇ ਉਹ ਸਾਈਕਲ ਸਵਾਰ ਮੇਰੀ ਬੱਸ ਥੱਲੇ ਆ ਗਿਆ। ਹੁਣ ਜੇ ਮੇਰੀ ਗਲਤੀ ਹੈ, ਮੈਂ ਸਜ਼ਾ ਭੁਗਤਣ ਲਈ ਤਿਆਰ ਹਾਂ। ਤੁਸੀਂ ਆਪ ਹੀ ਦੱਸੋ ਮੈਂ 1-2 ਸੈਕਿੰਡ ਵਿਚ ਕੀ ਫੈਸਲਾ ਕਰਦਾ।" ਦੋਚਿੱਤੀ ਵਿਚ ਪਏ ਜੱਜ ਸਾਹਿਬ ਕੋਲ ਕੋਈ ਜਵਾਬ ਨਹੀਂ ਸੀ।

93178-31521



# ਸਤਲੁਜ ਦੀ ਸਾਂਝੀ ਵਿਰਾਸਤ



**ਵਰਿੰਦਰ ਵਾਲੀਆ**

ਗੁਰਬਾਣੀ ਵਿੱਚ ਹਵਾ ਨੂੰ ਗੁਰੂ, ਜਲ ਨੂੰ ਬਾਬਲ ਅਤੇ ਧਰਤੀ ਨੂੰ ਮਹਾਨ ਅੰਮੜੀ ਦਾ ਸਥਾਨ ਹਾਸਲ ਹੈ-ਪਵਣੁ ਗੁਰੂ ਪਾਣੀ ਪਿਤਾ/ਮਾਤਾ ਧਰਤਿ ਮਹਤੁ॥

ਮਨੁੱਖ ਦੀਆਂ ਬੱਜਰ ਗ਼ਲਤੀਆਂ ਕਰਕੇ ਜੀਣ-ਥੀਣ ਦੇ ਕੁਦਰਤੀ ਸਰੋਤ ਤੇਜ਼ੀ ਨਾਲ ਪਲੀਤ ਹੋ ਰਹੇ ਹਨ। ਧਰਤੀ ਮਾਂ ਨੂੰ ਜ਼ਹਿਰ ਦੀਆਂ ਘੁੱਟਾਂ ਪਿਆ ਕੇ ਉਸ ਦੇ ਲਾਡਲਿਆਂ ਨੇ ਮਹਿਲ-ਮਾੜੀਆਂ ਉਸਾਰਨ ਦੀ ਕੋਸ਼ਿਸ਼ ਕੀਤੀ ਹੈ। ਖੇਤਾਂ ਵਿੱਚ ਅੰਨ੍ਹੇਵਾਹ ਜ਼ਹਿਰਾਂ ਦਾ ਛਿੜਕਾਅ ਕਰ ਕੇ ਉਸ ਨੇ ਦੁਸ਼ਮਣ ਦੇ ਨਾਲ-ਨਾਲ ਮਿੱਤਰ ਕੀੜਿਆਂ ਦਾ ਵੀ ਘਾਣ ਕੀਤਾ ਹੈ। ਪੰਜਾਬੀਆਂ ਦੀ ਇਹ ਵੱਡੀ ਤ੍ਰਾਸਦੀ ਰਹੀ ਹੈ ਕਿ ਉਹ ਸੱਜਣ ਅਤੇ ਦੁਸ਼ਮਣ ਦੇ ਫ਼ਰਕ ਨੂੰ ਸਮਝਣ ਵਿੱਚ ਹਮੇਸ਼ਾਂ ਟਪਲਾ ਖਾਂਦੇ ਆਏ ਹਨ। ਪੰਜਾਬ ਦਾ ਕਾਲਾ ਦੌਰ ਇਸ ਦੀ ਤਾਜ਼ਾ ਮਿਸਾਲ ਹੈ। ਅਜਿਹੀ ਕੋਸ਼ਿਸ਼ ਨਾਲ ਪੰਜਾਬ ਦੀ ਸਵੱਛ ਫ਼ਿਜ਼ਾ ਵੀ ਪ੍ਰਦੂਸ਼ਿਤ ਹੁੰਦੀ ਰਹੀ ਹੈ।

ਫੈਕਟਰੀਆਂ 'ਚੋਂ ਨਿਕਾਸ ਹੋ ਰਹੇ ਰਸਾਇਣਕ ਪਦਾਰਥਾਂ ਨੇ ਸਾਡੇ ਨਿਰਮਲ ਪਾਣੀਆਂ ਵਿੱਚ ਜ਼ਹਿਰ ਘੋਲ ਦਿੱਤੀ ਹੈ। ਪਾਪੀਆਂ ਦੇ ਪਾਪ ਧੋ-ਧੋ ਕੇ ਪਵਿੱਤਰ ਗੰਗਾ ਵੀ ਮੈਲ਼ੀ ਹੋ ਗਈ। ਵਾਰਾਨਸੀ ਤੋਂ ਲੋਕ ਸਭਾ ਦੀ ਚੋਣ ਜਿੱਤਣ ਤੋਂ ਬਾਅਦ ਨਰਿੰਦਰ ਮੋਦੀ ਨੇ ਗੰਗਾ ਦੀ ਸਾਫ਼-ਸਫ਼ਾਈ ਨੂੰ ਰਾਸ਼ਟਰੀ ਮਿਸ਼ਨ ਬਣਾਇਆ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਦੋਂ ਜਲ ਸਰੋਤ ਮੰਤਰੀ ਉਮਾ ਭਾਰਤੀ ਨੂੰ ਮਿਲੇ ਤਾਂ ਉਨ੍ਹਾਂ ਵਾਅਦਾ ਕੀਤਾ ਕਿ ਸਤਲੁਜ ਦਰਿਆ ਨੂੰ ਵੀ ਗੰਗਾ ਦੀ ਤਰਜ਼ 'ਤੇ ਪ੍ਰਦੂਸ਼ਨ-ਮੁਕਤ ਕੀਤਾ ਜਾਵੇਗਾ।

ਬਾਦਲ ਸਰਕਾਰ ਸਮਝਦੀ ਹੈ ਕਿ ਕੇਂਦਰ ਵਿੱਚ ਐੱਨ.ਡੀ.ਏ. ਹੋਣ ਨਾਲ ਪੰਜਾਬ ਦੇ ਭਾਗ ਖੁੱਲ੍ਹ ਗਏ ਹਨ। ਉਨ੍ਹਾਂ ਨੂੰ ਜਾਪਦਾ ਹੈ ਕਿ ਮੋਦੀ ਸਰਕਾਰ ਮੂੰਹ ਮੰਗੀਆਂ ਮੁਰਾਦਾਂ ਪੂਰੀਆਂ ਕਰੇਗੀ। ਇਸੇ ਲਈ ਕਈ ਵਰ੍ਹਿਆਂ ਤੋਂ ਠੰਢੇ ਬਸਤੇ ਵਿੱਚ ਪਏ ਹੋਏ ਮੁੱਦੇ ਹੌਲੀ-ਹੌਲੀ ਬਾਹਰ ਆ ਰਹੇ ਹਨ। ਲੋਕ ਸਭਾ ਚੋਣਾਂ ਦੌਰਾਨ ਮਨ-ਇੱਛਤ ਸੀਟਾਂ ਹਾਸਲ ਨਾ ਹੋਣ ਕਾਰਨ ਅਕਾਲੀ ਦਲ ਨੂੰ ਚੰਡੀਗੜ੍ਹ ਸਮੇਤ ਹੁਣ ਭੁੱਲੇ ਵਿਸਰੇ ਪੰਥਕ ਮੁੱਦੇ ਯਾਦ ਆਉਣੇ ਸ਼ੁਰੂ ਹੋ ਗਏ ਹਨ। ਸਤਲੁਜ ਦਾ ਮੁੱਦਾ ਤਾਂ ਪੈਰ ਹੇਠ ਬਟੇਰ ਆਉਣ ਵਾਂਗ ਹੈ ਜਿਸ ਨੂੰ ਅਕਾਲੀ ਦਲ ਕੇਂਦਰ ਵੱਲੋਂ ਦਿੱਤਾ ਗਿਆ 'ਤੋਹਫ਼ਾ' ਮੰਨ ਕੇ ਪ੍ਰਚਾਰ ਕਰ ਰਿਹਾ ਹੈ। ਵੇਖਿਆ ਜਾਵੇ ਤਾਂ ਚਾਰ ਦਹਾਕੇ ਪਹਿਲਾਂ (ਸੰਨ 1973) ਪਾਸ ਕੀਤੇ ਗਏ ਅਨੰਦਪੁਰ ਸਾਹਿਬ ਮਤੇ ਵਿੱਚ ਸ਼ਾਮਲ ਮੰਗਾਂ ਦੇ ਮੁਕਾਬਲੇ ਸਤਲੁਜ ਦੀ ਸਫ਼ਾਈ ਕਰਨ ਦਾ ਵਾਅਦਾ ਊਠ ਦੇ ਮੂੰਹ ਵਿੱਚ ਜੀਰੇ ਸਮਾਨ ਹੈ। ਅਕਾਲੀ ਦਲ ਭਾਵੇਂ ਪੁਰਾਣੇ ਪੰਥਕ ਮੁੱਦਿਆਂ ਨੂੰ ਹੌਲੀ-ਹੌਲੀ ਭੱਥੇ ਵਿੱਚੋਂ ਕੱਢ ਰਿਹਾ ਹੈ ਫਿਰ ਵੀ ਉਹ ਅਨੰਦਪੁਰ ਸਾਹਿਬ ਮਤੇ ਦਾ ਜ਼ਿਕਰ ਕਰਨ ਤੋਂ ਝਿਜਕ ਰਿਹਾ ਹੈ। ਵੈਸੇ ਵੀ ਪ੍ਰਧਾਨ ਮੰਤਰੀ ਅਤੇ ਹੋਰ ਕੇਂਦਰੀ ਮੰਤਰੀਆਂ ਨਾਲ ਮੁਲਾਕਾਤ ਕਰਨ ਸਮੇਂ ਮੁੱਖ ਮੰਤਰੀ ਆਪੋ-ਆਪਣੇ ਸੂਬਿਆਂ ਦੀਆਂ ਰਸਮੀ ਤੌਰ 'ਤੇ ਮੰਗਾਂ ਰੱਖਦੇ ਹਨ। ਰਸਮੀ ਮੁਲਾਕਾਤਾਂ ਵਿੱਚ ਰਸਮੀ ਵਾਅਦੇ ਕੀਤੇ ਜਾਂਦੇ ਹਨ। ਦੋਵਾਂ ਧਿਰਾਂ ਦੇ ਚਿਹਰਿਆਂ 'ਤੇ ਰਸਮੀ ਮੁਸਕਾਨ ਹੁੰਦੀ ਹੈ। ਇਹ ਮੋਨਾਲੀਜ਼ਾ ਦੀ ਮੁਸਕਾਨ ਵਾਂਗ ਹੁੰਦੀ ਹੈ ਜਿਸ ਦਾ ਅੱਜ ਤਕ ਅਨੁਵਾਦ ਨਹੀਂ ਹੋ ਸਕਿਆ। ਪੰਜਾਬ ਦੀਆਂ ਭੂਗੋਲਿਕ ਹੱਦਾਂ-ਸਰਹੱਦਾਂ ਬਦਲਦੀਆਂ ਰਹੀਆਂ ਹਨ ਜਿਸ ਕਰਕੇ ਇੱਥੋਂ ਦੇ ਵਾਸੀਆਂ ਦੀ ਕਿਸਮਤ ਵੀ ਬਦਲਦੀ ਰਹੀ ਹੈ। ਦੇਸ਼ ਦੀ ਵੰਡ ਤੋਂ ਬਾਅਦ ਪੰਜਾਬ ਤਕਸੀਮ ਹੋ ਗਿਆ ਜਿਸ ਨਾਲ ਇੱਥੋਂ ਦਾ ਜੋਸ਼ ਅਤੇ ਹੋਸ਼ ਵੀ ਤਕਸੀਮ ਹੋ ਗਿਆ ਸੀ। ਪੰਜਾਬੀ ਸੂਬਾ ਬਣਨ ਤੋਂ ਬਾਅਦ ਪੰਜਾਬੀ ਫਿਰ ਵੰਡੇ ਗਏ। ਦਰਿਆ ਤਕਸੀਮ ਹੋਏ ਤਾਂ 'ਦਿਲ ਦਰਿਆ' ਵੀ ਤਕਸੀਮ ਹੋ ਗਏ। ਜੋ ਅਸੰਭਵ ਲੱਗਦਾ ਸੀ ਉਹ ਸੰਭਵ ਹੋ ਗਿਆ-ਪਾਣੀ ਵਿੱਚ ਲਕੀਰਾਂ ਪੈ ਗਈਆਂ। ਸਤਲੁਜ, ਹਿੰਦੁਸਤਾਨ ਅਤੇ ਪਾਕਿਸਤਾਨ ਦਰਮਿਆਨ ਵਹਿਣ ਵਾਲਾ ਲਗਪਗ 1450 ਕਿਲੋਮੀਟਰ ਲੰਮਾ ਦਰਿਆ ਹੈ। ਸ਼ਬਦਕੋਸ਼ ਵਿੱਚ ਇਸ ਨੂੰ ਸ਼ਤ (ਸੌ) ਧਾਰਾ ਵਹਿਣ ਵਾਲਾ ਦਰਿਆ ਕਿਹਾ ਗਿਆ ਹੈ। ਪੁਰਾਣ ਕਥਾ ਹੈ ਕਿ ਵਸਿਸ਼ ਰਿਖੀ ਪੁੱਤਰ ਸ਼ੋਕ ਨਾਲ ਇਸ ਵਿੱਚ ਡੁੱਬ ਕੇ ਮਰਨ ਲੱਗਾ ਤਾਂ ਦਰਿਆ ਨੇ ਆਪਣੇ ਪ੍ਰਵਾਹ ਨੂੰ ਸੌ ਥਾਂ ਤਕਸੀਮ ਕਰ ਕੇ ਉਸ ਨੂੰ ਡੁੱਬਣ ਤੋਂ ਬਚਾ ਲਿਆ ਸੀ। ਇਸੇ ਲਈ ਇਸ ਨੂੰ ਆਦਰਸ਼ ਦਰਿਆ ਕਿਹਾ ਜਾਂਦਾ ਹੈ। ਇਹ ਦਰਿਆ ਤਿੱਬਤ ਦੇ ਪ੍ਰਸਿੱਧ ਤਾਲ ਮਾਨਸਰੋਵਰ ਦੇ ਕੋਲ ਰਾਵਣਰੁਦਸਰ ਵਿੱਚੋਂ ਨਿਕਲ ਕੇ ਕੁੱਲੂ, ਮੰਡੀ, ਬਿਲਾਸਪੁਰ, ਨੰਗਲ, ਆਨੰਦਪੁਰ ਸਾਹਿਬ, ਰੋਪੜ ਅਤੇ ਬਰਾਸਤਾ ਫ਼ਿਰੋਜ਼ਪੁਰ 900 ਮੀਲ ਵਹਿੰਦਾ ਹੋਇਆ ਮੁਜ਼ੱਫ਼ਰਗੜ੍ਹ ਜ਼ਿਲ੍ਹੇ ਵਿੱਚ ਸਿੰਧ ਨਾਲ ਜਾ ਮਿਲਦਾ ਹੈ। ਰੋਪੜ ਵਿਖੇ ਸਤਲੁਜ ਕਿਨਾਰੇ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ ਸਰਕਾਰ ਦਰਮਿਆਨ ਹੋਈ ਸੰਧੀ ਮੁਤਾਬਕ ਇਸ ਦਰਿਆ ਨੂੰ ਸਿੱਖ ਅਤੇ ਬ੍ਰਿਟਿਸ਼ ਰਾਜਾਂ ਦੀ ਹੱਦ ਮੰਨਿਆ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਜਿਉਂਦੇ ਜੀਅ ਅੰਗਰੇਜ਼ ਨੇ ਇਸ ਹੱਦ ਨੂੰ ਪਾਰ ਕਰਨ ਦਾ ਹੀਆ ਨਹੀਂ ਸੀ ਕੀਤਾ। ਨੰਗਲ ਵਿੱਚ ਇਸੇ ਨਦੀ 'ਤੇ ਭਾਖੜਾ ਡੈਮ ਬਣਿਆ ਹੈ ਜਿਸ ਨੂੰ ਪਹਿਲੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੇ ਆਧੁਨਿਕ ਭਾਰਤ ਦਾ ਮੰਦਰ ਕਿਹਾ ਸੀ। ਰੋਪੜ ਤੋਂ ਇਹ ਮੈਦਾਨੀ ਇਲਾਕੇ ਵਿੱਚ ਪ੍ਰਵੇਸ਼ ਕਰਦਾ ਹੈ। ਹਰੀਕੇ ਪੱਤਣ 'ਤੇ ਇਸ ਦਾ ਬਿਆਸ ਨਾਲ ਸੰਗਮ ਹੁੰਦਾ ਹੈ। ਫਿਰ ਇਹ ਫ਼ਿਰੋਜ਼ਪੁਰ (ਭਾਰਤ) ਅਤੇ ਬਹਾਵਲਪੁਰ (ਪਾਕਿਸਤਾਨ) ਦੀ ਹੱਦ ਬਣਾਉਂਦਾ ਹੋਇਆ ਦੱਖਣ-ਪੱਛਮ ਵੱਲ ਵਹਿ ਤੁਰਦਾ ਹੈ।

(ਬਾਕੀ ਸਫ਼ਾ 18 'ਤੇ)

# ਬਲਤੇਜ ਪੰਨੂੰ ਦੀ ਨਸ਼ਿਆਂ ਖਿਲਾਫ਼ ਮੁਹਿੰਮ ਦੌਰਾਨ ਸਫਲ ਟੋਰਾਂਟੋ ਅਤੇ ਕੈਲਗਰੀ ਫੇਰੀ







**ਬਲਜਿੰਦਰ ਸੰਘਾ**

29 ਜੂਨ ਨੂੰ ਗੁਰੂ ਨਾਨਕ ਮਿਸ਼ਨ ਕੈਨੇਡਾ ਵਲੋਂ ਸ਼ੈਰੀਡਨ ਕਾਲਜ ਬਰੈਂਪਟਨ ਦੇ ਮੈਦਾਨਾਂ ਵਿਚ ਡਰੱਗ ਪ੍ਰਤੀ ਲੋਕਾਂ ਨੂੰ ਸੁਚੇਤ ਕਰਨ ਵਾਸਤੇ ਇਕ ਵਿਸ਼ਾਲ ਸਮਾਗਮ ਕਰਵਾਇਆ ਗਿਆ। ਜਿਸ ਵਿਚ ਹੋਰ ਗਤੀਵਿਧੀਆਂ ਤੋਂ ਇਲਾਵਾ ਡਰੱਗ ਬਾਰੇ ਜਾਣਕਾਰੀ ਦੇਣ ਲਈ ਸ੍ਰੀ ਬਲਤੇਜ ਪੰਨੂੰ ਨੂੰ ਵਿਸ਼ੇਸ਼ ਤੌਰ 'ਤੇ ਪੰਜਾਬ 'ਚੋਂ ਸੱਦਿਆ ਗਿਆ। ਅਗਲੇ ਦਿਨ 30 ਜੂਨ ਨੂੰ ਕੈਨੇਡੀਅਨ ਪ੍ਰੈਸ਼ਰ ਗਰੁੱਪ ਵਲੋਂ ਕੈਨ ਸਿੱਧੂ ਦੀ ਅਗਵਾਈ ਵਿਚ ਕੈਲਗਰੀ ਦੇ ਜੈਨਸਸ ਸੈਂਟਰ ਵਿਚ ਇਕ ਵੱਡੀ ਇਕੱਤਰਤਾ ਕੀਤੀ ਗਈ। ਬਲਤੇਜ ਪੰਨੂੰ ਨੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਡਰੱਗ ਵਰਗੀ ਨਾਮੁਰਾਦ ਬਿਮਾਰੀ ਬਾਰੇ ਬੜੀ ਦਲੇਰੀ ਤੇ ਨਿਡਰਤਾ ਨਾਲ ਆਪਣੇ ਵਿਚਾਰ ਪੇਸ਼ ਕੀਤੇ। ਜਿਥੇ ਉਨ੍ਹਾਂ ਨੇ ਲੋਕਾਂ ਨੂੰ ਇਸ ਨਾਮੁਰਾਦ ਬਿਮਾਰੀ ਤੋਂ ਛੁਟਕਾਰਾ ਪਾਉਣ 'ਤੇ ਜ਼ੋਰ ਦਿੱਤਾ ਉਥੇ ਪੰਨੂੰ ਨੇ ਲੋਕਾਂ ਨੂੰ ਬੜੇ ਸਖ਼ਤ ਸ਼ਬਦਾਂ ਵਿਚ ਕਿਹਾ ਕਿ ਪੰਜਾਬ ਤੋਂ ਆਏ ਲੀਡਰਾਂ ਦੇ ਗਲੀਂ ਹਾਰ ਪਾਉਣ ਦੀ ਬਜਾਏ ਉਨ੍ਹਾਂ ਨੂੰ ਇਸ ਨਾਮੁਰਾਦ ਬਿਮਾਰੀ ਨੂੰ ਜੜ੍ਹਾਂ ਤੋਂ ਪੁੱਟਣ ਲਈ ਮਜ਼ਬੂਰ ਕਰੋ ਅਤੇ ਨਾਲ ਹੀ ਕੈਨੇਡਾ ਵਿਚ ਚੁਣੇ ਹੋਏ ਆਪਣੇ ਨੁਮਾਇੰਦਿਆਂ ਨੂੰ ਇਸ ਦੇ ਖਿਲਾਫ਼ ਆਪਣੀ ਸਰਕਾਰ ਵਿਚ ਮਤੇ ਪਾਉਣ ਲਈ ਕਿਹਾ।

ਕੈਲਗਰੀ ਦੇ ਜੈਨਸਸ ਸੈਂਟਰ ਵਿਚ ਬੜੇ ਸੀਮਿਤ ਸਮੇਂ ਵਿਚ ਰੱਖੀ ਇਸ ਮੀਟਿੰਗ ਵਿਚ ਕੈਲਗਰੀ ਮੀਡੀਆ ਦੇ ਮੈਂਬਰਾਂ ਤੋਂ ਇਲਾਵਾ ਲੋਕ ਬੜੇ ਉਤਸ਼ਾਹ ਨਾਲ ਪਹੁੰਚੇ। ਬਲਤੇਜ ਪੰਨੂੰ ਹੋਰਾਂ ਇੱਕ ਪੱਤਰਕਾਰ ਦੇ ਤੌਰ 'ਤੇ ਪੰਜਾਬ ਦੀ ਨਸ਼ਿਆਂ ਵਿਚ ਗਲਤਾਨ ਜਵਾਨੀ, ਨਸ਼ਿਆਂ ਦੀਆਂ ਵੱਡੀਆਂ-ਵੱਡੀਆਂ ਖੇਪਾਂ ਦਾ ਕੈਨੇਡਾ ਦੇ ਏਅਰਪੋਰਟਾਂ ਤੋਂ ਫੜਿਆ ਜਾਣਾ ਅਤੇ ਚੰਦ ਕੁ ਲੋਕਾਂ ਦਾ ਇਸ ਨਾਲ ਜੁੜੇ ਹੋਣਾ ਸਾਰੇ ਪੰਜਾਬੀ ਭਾਈਚਾਰੇ ਨੂੰ ਬਦਨਾਮ ਕਰਨ ਦਾ ਕਾਰਨ ਬਣਨ ਨੂੰ ਦੁਖਦਾਈ ਦੱਸਿਆ। ਸਰੋਤਿਆਂ ਦੁਆਰਾ ਕੀਤੇ ਸਵਾਲਾਂ ਦੇ ਉਹਨਾਂ ਬੜੀ ਗੰਭੀਰਤਾ ਨਾ ਜਵਾਬ ਦਿੱਤੇ।

## ਬਲਤੇਜ ਪਨੂੰ ਦੀ ਸੁਣੀ ਹੋਈ ਗੱਲ ਤੇ ਸਾਡਾ ਫਿਕਰ

**ਕੁਲਜੀਤ ਮਾਨ**

ਸਿੱਖ ਵਿਰਸਾ ਡੇਅ ਦਾ ਪ੍ਰੋਗਰਾਮ ਅੱਜ ਪਿਛਲੇ ਸਾਲ ਨਾਲੋਂ ਜ਼ਿਆਦਾ ਭਰਿਆ ਹੋਇਆ ਸੀ। ਦੁਪਹਿਰ ਦੇ ਇੱਕ ਵਜੇ ਬੱਚਿਆਂ ਦੀਆਂ ਸਪੋਰਟਸ, ਅਥੈਲੈਟਿਕਸ ਚਲ ਰਹੀਆਂ ਸਨ ਤੇ ਲੰਗਰ ਵੀ ਚਲ ਰਿਹਾ ਸੀ। ਕਈ ਟੋਰਾਂਟੋ ਦੇ ਮੀਡੀਆ ਕਰਮੀ ਮਿਲੇ, ਜਿਨ੍ਹਾਂ ਵਿਚੋਂ ਸੁਖਮਿੰਦਰ ਹੰਸਰਾ, ਦਿਲਬਾਗ ਚਾਵਲਾ, ਚਰਨਜੀਤ ਬਰਾੜ ਤੇ ਕ੍ਰਿਪਾਲ ਕੰਵਲ ਮੁੱਖ ਸਨ। ਹੋਰ ਵੀ ਹੋਣਗੇ ਪਰ ਇਕੱਠ ਜ਼ਿਆਦਾ ਹੋਣ ਕਰਕੇ ਮੇਲ ਨਹੀਂ ਹੋ ਸਕਿਆ। ਵਿੱਕ ਢਿਲੋਂ ਤੇ ਗੁਰਬਖਸ਼ ਸਿੰਘ ਮੱਲੀ ਵੀ ਸਨ। ਲੋਕ ਬਲਤੇਜ ਪਨੂੰ ਨੂੰ ਸੁਣਨ ਲਈ ਉਤਾਵਲੇ ਸਨ, ਸੋ ਤਿੰਨ ਕੁ ਵਜੇ ਦੇ ਆਸ ਪਾਸ ਬਲਤੇਜ ਪਨੂੰ ਸਟੇਜ 'ਤੇ ਆਏ।

ਵਰਦੇ ਮੀਂਹ ਵਿਚ ਵੀ ਫਿਕਰਮੰਦ ਲੋਕ ਸੁਣਦੇ ਰਹੇ। ਇੱਕ ਵਾਰ ਤੇ ਇਹੋ ਨਿਚੋੜ ਨਿਕਲਦਾ ਹੈ ਕਿ ਬਲਤੇਜ ਪਨੂੰ ਦਾ ਕਦਮ ਬਹੁਤ ਹੀ ਸਾਰਥਕ ਤੇ ਅਰਥ ਭਰਪੂਰ ਹੈ। ਇਹ ਸਮੇਂ ਦੀ ਲੋੜ ਤੇ ਆਉਣ ਵਾਲੀ ਪੀੜ੍ਹੀ ਲਈ ਸਾਡੀ ਜ਼ਿੰਮੇਵਾਰੀ ਦਾ ਹਿੱਸਾ ਹੈ। ਜਿੱਥੇ ਲੋੜ ਇਸਨੂੰ ਰੋਕਣ ਦੀ ਹੈ ਉੱਥੇ ਇਸ ਬਾਰੇ ਤੇ ਸਮਾਜਿਕ ਕਦਰਾਂ ਕੀਮਤਾਂ ਬਾਰੇ ਗੱਲ ਕਰਨ ਦੀ ਵੀ ਉਤਨੀ ਹੀ ਲੋੜ ਹੈ। ਨਸ਼ਿਆਂ ਦਾ ਰੁਝਾਨ ਪੈਦਾ ਹੀ ਕਿਉਂ ਹੁੰਦਾ ਹੈ? ਉਹ ਕਿਹੜੇ ਕਾਰਣ ਹਨ ਜਿਨ੍ਹਾਂ ਨੇ ਪੰਜਾਬੀ ਮਾਨਸਿਕਤਾ ਵਿਚ ਜ਼ਹਿਰ ਘੋਲ ਦਿੱਤਾ ਹੈ। ਆਓ ਇਸ ਬਾਰੇ ਸਮੂਹਿਕ ਯਤਨ ਕਰੀਏ। ਸਮਾਜਿਕ ਭਾਈਚਾਰੇ ਦਾ ਸੰਤੁਲਿਨ ਵਿਗੜਣਾ, ਇਸਦਾ ਵੱਡਾ ਕਾਰਨ ਹੈ। ਨਸ਼ਾ ਸਦਾ ਨਿਰਾਸ਼ਾ ਵਿਚੋਂ ਹੀ ਜਨਮ ਲੈਂਦਾ ਹੈ ਤੇ ਫਿਰ ਵੇਖਦਿਆਂ ਹੀ ਵੇਖਦਿਆਂ ਸਮਾਜ ਦੇ ਹੱਡਾਂ ਨੂੰ ਖਾ ਜਾਂਦਾ ਹੈ। ਘੜੀ ਦੀ ਦੁਰਦਸ਼ਾ, ਸਾਲਾਂ ਤੱਕ ਲਮਕ ਜਾਂਦੀ ਹੈ। ਅੱਜ ਪ੍ਰਥਾਮਿਕਤਾ ਵਿਚ ਖੜ੍ਹੀ ਇਹ ਸਮੱਸਿਆ ਆਪਣੇ ਜੁਆਬ ਮੰਗਦੀ ਹੈ। ਸੁਆਲ ਨਿਰਾਸ਼ਾ ਦਾ ਹੈ ਜੁਆਬ ਸਮਾਜ ਨੇ ਦੇਣਾ ਹੈ। ਕਿਹੋ ਜਿਹਾ ਸਮਾਜ ਸਿਰਜਣਾ ਹੈ? ਇਸਦਾ ਫੈਸਲਾ ਵੇਲੇ ਦੀ ਪੀੜ੍ਹੀ ਕਰਦੀ ਆਈ ਹੈ ਨਹੀਂ ਤਾਂ ਇਤਿਹਾਸ ਪੀੜ੍ਹੀ ਨੂੰ ਹੀ ਕਾਲੇ ਅੱਖਰਾਂ ਨਾਲ ਲਿਖਣ ਤੋਂ ਕਤਰਾਇਆ ਨਹੀਂ।

ਮੰਗ, ਸਿਰ ਦੇ ਮੁਕਟ ਦੀ ਨਹੀਂ ਸਗੋਂ, ਦਰਵਾਜ਼ੇ ਤੇ ਹੋ ਰਹੀ ਦਸਤਕ ਦੀ ਹੈ। ਇੱਕ ਇੱਕ ਬੂੰਦ ਨਾਲ ਹੀ ਘੜਾ ਭਰਦਾ ਹੈ। ਤੁਹਾਡਾ ਫਿਕਰ ਇਸ ਸਮੱਸਿਆ ਨੂੰ ਲੋੜੀਂਦਾ ਹੈ, ਜਕੋ ਤਕੋ ਵਿਚ ਸਮਾਂ ਨਿਕਲ ਰਿਹਾ ਹੈ। ਸਮਾਂ ਤੇ ਇਤਨਾ ਕਾਲਾ ਹੈ ਕਿ ਉਦਾਹਰਣਾ ਸੁਣਨ ਦੀ ਵੀ ਵੇਹਲ ਨਹੀਂ ਹੋਣੀ ਚਾਹੀਦੀ। ਸਮਾਂ ਰਹਿੰਦਿਆ ਕੀਤੀ ਕੋਸ਼ਿਸ਼ ਹੀ ਸਾਰਥਕ ਹੋ ਸਕਦੀ ਹੈ ਨਹੀਂ ਤਾਂ ਪੰਜਾਬ ਦਾ ਉਹ ਖਿਤਾ ਜੋ ਸਾਡੀ ਕਰਮ ਭੂਮੀ ਹੈ ਤੇ ਉਹੋ ਪੰਜਾਬ ਜਦੋਂ ਵਧ ਕੇ ਹੁਣ ਕੈਨੇਡਾ ਤੱਕ ਪਹੁੰਚ ਗਿਆ ਹੈ ਤਾਂ ਇਸਦੀ ਜ਼ਿੰਮੇਵਾਰੀ ਵੀ ਉਨ੍ਹਾਂ ਤੇ ਹੈ ਜੋ ਆਪਣੇ ਤੇ ਆਪਣੀ ਪੀੜ੍ਹੀ ਦੀ ਖੁਸ਼ਹਾਲੀ ਲਈ ਆਏ ਹਨ। ਸੋ ਦੋਸਤੋ ਇਕੱਠੇ ਹੋਕੇ ਹੰਭਲਾ ਮਾਰਨ ਦੀ ਲੋੜ ਹੈ।



ਬਰੈਂਪਟਨ ਦਾ ਇਕੱਠ



ਕੈਲਗਰੀ ਦਾ ਇਕੱਠ

# ਜੀ ਆਇਆਂ, ਪ੍ਰੋ. ਜੈ ਪਾਲ ਜੀ







ਪਿਛਲੇ ਦਿਨਾਂ ਵਿਚ ਸੁਰਿੰਦਰ ਗਿੱਲ (ਚੂਹੜਚੱਕ) ਦੇ ਘਰ ਜੈਪਾਲ ਸਿੰਘ ਪ੍ਰੋ. ਸਾਇੰਸ ਕਾਲਜ ਜਗਰਾਉਂ ਨੂੰ ਖੁਸ਼ਆਮਦੀਦ ਕਹਿਣ ਲਈ ਇਕ ਵਿਸ਼ੇਸ਼ ਸਮਾਗਮ ਰੱਖਿਆ ਗਿਆ। ਸੁਰਿੰਦਰ ਗਿੱਲ ਉਨ੍ਹਾਂ ਦਾ ਵਿਦਿਆਰਥੀ ਹੈ। ਇਹ ਸਮਾਗਮ ਮੁਰਸ਼ਦ-ਮੁਰੀਦ (ਗੁਰੂ-ਚੇਲੇ) ਰਿਸ਼ਤੇ ਦੇ ਸਤਿਕਾਰ ਦਾ ਇਜ਼ਹਾਰ ਚਿੰਨ੍ਹ ਸੀ। ਇਸ ਮੌਕੇ ਪ੍ਰੋਫੈਸਰ ਸਾਹਿਬ ਤੋਂ ਪੜ੍ਹੇ ਤੇ ਉਸ ਕਾਲਜ ਤੋਂ ਪਹਿਲਾਂ ਦੇ ਪੜ੍ਹੇ ਵਿਦਿਆਰਥੀਆਂ ਦਾ ਤਾਂਤਾ ਲੱਗ ਗਿਆ। ਖੁਸ਼ਆਮਦੀਦ ਕਹਿਣ ਲਈ ਕਈ ਅਖ਼ਬਾਰ ਨਬੀਸ, ਟੀ.ਵੀ. ਚੈਨਲ ਦੇ ਸੰਚਾਲਕ, ਪ੍ਰੋਫੈਸਰ, ਲੇਖਕ, ਬੁੱਧੀਜੀਵੀ ਤੇ ਹੋਰ ਉਘੀਆਂ ਸ਼ਖਸੀਅਤਾਂ ਪਹੁੰਚੀਆਂ ਹੋਈਆਂ ਸਨ। ਪਿਆਰੀ ਰੂਹ ਜੈਪਾਲ ਲਈ ਸਭ ਦੀਆਂ ਬਾਹਾਂ ਅੱਡੀਆਂ ਹੋਈਆਂ ਸਨ। ਉਹ ਹਰ ਇਕ ਨੂੰ ਜੱਫੀ ਪਾ ਕੇ ਮਿਲੇ ਜਿਵੇਂ ਆਪਣੇ ਆਪਣਿਆਂ ਨੂੰ ਮਿਲਦੇ ਹਨ। ਪਲਾਂ ਛਿਣਾਂ ਵਿਚ ਹੀ ਉਹ ਸਭ ਪ੍ਰਾਣੀਆਂ ਦੇ ਦਿਲਾਂ ਵਿਚ ਉਤਰ ਗਏ। ਕਿਸੇ ਸ਼ਖਸੀਅਤ ਨੂੰ ਜੀ ਆਇਆ ਕਹਿਣ ਲਈ ਘਰ ਅੰਦਰ ਅੱਡੇ ਵੱਡੇ ਇਕੱਠ ਦਾ ਹੋਣਾ, ਸ਼ਾਇਦ ਕੈਨੇਡਾ ਦੀ ਪਹਿਲੀ ਉਦਾਹਰਣ ਹੋਵੇ।

ਇਸ ਇਕੱਠ ਨੂੰ ਸੰਜੀਦਗੀ ਦੇਣ ਲਈ ਸਟੇਜ ਦਾ ਪ੍ਰਬੰਧ ਕੀਤਾ ਗਿਆ। ਪੰਜਾਂ ਦਾ ਪ੍ਰਧਾਨਗੀ ਮੰਡਲ ਬਿਠਾਇਆ ਗਿਆ ਜਿਸ ਵਿਚ ਮੁੱਖ ਮਹਿਮਾਨ ਪ੍ਰੋ. ਜੈਪਾਲ ਸਿੰਘ ਤੇ ਉਨ੍ਹਾਂ ਦੀ ਧਰਮ ਪਤਨੀ ਪ੍ਰੋ. ਸੁਰਿੰਦਰ ਕੌਰ ਗਿੱਲ, ਕਾਮਰੇਡ ਅਵਤਾਰ ਸਿੰਘ, ਪ੍ਰੋ. ਜੰਗੀਰ ਸਿੰਘ ਕਾਹਲੋਂ, ਜਰਨੈਲ ਸਿੰਘ ਅੱਚਰਵਾਲ ਸਨ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਬਲਦੇਵ ਸਿੰਘ ਸਹਿਦੇਵ ਨੇ ਨਿਭਾਈ। ਬੁਲਾਰਿਆਂ ਵਿਚ ਪ੍ਰੋ. ਸੁਰਿੰਦਰ ਕੌਰ ਗਿੱਲ, ਪ੍ਰੋ. ਜੰਗੀਰ ਸਿੰਘ ਕਾਹਲੋਂ, ਜਰਨੈਲ ਅਚਰਵਾਲ, ਹੁਰਿੰਦਰ ਹੁੰਦਲ, ਹਰਬੰਸ ਸਿੰਘ ਸੰਪਾਦਕ 'ਸਰੋਕਾਰਾਂ ਦੀ ਆਵਾਜ਼', ਚਰਨਜੀਤ ਬਰਾੜ ਟੀ. ਵੀ. ਚੈਨਲ, ਪ੍ਰੋ. ਪ੍ਰਵਿੰਦਰਜੀਤ ਸਿੱਧੂ, ਹਰਚੰਸ ਬਾਸੀ, ਬਲਜੀਤ ਕੌਰ, ਸੁਖਦੇਵ ਧਾਲੀਵਾਲ ਨੇ ਭਾਗ ਲਿਆ।

ਵੱਖ-ਵੱਖ ਬੁਲਾਰਿਆਂ ਵਲੋਂ ਬੋਲਦਿਆਂ ਪ੍ਰੋ. ਜੈਪਾਲ ਸਿੰਘ ਦੇ ਜੋ ਪੱਖ ਸਾਹਮਣੇ ਆਏ, ਉਨ੍ਹਾਂ ਵਿਚ ਉਹ ਚੰਡੀਗੜ੍ਹ-ਪੰਜਾਬ ਕਾਲਜਸ ਯੂਨੀਅਨ ਦੇ ਦੇਰ ਤੋਂ ਚਲੇ ਆ ਰਹੇ ਪ੍ਰਧਾਨ ਹਨ। ਵਿਦਿਆਰਥੀ ਫਰੰਟ ਵਲੋਂ ਪ੍ਰੋ. ਸਾਹਿਬ ਦਾ ਵਿਦਿਆਰਥੀਆਂ ਨਾਲ ਘਿਓ ਖਿਚੜੀ ਹੋਣ ਦੇ ਸੁਭਾਅ ਦਾ ਵਿਸਥਾਰਪੂਰਵਕ ਵਰਨਣ ਹੋਇਆ। ਉਨ੍ਹਾਂ ਦੇ ਸਹਿਪਾਠੀ ਰਹੇ ਪ੍ਰੋ. ਸਾਹਿਬਾਨ ਨੇ ਆਪਣੀਆਂ ਨਿੱਕੀਆਂ ਨਿੱਕੀਆਂ ਯਾਦਾਂ ਰਾਹੀਂ ਉਹਨਾਂ ਦੇ ਵੱਡੇ ਗੁਣਾਂ ਬਾਰੇ ਜਾਣਕਾਰੀ ਦਿੱਤੀ। ਜਰਨੈਲ ਅੱਚਰਵਾਲ ਨੇ ਪ੍ਰੋ. ਸਾਹਿਬ ਨਾਲ ਆਪਣੀਆਂ ਹੋਈਆਂ ਮੁਲਾਕਾਤਾਂ ਸਾਂਝੀਆਂ ਕੀਤੀਆਂ। ਦੋ ਘੰਟੇ ਚੱਲੇ ਸਮਾਗਮ ਵਿਚ ਉਹਨਾਂ ਦੀ ਸ਼ਖਸੀਅਤ ਨੂੰ ਉਭਾਰਨ ਵਾਲੇ ਬਹੁਤ ਸਾਰੇ ਹੋਰ ਪੱਖ ਵੀ ਸਾਹਮਣੇ ਆਏ।

ਇਹ ਫੰਕਸ਼ਨ ਉਸ ਸਮੇਂ ਸਾਹਿਤਕ ਬਣ ਗਿਆ ਜਦੋਂ ਪ੍ਰੋ. ਜੈਪਾਲ ਦੇ ਸਹਿਪਾਠੀ ਪ੍ਰੋ. ਕਵੀ ਗੁਰਬਖਸ਼ ਭੰਡਾਲ ਨੇ ਆਪਣੀ ਕਵਿਤਾ ਪੇਸ਼ ਕੀਤੀ। ਇਸ ਦੇ ਨਾਲ ਹੀ ਪ੍ਰੋ. ਸੁਰਿੰਦਰ ਕੌਰ ਗਿੱਲ ਨੇ ਆਪਣੀਆਂ ਨਜ਼ਮਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਹੋਰ ਵੀ ਕਈ ਕਵੀ ਪੰਡਾਲ ਵਿਚ ਹਾਜ਼ਰ ਸਨ ਪਰ ਸਮੇਂ ਦੀ ਘਾਟ ਕਾਰਨ ਸਰੋਤਿਆਂ ਨਾਲ ਸਾਂਝ ਨਾ ਪਾ ਸਕੇ।

ਅੰਤ ਵਿਚ ਪ੍ਰੋ. ਜੈਪਾਲ ਸਿੰਘ ਸਰੋਤਿਆਂ ਦੇ ਰੂਬਰੂ ਹੋਏ ਸਮਾਜ ਵਿਚ ਵਿਚਰਨ ਲਈ ਇਕ ਚੰਗੇ ਮਨੁੱਖ ਕੋਲ ਜੋ ਗੁਣ ਹੋਣੇ ਚਾਹੀਦੇ ਹਨ, ਪ੍ਰੋ. ਸਾਹਿਬ ਨੇ ਉਹਨਾਂ ਨੁਕਤਿਆਂ ਨੂੰ ਉਭਾਰਿਆ। ਉਹਨਾਂ ਆਪਣੇ ਕਰਾਂਤੀਕਾਰੀ ਵਿਚਾਰਾਂ ਦਾ ਪਿਛੋਕੜ ਦੱਸਿਆ ਆਪਣੇ ਬਾਬਾ ਜੀ ਦੇ ਜੀਵਨ ਨੂੰ ਬਿਆਨਿਆ ਜੋ ਇਨ੍ਹਾਂ ਦੇ ਮੁੱਖ ਤੋਂ ਲੈ ਕੇ ਅੱਜ ਤੱਕ ਪ੍ਰੇਰਣਾ ਸਰੋਤ ਚੱਲੇ ਆ ਰਹੇ ਹਨ। ਬਾਬਾ ਜੀ ਮੁਜ਼ਾਰਾ ਲਹਿਰ ਵੇਲੇ ਉਘੇ ਦੇਸ਼ ਭਗਤ ਸਨ, ਜਿਨ੍ਹਾਂ ਨੇ ਮੁਜ਼ਾਰਿਆਂ ਨੂੰ ਵਾਹੀ ਹੇਠਲੀ ਜ਼ਮੀਨ ਦੇ ਪੱਕੇ ਮਾਲਕ ਬਣਾਉਣ ਲਦਾ ਘੋਲ ਲੜਿਆ ਸੀ। 1952 ਵਿਚ ਮੁਜ਼ਾਰਾ ਲਹਿਰ ਦਾ ਅੰਦੋਲਨ ਉਸ ਸਮੇਂ ਖਤਮ ਹੋਇਆ ਸੀ ਜਦ ਵਾਹੀਕਾਰਾਂ ਨੂੰ ਆਪਣੀ ਭੋਂਇ ਦੇ ਪੱਕੇ ਹੱਕ ਮਿਲ ਗਏ ਸਨ। ਇਸ ਅੰਦੋਲਨ ਦੌਰਾਨ ਬਾਬਾ ਜੀ ਨੂੰ ਆਪਣੀ ਜ਼ਮੀਨ ਤਿੰਨ ਵਾਰ ਕੁਰਕ ਕਰਵਾਉਣੀ ਪਈ ਪਰ ਪਿਛੇ ਨਾ ਹਟੇ।

ਆਖਰ ਵਿਚ ਆਪਣੇ ਵਿਦਿਆਰਥੀਆਂ ਤੋਂ ਮਿਲੇ ਸਤਿਕਾਰ ਵਿਚ ਸਭ ਦਾ ਧੰਨਵਾਦ ਕੀਤਾ ਤੇ ਖਾਸ ਤੌਰ 'ਤੇ ਸੁਰਿੰਦਰ ਗਿੱਲ ਦਾ ਜਿਨ੍ਹਾਂ ਨੇ ਪ੍ਰੋ. ਸਾਹਿਬ ਨੂੰ ਆਪਣੇ ਵਲੋਂ ਵੀਜ਼ਾ ਘੱਲ ਕੇ ਸੱਦਿਆ ਗਿਆ ਸੀ। ਸਮੁੱਚੇ ਤੌਰ 'ਤੇ ਸਭ ਦੇ ਧੰਨਵਾਦ ਲਈ ਵਿਸ਼ੇਸ਼ ਸ਼ਬਦਾਂ ਦੀ ਵਰਤੋਂ ਕੀਤੀ।


STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
Satisfaction 100% Guarantee
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

ਹਰਜੀਤ ਧਨੋਆ
416.230.4000 • 647.409.1092
www.STARLANEPAINTING.com



CHERA IMMIGRATION CONSULTANCY SERVICES
22 Years of Service
Specializing in:
• Appeals
• H&C Cases
• PRRA Appeals
• Sponsorships
• Refugee Claims
• Admissibility Hearings
• Super Visa / Affidavits/ Declarations
• Skilled Workers
• Citizenship Matters
• Work/Study Permits
Sardara Singh Chera
B.A., M.A.
Former Member (Commissioner) Of The Immigration And Refugee Board Of Canada
Commissioner Of Oath
Regulated Canadian Immigration Consultant
Tel: 905-461-9885
sschera@rogers.com

WE PROVIDE ALL IMMIGRATION AND CITIZENSHIP SERVICES.
2355 Derry Rd. E. Unit # 35 Skyport Corporate Centre Mississauga, ON. L5S 1V6



AVTAR SINGH KAMBOJ
Real Estate Representative
Dir: 416-319-9830
Email: akamboj@trebnet.com
Sutton
Residential, Commercial & Investment
SUTTON-ROYAL REALTY BROKERAGE
INDEPENDENTLY OWNED AND OPERATED
45 Woodbine Downs Blvd., #3
Toronto, Ontario M9W 6N5
Bus: 416-748-7900 Fax: 416-674-1682




Brampton Crematorium & Visitation Centre Inc.
www.BcVc.info
Brampton
Crematorium & Visitation Centre
30 Bramwin Court, Brampton, ON, L6T 5A9
* ਸਾਰੀ ਰਸਮ ਇੱਕੋ ਛੱਤ ਹੇਠ ਹੋਵੇਗੀ
* ਤਜਰਬੇਕਾਰ ਅਤੇ ਪੇਸ਼ਾਵਰ ਫਿਊਨਰਲ ਡਾਇਰੈਕਟਰ
* 27 ਹਜ਼ਾਰ ਸੁਕੇਅਰ ਫੁੱਟ
* 5 ਵਿਜ਼ੀਟੇਸ਼ਨ ਹਾਲ
* ਵੈਬਕੈਮ ਸੁਵਿਧਾਵਾਂ
ਫਿਊਨਰਲ ਹੋਮ

24/7 Service Available
Inderjit S. Bal
416-666-7655
Tel: 905-458-2222

Velocity Colission



Complete truck - auto body repair & electrical centre

Tel: 905.673.7878

Fax: 905.673.7876

Cell: 416.817.5760

7120 Tranmere Drive

Mississauga, ON L5S 1L9

Varun Mehra

Sales Representative

cell: 416.833.2162

email: varun.m.mehra@gmail.com

web: www.properties2profit.com

Century 21 Millennium Inc. Brokerage*

Commercial

Residential

Investment properties

We fulfill your dreams!



SHARDA WELLNESS CENTER

HOMOEPATH SHARDA

President, Homeopathic Medical Council of Canada

Panel of Doctors, Indian Consulate

(416) 727 9199

Email: ranvirsharda@gmail.com

7071 Airport Road, Suite 200

(NORTH EAST CORNER OF AIRPORT & DERRY ROAD

(GREEN PLAZA), MALTON, MISSISSAUGA ON L4T 4J3

Century 21

Buy Green, Build Green ...Save Environment

Century 21 Green Realty Inc., Brokerage

Each Office is independently owned and operated

Sohan Mann

Sales Representative

Dir. 416 - 564 - 1699

Off. 905 - 565 - 9565

Fax: 905 - 565 - 9522

Email: sohanmann@hotmail.com

151 Super Blvd. Unit 19-21, Mississauga, ON, L5T 2L1



RushLube Inc.

Complete Truck Repairs & Truck Wash with Drive Thru Truck Services

Jaskaranjit Singh (Jas)



TEL: 905 - 453 - 6344

FAX: 905 - 456 - 2065

EMAIL: rushlube@hotmail.com

32 Rutherford Road South

Brampton, ON, L6W 3J1

GILL

Truck & Trailer Repair and Mobile Service

OPEN 7 DAYS A WEEK

Cell: 416.312.4707

Tel: 905.458.3455

Fax: 905.458.3456



04 Blair Dr.

Brampton, ON

L6P 2X5

gilltruckandtrailer@yahoo.com

Inderjit Gill

Heavy Duty Truck & Trailer Mechanic

Metro Immigration

(Division of Metro Legal & Immigration Inc.)

WE GET THINGS DONE



*Family Sponsorship *Spousal *Super Visa

*Visitor Visa *Skilled Workers *Investors *PNP

*Nannies *Business Applicants *Student Visa

*Work Permits(LMO) *Appeals

Head Office: 2355 Derry Rd. E *#12Miss. *ON *L5S 1V6

*905-673-1200 *1-800-694-1373 India Office: 98148 66633

*Brampotn: 905 794 6003 * Toronto: 416 840 7554

*info@metroimmigration.com

*www.metroimmigration.com *www.metroimmigration.org

Suresh Gupta

Certified Immigration Practitioner(RCIC)

# ‘ਅਸੀਂ ਹਾਂ ਸਾਰੇ ਭਗਤ ਸਿੰਘ’ ਤੇ ‘ਸਹਿਮ ਦੇ ਪਲ’ ਨਾਟਕਾਂ ਵਿਚਲੀ ਵੱਖੋ ਵੱਖਰੀ ਦ੍ਰਿਸ਼ਟੀ ਤੇ ਡਾਇਸਪੋਰਿਕ ਸੰਦਰਭ





**ਕੁਲਜੀਤ ਮਾਨ**

ਜੂਨ 21, ਦਿਨ ਐਤਵਾਰ ਨੂੰ ਪੀਅਰਸਨ ਥਿਏਟਰ ਹਾਲ ਵਿਚ, ‘ਚੇਤਨਾ ਕਲਚਰਲ ਸੈਂਟਰ’ ਸੰਸਥਾ ਵਲੋਂ ਦੋ ਨਾਟਕ ਵੇਖਣ ਦਾ ਮੌਕਾ ਮਿਲਿਆ। ਪਹਿਲਾ ਨਾਟਕ ਸੀ ‘ਅਸੀਂ ਹਾਂ ਸਾਰੇ ਭਗਤ ਸਿੰਘ’ ਜੋ ਸਤੀਸ਼ ਵਰਮਾ ਡਾ. ਜੀ ਦਾ ਲਿਖਿਆ ਤੇ ਡਾਇਰੈਕਟ ਕੀਤਾ ਗਿਆ ਸੀ।

ਦੂਜਾ ‘ਸਹਿਮ ਦੇ ਪਲ’ ਨਾਹਰ ਸਿੰਘ ਔਜਲਾ ਦਾ ਲਿਖਿਆ ਤੇ ਅਵਤਾਰ ਔਜਲਾ ਦਾ ਡਾਇਰੈਕਟ ਕੀਤਾ ਹੋਇਆ ਸੀ। ਦੋਵਾਂ ਨਾਟਕਾਂ ਦੀ ਅੰਤਰ ਧਵਨੀ ਭਾਵੇਂ ਇੱਕੋ ਸੀ, ਪਰ ਪੇਸ਼ਕਾਰੀ ਦਾ ਵਡਾ ਫਰਕ ਸੀ। ‘ਅੰਦਾਜ਼ਨ ਦੋ ਕੁ ਸਾਲ ਪਹਿਲਾਂ ਨਾਹਰ ਸਿੰਘ ਔਜਲਾ ਤੇ ਚੇਤਨਾ ਕਲਚਰ’ ਸੈਂਟਰ ਵਲੋਂ ਨਾਟਕ ‘ਡਾਲਰਾਂ ਦੀ ਦੌੜ’ ਵੇਖਣ ਦਾ ਵੀ ਮੌਕਾ ਮਿਲਿਆ ਸੀ। ਸਹਿਮ ਦੇ ਪਲ ਨਾਟਕ ਵੀ ਉਸ ਨਾਟਕ ਦੀ ਅਗਲੀ ਕੜੀ ਵਜੋਂ ਹੀ ਵੇਖਿਆ ਜਾ ਸਕਦਾ ਹੈ, ਜਿੱਥੇ ਸੰਬੋਧਿਨੀ ਸ਼ੈਲੀ, ਦੋ ਪੀੜ੍ਹੀਆਂ ਦੇ ਸੰਵਾਦ ਨੂੰ ਫੋਕਸ ਵਿਚ ਲਿਆਉਂਦੀ ਹੈ। ਸੰਵਾਦ ਦੀ ਘਾਟ ਨਾਲ ਹੀ ਪੀੜ੍ਹੀ ਪਾੜਾ ਵਧ ਰਿਹਾ ਹੈ। ਆਉ ਵਿਚਾਰ ਕਰਦੇ ਹਾਂ ਸੰਵਾਦ ਦਾ ਇਹ ਤਾਣਾ ਬਾਣਾ ਡਾਇਸਪੋਰਾ ਦੇ ਸੰਦਰਭ ਵਿਚ ਕਿਵੇਂ ਗਤੀਸ਼ੀਲ ਹੁੰਦਾ ਹੈ ਤੇ ਇਸਦੀ ਅਨੁਕੂਲਤਾ ਦੇ ਕੀ ਪਸਾਰ ਹਨ?

ਡਾਇਸਪੋਰਾ ਦਾ ਸ਼ਾਬਦਿਕ ਅਰਥ ਹੈ ਮਾਤ-ਭੂਮੀ ਤੋਂ ਦੂਰ ਜਾਣ ਦਾ ਭਾਵ। ਡਾਇਸਪੋਰਾ ਦਾ ਜ਼ਿਕਰ ਕਰਨਾ ਤਾਂ ਕਰਕੇ ਲਾਜ਼ਮੀ ਹੈ ਕਿਉਂਕਿ ਦੋਵੇਂ ਨਾਟਕ ਇਸੇ ਹੀ ਭਾਵ ਨੂੰ ਦ੍ਰਿੜ ਸੰਕਲਪ ਕਰਦੇ ਹਨ ਭਾਵੇਂ ਦੋਵਾਂ ਦੀ ਦ੍ਰਿਸ਼ਟੀ ਵੱਖੋ-ਵੱਖਰੀ ਹੈ। ਇਹ ਦ੍ਰਿਸ਼ਟੀ ਸਮਾਨੰਤਰ ਨਹੀ ਹੈ ਇਸ ਲਈ ਦੋਵਾਂ ਦ੍ਰਿਸ਼ਟੀਆਂ ਨਾਲ ਸਹਿਮਤ ਨਹੀ ਹੋਇਆ ਜਾ ਸਕਦਾ ਕਿਉਂਕਿ ਦੋਵਾਂ ਦੇ ਸੰਦਰਭ ਵਖਰੇ ਹਨ।

ਇਹ ਦੋਵੇਂ ਨਾਟਕ ਸਾਡੀ ਪੀੜ੍ਹੀ ਨਾਲ ਸਬੰਧਿਤ ਹਨ ਤੇ ਨਵੀ ਪੀੜ੍ਹੀ ਵਾਸਤੇ ਹੀ ਦੋਵੇਂ ਨਾਟਕ ਆਪੋ ਆਪਣੀ ਗੱਲ ਕਰ ਰਹੇ ਹਨ। ਅੱਜ ਦਾ ਦਿਨ ਦਾ ਦਿਸਹਿੱਦਾ ਕਿਹੜਾ ਹੈ? ਸਾਡੇ ਸਾਹਮਣੇ ਇਹ ਪ੍ਰਸ਼ਨ ਉਤਨਾ ਹੀ ਜ਼ਰੂਰੀ ਹੈ ਜਿਤਨਾ ਆਪਣਾ ਘਰ ਬਣਾ ਲੈਣਾ ਤੇ ਉਸਦੀਆਂ ਜ਼ਿੰਮੇਵਾਰੀਆਂ ਉਠਾ ਲੈਣਾ। ਸਰਬ ਵਿਆਪਕਤਾ ਸਾਨੂੰ ਬੇਸ਼ਿਕ ਪਿੱਛੇ ਲੈ ਜਾਂਦੀ ਹੈ ਜਿੱਥੋਂ ਅਸੀਂ ਤੁਰੇ ਹਾਂ ਤੇ ਜਿੱਥੇ ਪਹੁੰਚੇ ਹਾਂ ਉੱਥੇ ਏਲੀਅਨਜ਼ ਦਾ ਕੋਈ ਬਿੰਬ ਨਹੀ ਬਲਕਿ ਪਹਿਲਾਂ ਤੋਂ ਹੀ ਵਸਿਆ ਹੋਇਆ ਸਾਡਾ ਉਹ ਸਮਾਜ ਹੈ ਜੋ ਰਚ ਮਿਚ ਗਿਆ ਹੈ ਜਾਂ ਰਚਣ ਮਿਚਣ ਦੇ ਆਹਰ ਵਿਚ ਹੈ। ਸਾਡੇ ਜ਼ਮੀਰ ਦੇ ਮਾਪ ਦੰਡ ਨਵੇਂ ਉਸਰਨੇ ਲਾਜ਼ਮੀ ਹਨ ਤੇ ਉਹ ਕਿਹੜੀਆ ਧਾਰਨਾਵਾਂ ਹਨ ਜਿਨ੍ਹਾਂ ਨੇ ਸਾਡੇ ਅਚੇਤ ਵਿਚ ਆਪਣੀ ਜਗ੍ਹਾ ਬਨਾਉਣੀ ਹੈ। ਸਾਡੀ ਆਉਣ ਵਾਲੀ ਪੀੜ੍ਹੀ ਦੇ ਸੁਚੇਤ ਵਿਚ ਆਪਣਾ ਅਚੇਤ ਕਿਸਤਰ੍ਹਾਂ ਘੋਲਿਆ ਜਾ ਸਕਦਾ ਹੈ ਤੇ ਉਹ ਕਿਸ ਹੱਦ ਤੱਕ ਜ਼ਰੂਰੀ ਤੇ ਪ੍ਰਸੰਗਕ ਹੈ?

ਸੌਖੇ ਸ਼ਬਦਾਂ ਵਿਚ ਕਹਿੰਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਦੋ ਪੀੜ੍ਹੀਆਂ ਹਨ ਤੇ ਉਨ੍ਹਾਂ ਵਿਚ ਕੁਝ ਐਸਾ ਉਸਰਿਆ ਹੋਇਆ ਹੈ ਜਿਸਨੂੰ ਸਮਝਣ ਦੀ ਲੋੜ ਹੈ। ਜੇ ਇਸਨੂੰ ਸੰਖੇਪ ਕਰਨਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਅਸੀਂ ਆਪਣੀ ਪ੍ਰਵਾਨ ਚੜ੍ਹ ਰਹੀ ਪੀੜੀ ਨਾਲ ਸੰਵਾਦ ਕਿਵੇਂ ਕਰਨਾ ਹੈ ਤੇ ਕਿਹੜੀਆ ਪਰਸਥਿਤੀਆਂ ਵਿਚ ਕਰਨਾ ਹੈ? ਇੱਕ ਲਾਇਨ ਵਿਚ ਕਹਿਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਅਸੀਂ ਆਪਣੇ ਬੱਚਿਆਂ ਨਾਲ ਸੰਵਾਦ ਕਿਵੇਂ ਰਚਾਉਣਾ ਹੈ?

ਬੱਚਿਆਂ ਸੰਗ ਸੰਵਾਦ ਨਾਲ ਹੀ ਸਬੰਧਿਤ ਹਨ ਇਹ ਦੋਵੇਂ ਨਾਟਕ। ਭਾਵੇਂ ਵਿਧਾ, ਰੂਪਕ ਪੱਖ ਤੇ ਸੰਵਾਦ ਦਾ ਢੰਗ ਵਖੋ ਵਖਰਾ ਹੈ ਪਰ ਇੱਕ ਸਾਂਝ ਹੈ ਜੋ ਪ੍ਰਤਖ ਦਿਸਦੀ ਹੈ ਤੇ ਉਹ ਹੈ ਬਚਿਆਂ ਨਾਲ ਸੰਵਾਦ ਰਚਾਉਣ ਦੀ ਵਿਧੀ ਤੇ ਇਸਨੂੰ ਡਾਇਸਪੋਰਿਕ ਦ੍ਰਿਸ਼ਟੀ ਤੋਂ ਹੀ ਸਮਝਿਆ ਜਾ ਸਕਦਾ ਹੈ।

ਕਾਰਲ ਮਾਰਕਸ ਦਾ ਡਾਇਲੈਕਟੀਕਲ ਮੈਟੀਰਿਅਲਿਜ਼ਮ ਦੇ ਅਨੁਸਾਰ, ਕੋਈ ਵੀ ਸਮਾਜ, ਦਰਸ਼ਨ, ਇਕਾਈ ਸੰਪੂਰਨ ਹੋਣ ਤੋਂ ਫੌਰਨ ਬਾਦ ਹੀ ਸੰਵਾਦ (ਵਿਰੋਧੀ ਸੰਵਾਦ) ਦੇ ਘੇਰੇ ਵਿਚ ਆ ਜਾਂਦੀ ਹੈ। ਮੰਨਣਾ ਇਹ ਹੈ ਕਿ ਇਹ ਲਗਾਤਾਰ ਵਰਤਾਰਾ ਹੈ, ਵਰਤਮਾਨ ਤੋਂ ਭਵਿੱਖ ਦਾ ਤੇ ਭੂਤਕਾਲ ਨੂੰ ਜਾਣਦਿਆਂ ਹੋਇਆਂ। ਤੰਦਰੁਸਤੀ ਬਿਨ੍ਹਾਂ ਸਮਾਂ ਗਵਾਇਆਂ ਲਗਾਤਾਰ ਸੰਵਾਦ ਨਾਲ ਹੀ ਸੰਭਵ ਹੈ ਤੇ ਉਹ ਵੀ ਨਵੇਂ ਪ੍ਰਤੀਮਾਨਾਂ ਨਾਲ।

ਆਉ ਵਿਚਾਰ ਕਰੀਏ ਕਿ ਨਾਟਕਾਂ ਦੇ ਉਹ ਕਿਹੜੇ ਪੱਖ ਹਨ ਜੋ ਇਨ੍ਹਾਂ ਨੂੰ ਇੱਕ ਸੂਤਰ ਵਿਚ ਵੀ ਬੰਨਦੇ ਹਨ ਤੇ ਵੱਖੋ-ਵੱਖਰੀ ਦਿਸ਼ਾ ਵੱਲ ਵੀ ਲੈ ਜਾਂਦੇ ਹਨ। ਸਭ ਤੋਂ ਪਹਿਲਾਂ ਤਾਂ ਇਨ੍ਹਾਂ ਨਾਟਕਾਂ ਦੇ ਪਿੱਛੇ ਦੋ ਸ਼ਖਸੀਅਤਾਂ ਹਨ—ਸਤੀਸ਼ ਵਰਮਾ ਤੇ ਨਾਹਰ ਸਿੰਘ ਔਜਲਾ। ਸਤੀਸ਼ ਵਰਮਾ ਸਾਡੇ ਪੰਜਾਬੀ ਭਾਸ਼ਾ ਦੇ ਫਿਲਾਸਫਰ ਹਨ ਤੇ ਉਨ੍ਹਾਂ ਦਾ ਨਾਮ ਹੀ ਸਤਿਕਾਰ ਸਿਰਜਣ ਲਈ ਕਾਫੀ ਹੈ। ਪਹਿਲੀ ਵਾਰ ਮੈਨੂੰ ਕੈਨੇਡੀਅਨ ਸਾਹਿਤ ਸਭਾ ਦੀ ਮੀਟਿੰਗ ਵਿਚ ਸੁਣਨ ਦਾ ਮੌਕਾ ਮਿਲਿਆ ਸੀ। ਬੜੇ ਹੀ ਨਾਪੇ-ਤੋਲੇ ਸ਼ਬਦ ਤੇ ਸ਼ਬਦਾਂ ਦੀ ਤਾਸੀਰ ਪ੍ਰਭਾਵਸ਼ਾਲੀ ਸੀ ਤੇ ਪਹਿਲੀ ਹੀ ਵਾਰ ਉਨ੍ਹਾਂ ਦੀ ਸ਼ਖਸ਼ੀਅਤ ਤੁਹਾਡੇ ਸੁਚੇਤ ਨੂੰ ਟੁੰਬ ਲੈਂਦੀ ਹੈ।

ਨਾਹਰ ਸਿੰਘ ਔਜਲਾ, ਇੱਕ ਐਸਾ ਨੌਜਵਾਨ ਹੈ ਜੋ ਸਦਾ ਹੀ ਰੰਗ ਮੰਚ ਨਾਲ ਜੁੜਿਆ ਰਿਹਾ ਹੈ ਤੇ ਸਮੇਂ ਸਮੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਮਹਿਸੂਸ ਕਰਦਾ ਮਿਹਨਤ ਨਾਲ ਨਾਟਕ ਲਿਖਦਾ, ਕਰਦਾ ਤੇ ਹੋਂਦ ਵਿਚ ਲਿਆਉਣ ਲਈ ਕ੍ਰਿਆਸ਼ੀਲ ਰਿਹਾ ਹੈ। ਪੰਜਾਬੀ ਦਾ ਰੰਗ ਮੰਚ ਭਾਵੇਂ ਇਤਨਾ ਮਕਬੂਲ ਨਹੀਂ ਹੋਇਆ ਪਰ ਟਰਾਂਟੋ ਦੇ ਸਾਰੇ ਹੀ ਰੰਗ ਕਰਮੀ, ਲੋਕਾਂ ਨੂੰ ਨਾਟਕ ਹਾਲ ਵਿਚ ਲਿਆਉਣ ਲਈ ਵੀ ਉਤਨੀ ਹੀ ਸ਼ਿਦਤ ਨਾਲ ਕੰਮ ਕਰਦੇ ਹਨ ਜਿਤਨਾ ਉਹ ਨਾਟਕ ਤੋਂ ਪਹਿਲਾਂ ਕਰਦੇ ਹਨ। ਉਨ੍ਹਾਂ ਦੀ ਇਹ ਪਹੁੰਚ ਹੀ ਹਰ ਵਾਰ ਹਾਉਸ ਫੁਲ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ, ਜਦ ਕਿ ਹੋਣਾ ਤੇ

**ਕਿਤਾਬ ਦੀ ਘੁੰਡ ਚੁਕਾਈ**

# ਜਗਜੀਤ ਸਿੰਘ ਲਾਇਲਪੁਰੀ ਦੀ ਜੀਵਨੀ ਇਕ ਇਨਕਲਾਬੀ ਦਾ ਸਫ਼ਰ

21 ਜੂਨ ਦਿਨ ਸ਼ਨਿਚਰਵਾਰ ਨੂੰ ਮਾਸਟਰ ਮਲਕੀਤ ਸਿੰਘ ਬਰਮੀ ਦੀ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕੀਤੀ ਹੋਈ ਪੁਸਤਕ ‘ਮੇਰਾ ਜੀਵਨ ਮੇਰਾ ਯੁੱਗ’ ਦੀ ਘੁੰਡ ਚੁਕਾਈ ਦੀ ਰਸਮ ਸ੍ਰੀ ਹਰਬੰਸ ਸਿੰਘ ਸੰਪਾਦਕ ‘ਸਰੋਕਾਰਾਂ ਦੀ ਆਵਾਜ਼’ ਦੇ ਘਰ ਵਿਖੇ ਹੋਈ। ਇਸ ਕਿਤਾਬ ਦੇ ਮੂਲ ਲੇਖਕ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਹਨ। ਇਸ ਥੋੜ੍ਹੇ ਇਕੱਠ ਵਿਚ ਵੱਡਾ ਪ੍ਰਭਾਵਸ਼ਾਲੀ ਸਮਾਗਮ ਹੋ ਨਿਬੜਿਆ। ਤਕਰੀਬਨ 30 ਬੰਦਿਆਂ ਦੇ ਇਕੱਠ ਵਿਚ ਲੇਖਕ, ਸੰਪਾਦਕ, ਟੀ. ਵੀ. ਚੈਨਲ ਦੇ ਸੰਚਾਲਕ ਤੇ ਸਾਹਿਤ ਦੀ ਪਕੜ ਰੱਖਣ ਵਾਲੇ ਖਾਸ-ਖਾਸ ਸਾਹਿਤਕ ਪ੍ਰੇਮੀ ਸਨ।

ਪ੍ਰਧਾਨਗੀ ਮੰਡਲ ਵਿਚ ਕਿਤਾਬ ਦੇ ਅਨੁਵਾਦਕ ਸ੍ਰੀ ਮਲਕੀਤ ਸਿੰਘ, ਜਰਨੈਲ ਅਚਰਵਾਲ, ਸੁਖਦੇਵ ਧਾਲੀਵਾਲ, ਅਵਤਾਰ ਸਿੰਘ ਰਿਟਾ. ਜੱਜ, ਰੇਸ਼ਮ ਸਿੰਘ ਸਨ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸ੍ਰੀ ਪਰਮਜੀਤ ਸਿੰਘ ਸੰਘੇੜਾ ਨੇ ਨਿਭਾਈ। ਸਭ ਤੋਂ ਪਹਿਲਾਂ ਜਰਨੈਲ ਸਿੰਘ ਅਚਰਵਾਲ ਨੇ ਮਾਸਟਰ ਮਲਕੀਤ ਸਿੰਘ ਬਾਰੇ ਜਾਣ-ਪਹਿਚਾਣ ਕਰਵਾਈ ਜੋ ਪੇਸ਼ੇ ਵਜੋਂ ਸਰਕਾਰੀ ਅਧਿਆਪਕ ਰਹੇ ਹਨ। ਜਿਨ੍ਹਾਂ ਨੇ ਲੰਮਾ ਸਮਾਂ ਟੀਚਰਜ਼ ਫਰੰਟ ’ਤੇ ਕੰਮ ਕੀਤਾ ਤੇ ਉਸ ਤੋਂ ਬਾਅਦ ਸਾਹਿਤਕ ਪਿੜ ਮੱਲ ਲਿਆ। ਇਸ ਤੋਂ ਪਹਿਲਾਂ ਉਹ ਆਪਣੀ ਕਿਤਾਬ ਅਮਰੀਕੀ ਲੋਕਾਂ ਦੇ ਸਬੰਧ ਵਿਚ ਲਿਖ ਚੁੱਕੇ ਹਨ। ਜਾਣ-ਪਹਿਚਾਣ ਕਰਵਾਉਣ ਤੋਂ ਬਾਅਦ ਅਨੁਵਾਦ ਕੀਤੀ ਗਈ ਕਿਤਾਬ ਸਬੰਧੀ ਮੋਟੀ-ਮੋਟੀ ਜਾਣਕਾਰੀ ਦਿੱਤੀ ਕਿ ਇਹ ਇਕ ਮਹਾਨ ਇਨਕਲਾਬੀ ਵਲੋਂ ਲਿਖੀ ਗਈ ਕਿਤਾਬ ਹੈ ਜਿਸ ਵਿਚ ਉਸ ਦੇ ਜੀਵਨ ਵਿਚ ਚਲੀਆਂ ਵੱਖ-ਵੱਖ ਲਹਿਰਾਂ ਦਾ ਵਿਸ਼ਲੇਸ਼ਨ ਹੈ। ਇਹ ਸਮਾਂ 1939-40 (ਦੂਜੀ ਵੱਡੀ ਜੰਗ) ਤੋਂ ਸ਼ੁਰੂ ਹੋ ਕੇ ਅੰਤਲੇ ਸਮੇਂ ਤੱਕ ਆ ਜਾਂਦਾ ਹੈ। ਅਚਰਵਾਲ ਨੇ ਬੋਲਦਿਆਂ ਆਖਿਆ ਕਿ ਜਿਹੜੇ ਪਾਠਕ ਅਜਿਹੀਆਂ ਕਿਤਾਬਾਂ ਨਹੀਂ ਪੜ੍ਹਦੇ ਉਹ ਆਪਣੀ ਆਜ਼ਾਦੀ ਜੰਗ ਦੇ ਇਤਿਹਾਸ ਤੋਂ ਵਾਂਝੇ ਰਹਿ ਜਾਂਦੇ ਹਨ। ਵਧੀਆ ਅਨੁਵਾਦ ਕਰਨ ਲਈ ਮਾਸਟਰ ਮਲਕੀਤ ਸਿੰਘ ਨੂੰ ਸ਼ੁਭ ਕਾਮਨਾਵਾਂ ਵੀ ਪੇਸ਼ ਕੀਤੀਆਂ।

ਅਨੁਵਾਦਕ ਮਾਸਟਰ ਮਲਕੀਤ ਸਿੰਘ ਨੇ ਪਹਿਲਾਂ ਆਪਣੀ ਕਿਤਾਬ ‘ਅਮਰੀਕਾ ਦੀਆਂ ਸੱਚੀਆਂ ਕਹਾਣੀਆਂ’ ਬਾਰੇ ਸਰੋਤਿਆਂ ਨਾਲ ਵਿਚਾਰਾਂ ਸਾਂਝੀਆਂ ਕੀਤੀਆਂ ਤੇ ਇਸ ਤੋਂ ਬਾਅਦ ਅਨੁਵਾਦ ਕੀਤੀ ਗਈ ਕਿਤਾਬ ‘ਮੇਰਾ ਜੀਵਨ, ਮੇਰਾ ਯੁੱਗ’ ਦੇ ਅਨੁਵਾਦ ਬਾਰੇ ਵਿਚਾਰ ਸਾਂਝੇ ਕੀਤੇ। ਇਹ ਕਿਤਾਬ ਪੜ੍ਹ ਕੇ ਪਹਿਲਾਂ ਉਹ ਖੁਦ ਪ੍ਰਭਾਵਿਤ ਹੋਇਆ ਤੇ ਉਸ ਤੋਂ ਬਾਅਦ ਉਸ ਨੇ ਲਾਇਲਪੁਰੀ ਜੀ ਤੋਂ ਅਨੁਵਾਦ ਕਰਨ ਲਈ ਆਗਿਆ ਲਈ। ਪਾਠਕ ਪੜ੍ਹ ਕੇ ਇਕ ਇਨਕਲਾਬੀ ਦੇ ਜੀਵਨ ਤੋਂ ਤੇ ਅਨੁਵਾਦਕ ਦੀ ਕਾਰਜਸ਼ੈਲੀ, ਦੋਹਾਂ ਤੋਂ ਹੀ ਪ੍ਰਭਾਵਿਤ ਹੁੰਦਾ ਹੈ। ਕਿਤਾਬ ਅੰਦਰ ਜਿਥੇ-ਜਿਥੇ ਵਿਚਾਰਧਾਰਕ ਟਕਰਾਅ ਦੀ ਗੱਲ ਚਲਦੀ ਹੈ ਉਥੇ ਉਹਨਾਂ ਸਾਥੀਆਂ ਨਾਲ ਵਿਅਕਤੀਗਤ ਮਿਲਵਰਤਨ ਦੀ ਗੱਲ ਵੀ ਚਲਦੀ ਹੈ। ਜਗਜੀਤ ਸਿੰਘ ਲਾਇਲਪੁਰੀ ਜੀ ਦਾ ਜੀਵਨ ਇਕ ਮਹਾਨ ਇਨਕਲਾਬੀ ਦਾ ਜੀਵਨ ਤਾਂ ਹੈ ਹੀ ਪਰ ਇਸ ਨਾਲ ਉਹ ਚੰਗੇ ਲੇਖਕ ਵੀ ਸਨ।

ਕਾ. ਸੁਰਜੀਤ ਖੋਟੇ ਜੋ ਜਗਜੀਤ ਸਿੰਘ ਲਾਇਲਪੁਰੀ ਤੋਂ ਬੜਾ ਪ੍ਰਭਾਵਿਤ ਹੋਇਆ ਕਾਮਰੇਡ ਹੈ। ਉਸ ਨੇ ਜਗਜੀਤ ਸਿੰਘ ਲਾਇਲਪੁਰੀ ਦਾ ਪੰਜਾਬੀ ਦੀ ਥਾਂ ਅੰਗਰੇਜ਼ੀ ਵਿਚ ਲਿਖਣ ਦਾ ਕਾਰਨ ਦੱਸਦਿਆਂ ਸਪੱਸ਼ਟ ਕੀਤਾ ਕਿ ਕਿਤਾਬ ਵਿਚ ਕਈ ਸਵਾਲ ਕੌਮੀ ਤੇ ਕੌਮਾਂਤਰੀ ਮਸਲਿਆਂ ਨਾਲ ਜੁੜੇ ਹੋਏ ਹਨ ਜਿਨ੍ਹਾਂ ਦਾ ਉੱਤਰ ਮਾਰਕਸੀ ਸਿਧਾਂਤ ਵਿਚੋਂ ਹੀ ਲੱਭਿਆ ਜਾ ਸਕਦਾ ਹੈ। ਇਸ ਲਈ ਕਿਤਾਬ ਦੇ ਪਾਠਕ ਦਾ ਘੇਰਾ ਸਿਰਫ਼ ਪੰਜਾਬੀ ਪੜ੍ਹਨ ਤੱਕ ਸੀਮਤ ਨਹੀਂ ਰਹਿੰਦਾ। ਇਸ ਲੋੜ ਨੂੰ ਮੁੱਖ ਰੱਖ ਕੇ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਨੇ ਇਹ ਕਿਤਾਬ ਪੰਜਾਬੀ ਦੀ ਬਜਾਏ ਅੰਗਰੇਜ਼ੀ ਵਿਚ ਲਿਖਣ ਨੂੰ ਪਹਿਲ ਦਿੱਤੀ ਸੀ, ਪਰ ਮਾਸਟਰ ਮਲਕੀਤ ਸਿੰਘ ਨੇ ਇਸ ਦਾ ਅਨੁਵਾਦ ਕਰਕੇ ਪਾਠਕਾਂ ਦਾ ਘੇਰਾ ਹੋਰ ਵੱਡਾ ਕੀਤਾ ਹੈ।

ਸੁਖਦੇਵ ਧਾਲੀਵਾਲ ਕਾਮਰੇਡ ਗੁਰਬਖਸ਼ ਸਿੰਘ ਸਾਬਕਾ ਐਮ. ਐਲ. ਏ. ਦਾ ਸਪੁੱਤਰ ਹੈ। ਉਹਨਾਂ ਬੋਲਦਿਆਂ ਆਖਿਆ, “ਬੇਸ਼ੱਕ ਮੈਂ ਇਹ ਕਿਤਾਬ ਅਜੇ ਪੜ੍ਹੀ ਨਹੀਂ ਪਰ ਸਾਡੇ ਘਰ ਕਮਿਊਨਿਸਟਾਂ ਦੀ ਆਮ ਆਵਾਜਾਈ ਰਹਿੰਦੀ ਸੀ। ਮੈਂ





ਅਕਸਰ ਹੀ ਲਾਇਲਪੁਰੀ ਜੀ ਨੂੰ ਮਿਲਦਾ ਰਿਹਾ ਹਾਂ। ਉਹਨਾਂ ਦੀ ਮਿਲਣੀ ਤੋਂ ਆਮ ਨੌਜਵਾਨ ਹੀ ਬੜੇ ਪ੍ਰਭਾਵਿਤ ਹੁੰਦੇ ਸਨ। ਪੁਰਾਣੇ ਕਾਮਰੇਡ ਜਿਨ੍ਹਾਂ ਘਰਾਂ ਵਿਚ ਜਾਂਦੇ ਸਨ ਉਨ੍ਹਾਂ ਘਰਾਂ ਨੂੰ ਆਪਣਾ ਘਰ ਹੀ ਸਮਝਦੇ ਸਨ। ਉਨ੍ਹਾਂ ਦੇ ਬੱਚਿਆਂ ਨਾਲ ਵੀ ਆਪਣੇ ਬੱਚਿਆਂ ਵਰਗਾ ਵਤੀਰਾ ਕਰਦੇ ਸਨ। ਮੈਨੂੰ ਆਸ ਹੈ ਉਨ੍ਹਾਂ ਦੀ ਸ਼ੈਲੀ ਵਿਚ ਵੱਖਰਾ ਅੰਦਾਜ਼ ਹੋਵੇਗਾ। ਇਸੇ ਸੰਦਰਭ ਵਿਚ ਚਰਨਜੀਤ ਬਰਾੜ ਸੰਚਾਲਕ ਟੀ ਵੀ. ਚੈਨਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸ੍ਰੀਮਤੀ ਬਲਜੀਤ ਕੌਰ ਨੇ ਆਪਣੇ ਵਿਚਾਰਾਂ ਰਾਹੀਂ ਦੇਸ਼ ਭਗਤਾਂ ਦੀ ਸਰਾਹਨਾ ਕਰਦਿਆਂ ਆਪਣੇ ਵਲੋਂ ਸਜਦਾ ਕੀਤਾ।

ਅੰਤ ਵਿਚ ਮਲਕੀਤ ਸਿੰਘ ਵਲੋਂ ‘ਸਰੋਕਾਰਾਂ ਦੀ ਆਵਾਜ਼’ ਦੇ ਪ੍ਰਬੰਧਕ ਦੇਵਿੰਦਰ ਤੂਰ ਅਤੇ ਹਰਬੰਸ ਸਿੰਘ ਨੂੰ ਕਿਤਾਬਾਂ ਭੇਟ ਕੀਤੀ।

ਇਹ ਚਾਹੀਦਾ ਹੈ ਕਿ ਲੋਕ ਆਪਣੇ ਆਪ ਹੀ ਨਾਟਕ ਲੱਭਦੇ ਫਿਰਨ। ਪਰ ਯਕੀਨ ਹੈ ਇਹ ਦਿਨ ਕੋਈ ਹੁਣ ਬਹੁਤਾ ਦੂਰ ਨਹੀ ਹੈ। ਮਹੀਨਿਆਂਬੱਧੀ ਰਿਹਰਸਲਾਂ ਕਰਨੀਆਂ, ਸ਼ਾਮਲ ਬੱਚਿਆਂ ਦੇ ਮਾਂ-ਬਾਪ ਦਾ ਇਸ ਵਿਚ ਆਪਾ ਸ਼ਾਮਲ ਕਰਕੇ ਬੱਚਿਆਂ ਨੂੰ ਰਿਹਰਸਲਾਂ ਵਿਚ ਲੈਕੇ ਜਾਣਾ ਤੇ ਆਪਣੇ ਕੰਮ ਦਾ ਹਰਜਾ ਕਰਨਾ, ਜੇ ਪਿਛੋਕੜ ਵਿਚ ਹੋ ਰਹੇ ਸਿਰੜ ਬਾਰੇ ਸੋਚੀਏ ਤਾਂ ਆਪਣੇ ਆਪ ਹੀ ਸਤਿਕਾਰ ਸਿਰਜਿਆ ਜਾਂਦਾ ਹੈ।

ਕੈਂਪਲੂਪਸ ਦੀਆਂ ਮੱਛੀਆਂ ਜਦੋ ਖੇਡਿਆ ਗਿਆ ਸੀ ਉਦੋਂ ਵੀ ਇੱਕ ਵੱਡੇ ਧੜੇ ਵਲੋਂ ਇਹ ਕਿਹਾ ਗਿਆ ਸੀ ਕਿ ਇਹ ਤਰਕ ਸੰਗਤ ਨਹੀ ਹੈ। ਪੰਜਾਬੀ ਵਿਅਕਤੀ ਕੈਨੇਡਾ ਨੂੰ ਆਪਣਾ ਘਰ ਬਣਾ ਚੁੱਕਿਆ ਹੈ ਤੇ ਉਸਦੇ ਸੋਚਣ ਦੇ ਢੰਗ ਵਿਚ ਕੈਨੇਡਾ ਵਿਚਲਾ ਘਰ ਹੀ ਅਸਲੀ ਘਰ ਹੈ ਇੰਡੀਆ ਨਾਲ ਸਾਂਝ ਹੈ ਪਰ ਕੋਈ ਭੂ-ਹੇਰਵਾ ਨਹੀ ਹੈ।

ਇਹ ਜ਼ਿਕਰ ਮੈਂ ਇਸ ਲਈ ਕੀਤਾ ਹੈ ਕਿ ਅਸੀਂ ਹਾਂ ਸਾਰੇ ਭਗਤ ਸਿੰਘ, ਨਾਟਕ ਵਿਚ ਵੀ ਇਹੋ ਗੱਲ ਦੁਹਰਾਈ ਗਈ ਹੈ। ਇਸ ਨਾਟਕ ਨੂੰ ਵੇਖਣ ਲਈ ਮੇਰੇ ਦਿਲ ਵਿਚ ਬਹੁਤ ਉਤਸੁਕਤਾ ਸੀ, ਜਿਸਦਾ ਕਾਰਣ ਸਤੀਸ਼ ਵਰਮਾ ਦੀ ਸਖਸ਼ੀਅਤ ਸੀ ਪਰ ਇਹ ਨਾਟਕ ਕਈ ਕਾਰਨਾ ਕਰਕੇ ਮੈਨੂੰ ਪ੍ਰਭਾਵਿਤ ਨਹੀ ਕਰ ਸਕਿਆ, ਹੋ ਸਕਦਾ ਹੈ ਕਿ ਮੇਰੀਆਂ ਆਸਾਂ ਹੀ ਬਹੁਤ ਵਡੀਆਂ ਹੋਣ ਪਰ ਕੁਝ ਕਾਰਣ ਵੀ ਹਨ।

ਸਭ ਤੋਂ ਵੱਡਾ ਕਾਰਣ ਇਹ ਹੈ ਕਿ ਇਸ ਨਾਟਕ ਦੀ ਪਹੁੰਚ ਆਦਰਸ਼ਵਾਦੀ ਹੈ ਪਰ ਯਥਾਰਥਕ ਨਹੀਂ ਹੈ। ਇਸ ਵਿਚ ਕੋਈ ਸ਼ਕ ਨਹੀ ਕਿ ਭਗਤ ਸਿੰਘ ਸਾਡਾ ਰੋਲ ਮਾਡਲ ਹੈ ਤੇ ਅਸੀਂ ਇੱਕ ਲਕੀਰ ਵਾਹ ਲਈ ਹੈ ਜੋ ਸਹੀ ਵੀ ਹੈ ਪਰ ਕੀ ਇਹ ਲੀਕ ਜਾਂ ਇਹ ਅਚੇਤ ਹੀ ਕੈਨੇਡਾ ਦੇ ਬੱਚਿਆ ਲਈ ਵੀ ਉਤਨੀ ਹੀ ਸਾਰਥਕ ਹੈ ਜਿਤਨੀ ਸਾਡੇ ਲਈ? ਉੱਤਰ ਨਾਂਹ ਵਿਚ ਹੈ। ਦੂਜੇ ਪਾਸੇ 'ਸਹਿਮ ਦੇ ਪਲ' ਜਿਵੇਂ ਨਾਮ ਤੋਂ ਹੀ ਜ਼ਾਹਿਰ ਹੈ ਕਿ ਅਸੀਂ ਸਹਿਮ ਵਿਚ ਹਾਂ, ਕੋਈ ਹੱਲ ਨਹੀ, ਪਰ ਹੱਲ ਦੀ ਤਲਾਸ਼ ਵਿਚ ਹਾਂ। ਸਾਡੇ ਸਾਹਮਣੇ ਸ਼ੂਨਅ ਵਿਚ ਇੱਕ ਪ੍ਰਸ਼ਨ ਹੈ। ਹੁਣ ਦੋ ਗੱਲਾਂ ਇਨ੍ਹਾਂ ਦੋਵੇਂ ਨਾਟਕਾਂ ਲਈ ਸਾਂਝੀਆ ਪੈਦਾ ਹੋ ਜਾਂਦੀਆਂ ਹਨ ਇੱਕ ਪਾਸੇ ਜਿੱਥੇ ਭਗਤ ਸਿੰਘ ਦਾ ਰੋਲ ਮਾਡਲ, ਜਿਸ ਬਾਰੇ ਅਸੀਂ ਆਸਾਵਾਦੀ ਹਾਂ ਤੇ ਦੂਜੇ ਪਾਸੇ 'ਸਹਿਮ ਦੇ ਪਲ' ਜਿਸ ਦੇ ਸੰਦਰਭ ਵਿਚ ਅਸੀਂ ਆਪਣੇ ਬੱਚਿਆਂ ਦੇ ਵਿਹਾਰ ਬਾਰੇ, ਉਨ੍ਹਾਂ ਦੀ ਸ਼ਖਸੀਅਤ ਦੀ ਉਸਾਰੀ ਬਾਰੇ ਚਿੰਤਤ ਹਾਂ।

'ਅਸੀਂ ਹਾਂ ਸਾਰੇ ਭਗਤ ਸਿੰਘ' ਇੱਕ ਐਸਾ ਨਾਟਕ ਲੱਗਾ ਜੋ ਸਾਡੀ ਨਾਟਕ ਵੇਖਣ ਦੀ ਰਵਾਇਤ ਨੂੰ ਵੀ ਰੜਕਦਾ ਹੈ। ਹੁਣ ਨਾਟਕ ਦੀ ਵਿਧਾ ਬਾਰੇ ਤੇ ਕੋਈ ਵਿਦਵਾਨ ਹੀ ਦਸ ਸਕਦਾ ਹੈ ਪਰ ਇੱਕ ਦਰਸ਼ਕ ਦੀ ਹੈਸੀਅਤ ਵਿਚ ਮੈਂ ਇਸ ਬਾਰੇ ਕੋਈ ਚੰਗੀ ਰਾਏ ਨਹੀ ਰਖਦਾ। ਇਹ ਤੇ ਲਗਦਾ ਹੈ ਕਿ ਦਾਦਾ ਜੀ, ਬਹੁਤ ਗਿਆਨਵਾਨ, ਤੇ ਭਗਤ ਸਿੰਘ ਬਾਰੇ ਇਤਨਾ ਕੁਝ ਜਾਣਦੇ ਹਨ ਕਿ ਸੁਣਨ ਵਾਲੇ ਉਕਤਾ ਸਕਦੇ ਹਨ ਪਰ ਦਾਦਾ ਜੀ ਦੱਸਦੇ ਨਹੀ ਥੱਕ ਸਕਦੇ। ਹੋ ਸਕਦਾ ਹੈ ਕਿ ਇਹ ਨਾਟਕ ਭਾਰਤ ਵਿਚ ਲੋਕ ਜ਼ਿਆਦਾ ਪਸੰਦ ਕਰਦੇ ਹੋਣ ਪਰ ਕੈਨੇਡਾ ਦਾ ਦਰਸ਼ਕ ਇਸਨੂੰ ਬਹੁਤਾ ਹੁੰਗਾਰਾ ਇਸ ਲਈ ਵੀ ਨਹੀ ਦੇ ਸਕਦਾ ਕਿ ਇਹ ਉਸਦੀ ਲੋੜ ਨਹੀਂ ਹੈ। ਇਹ ਯਥਾਰਥਕ ਇਸ ਲਈ ਨਹੀ ਹੈ ਕਿ ਕੈਨੇਡਾ ਦੇ ਜੰਮੇ ਬੱਚੇ ਇਤਨੀ ਸ਼ਿਦਤ ਨਾਲ ਨਹੀ ਸੁਣਦੇ ਕਿਉਂਕਿ ਉਨ੍ਹਾਂ ਦੇ ਅਚੇਤ ਵਿਚ ਨਾਂ ਤਾਂ ਗੁਲਾਮੀ ਹੈ ਨਾਂ ਹੀ ਐਸੇ ਦਰਸ਼ਨ ਲਈ ਕੋਈ ਜਗ੍ਹਾ, ਜਿਸਦੀ ਫੌਰੀ ਲੋੜ ਹੋਵੇ। ਇਸਨੂੰ ਕਮਿਉਨੀਕੇਸ਼ਨ ਗੈਪ ਵੀ ਕਹਿ ਸਕਦੇ ਹਾਂ। ਮੇਰੇ ਬੱਚੇ ਨਹੀ ਸੁਣਦੇ ਤੇ ਮੇਰੇ ਕਿਸੇ ਦੋਸਤ ਨੇ ਵੀ ਕਦੇ ਐਸਾ ਨਹੀ ਕਿਹਾ ਕਿ ਉਨ੍ਹਾਂ ਦੇ ਬੱਚੇ ਸੁਣਦੇ ਹਨ ਤੇ ਉਹ ਵੀ ਇਸ ਅੰਦਾਜ਼ ਵਿਚ ਜਿਸ ਅੰਦਾਜ਼ ਵਿਚ ਨਾਟਕ ਵਿਚ ਵਿਖਾਇਆ ਗਿਆ ਹੈ। ਇਸਦਾ ਕਾਰਣ ਮੂਲ ਰੂਪ ਵਿਚ ਇਹ ਹੈ ਕਿ ਇਹ ਉਨ੍ਹਾਂ ਦੀ ਬੁਨਿਆਦੀ ਲੋੜ ਹੀ ਨਹੀਂ ਹੈ। ਹਾਂ ਸੈਕੰਡਰੀ ਲੋੜ ਬਣ ਸਕਦੀ ਹੈ ਪਰ ਉਹਦੇ ਲਈ ਉਨ੍ਹਾਂ ਨੂੰ ਸੁਣਨਾ ਪਵੇਗਾ। ਉਨ੍ਹਾਂ ਦੇ ਰੋਲ ਮਾਡਲ ਦੀ ਗੱਲ ਉਨ੍ਹਾਂ ਦੇ ਮੂੰਹੋਂ ਸੁਣਨੀ ਪਵੇਗੀ। ਉਨ੍ਹਾਂ ਦੀਆਂ ਸਮਸਿਆਵਾਂ ਤੇ ਡਾਇਸਪੋਰਿਕ ਸਮਝ ਨਾਲ ਧਿਆਨ ਦੇਣਾ ਪਵੇਗਾ।

'ਸਹਿਮ ਦੇ ਪਲ' ਵਿਚ ਇਹ ਗੱਲ ਹੋਈ ਹੈ ਜਿੱਥੇ ਇੱਥੋਂ ਦੇ ਬੱਚੇ ਸ਼ਾਮਲ ਹਨ, ਮੇਰਾ ਮਤਲਬ ਕਿਰਦਾਰਾਂ ਤੋਂ ਨਹੀਂ ਬਲਕਿ ਉਨਾਂ ਦੀ ਸੋਚ ਤੋਂ ਹੈ। ਸਾਡੇ ਦਿਲਾਂ ਵਿਚ ਜੋ ਅਚੇਤ ਵਸਿਆ ਹੋਇਆ ਹੈ ਉਹਦੇ ਤੋਂ ਛੁਟਕਾਰਾ ਪਾਉਣ ਦੀ ਲੋੜ ਹੈ ਜਦੋਂ ਅਸੀਂ ਬੱਚਿਆਂ ਦੀ ਗੱਲ ਕਰ ਰਹੇ ਹੋਵਾਂਗੇ। ਥੋਪਣਾ ਤੇ ਜ਼ਹਿਨੀ ਤੌਰ 'ਤੇ ਇੱਕਮਿੱਕ ਹੋਣਾ ਦੋ ਵਖਰੇ ਵਰਤਾਰੇ ਹਨ। ਬੱਚਿਆਂ ਨੂੰ ਚੰਡ ਕੇ ਰਖਣ ਦੀ ਸੋਚ ਤੋਂ ਮੁਕਤੀ ਪਾਉਣਾ, ਇਕੋ ਇੱਕ ਹੱਲ ਹੈ। 'ਸਹਿਮ ਦੇ ਪਲ' ਵਿਚ ਦਰਸਾਇਆ ਹੈ ਕਿ ਬਾਪ ਕਿਵੇਂ, ਉਦਾਂ ਹੀ ਸੋਚਦਾ ਹੈ ਜਿਵੇਂ ਕੋਈ ਵੀ ਪੰਜਾਬੀ, ਭਾਵੇਂ ਉਹ ਪੰਜਾਬ ਵਿਚ ਬੈਠਾ ਹੋਵੇ, ਇੰਗਲੈਂਡ ਜਾਂ ਕੈਨੇਡਾ ਅਮਰੀਕਾ ਵਿਚ। ਜਿਤਨਾ ਚਿਰ ਉਹ ਆਪਣੇ ਖੋਲ ਵਿਚੋਂ ਨਿਕਲਕੇ ਆਲਾ ਦੁਆਲਾ ਨਹੀ ਵੇਖੇਗਾ, ਉਸਦੇ ਬੱਚੇ ਇੰਝ ਹੀ ਸਹਿਮੇ ਰਹਿਣਗੇ ਤੇ ਉਹ ਆਪ ਵੀ ਸਹਿਮਿਆ ਰਹੇਗਾ। ਕਦੇ ਵੀ ਇਹ ਗੱਲ ਸਮਝ ਨਹੀ ਆਵੇਗੀ ਕਿ ਘਰ ਤੇ ਮੇਰਾ ਸੱਤ ਲੱਖ ਦਾ ਹੈ, ਕਾਰ ਵੀ ਪੰਜਾਹ ਹਜ਼ਾਰ ਦੀ ਹੈ ਪਰ ਮੈਂ ਖੁਸ਼ ਕਿਉਂ ਨਹੀ ਹਾਂ, ਮੇਰੇ ਬੱਚੇ ਖੁਸ਼ ਕਿਉਂ ਨਹੀ ਹਨ? ਇਸਦਾ ਇਹ ਮਤਲਬ ਵੀ ਨਹੀ ਕਿ ਪੈਸੇ ਨਹੀਂ ਚਾਹੀਦੇ ਜਾਂ ਬੱਚਿਆ ਨੂੰ ਪੈਸੇ ਨਹੀ ਚਾਹੀਦੇ ਗੱਲ ਤਾਂ ਵਰਤਾਰੇ ਦੀ ਹੈ। ਇੱਕ ਘਰ ਵਿਚ ਜੇ ਦੋ ਅਜਨਬੀ ਰਹਿਣਗੇ ਤਾਂ ਖੁਸ਼ ਕਿਵੇ ਰਹਿ ਸਕਦੇ ਹਨ? ਸੱਤ ਲੱਖ ਦੇ ਘਰ ਵਿਚ ਬੈਠਕੇ ਵੀ ਖੁਸ਼ੀ ਆਪਣੇ ਆਪ ਨਹੀਂ ਆਵੇਗੀ ਸਗੋਂ ਲਭਣੀ ਪਵੇਗੀ। ਸਹਿਮ ਤੋਂ ਛੁਟਕਾਰਾ ਪਾਉਣਾ ਸਹਿਜ਼ ਹੋ ਸਕਦਾ ਹੈ ਇਹ ਸੰਭਵ ਹੈ, ਸਹਿਮ ਦੇ ਪਲ ਦਾ ਮੰਥਨ ਇਹੋ ਹੀ ਹੈ।

ਸਕੂਲੋਂ ਆਏ ਬੱਚੇ ਨੂੰ ਮਾਂ ਦਾ ਪੁਛਣਾ—ਆ ਗਿਆ ਮੇਰਾ ਪੁੱਤ ਤੇ ਬੱਚੇ ਦਾ ਜੁਆਬ-ਕੋਈ ਸ਼ੱਕ ਹੈ?—ਇਹ ਦੋ ਡਾਇਲਾਗ ਹੀ ਕਿਤਨਾ ਕੁਝ ਕਹਿ ਦਿੰਦੇ ਹਨ।

ਬਰੇਕ ਫਾਸਟ ਤਿਆਰ ਨਹੀ ਜਾਂ ਲੇਟ ਹੈ ਤੇ ਪਤੀ ਲੋਹਾ ਲਾਖਾ ਹੁੰਦਾ ਹੈ ਜਦ ਕਿ ਪਤਨੀ ਵੀ ਕੰਮ ਤੇ ਜਾਂਦੀ ਹੈ। ਔਰਤ ਨੂੰ ਪੈਂਦੀ ਦੋਹਰੀ ਮਾਰ ਨੂੰ ਬੱਚਾ ਵੀ ਵੇਖ ਰਿਹਾ ਹੈ ਜੋ ਸਕੂਲ ਵਿਚ ਨਾਗਰਿਕਾਂ ਦੇ ਹੱਕਾਂ ਬਾਰੇ ਜਾਗਰੂਕ ਹਨ ਬਿਨ੍ਹਾ ਕਿਸੇ ਜੈਂਡਰ ਕੰਮਪਲੈਕਸ ਦੇ--- ਇਹੋ ਜਿਹੇ ਵਰਤਾਰੇ ਸਾਡੀ ਅਚੇਤੀ ਸਮਝ ਵਿਚ ਜਲਦ ਨਹੀ ਆਉਂਦੇ ਤੇ ਜਦੋਂ ਆਉਂਦੇ ਹਨ ਉਦੋਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਅਸਲ ਵਿਚ ਨਾਟਕ 'ਸਹਿਮ ਦੇ ਪਲ' ਵੇਖਣ ਨੂੰ ਜਿਤਨਾ ਸਰਲ ਲਗਦਾ ਹੈ ਉਤਨਾ ਹੀ ਜਟਿਲ ਹੈ ਤੇ ਇਹੋ ਇਸਦੀ ਸਫਲਤਾ ਹੈ। ਅਵਤਾਰ ਔਜਲਾ ਨੇ ਇਸ ਨਾਟਕ ਨੂੰ ਡਾਇਰੈਕਟ ਕੀਤਾ ਹੈ ਤੇ ਇਸ ਡਰਾਮੇ ਲਈ ਇੱਥੋਂ ਦੇ ਬੱਚਿਆਂ ਦੀ ਪਹੁੰਚ ਨੂੰ ਹੀ ਅਧਾਰ ਬਣਾਇਆ ਹੈ,. ਉਸ ਲਈ ਉਹ ਤਾਰੀਫ ਦੇ ਹੱਕਦਾਰ ਹਨ। ਕੈਨੇਡੀਅਨ ਦਰਸ਼ਕ ਦੀ ਮੰਗ, ਉਹੋ ਹੀ ਹੈ ਜੋ 'ਸਹਿਮ ਦੇ ਪਲ' ਵਿਚ ਦਰਸਾਈ ਗਈ ਹੈ।

ਜੇ ਮਾਤ ਪਿਤਾ ਤੇ ਬੱਚਿਆ ਦੀ ਨਿਕਟਤਾ, ਵਿਗਸਣ ਵਾਲੀ ਹੋਵੇ, ਸੂਝ ਜਾਂ ਅਨੁਭਵ ਤੋਂ ਪਾਰ ਦੀ ਅਵਸਥਾ ਵਾਲੀ ਹੋਵੇ ਤਾਂ ਭਗਤ ਸਿੰਘ ਦੇ ਰੋਲ ਮਾਡਲ ਦੀ ਗੱਲ ਬੱਚਿਆ ਦੇ ਜ਼ਹਿਨ ਵਿਚ ਸਹਿਜੇ ਹੀ ਸਮਾ ਸਕਦੀ ਹੈ ਪਰ ਉਹਦੇ ਲਈ ਮਾਪ ਦੰਡ ਹੋਰ ਹੋਣੇ ਚਾਹੀਦੇ ਹਨ, ਸਿੱਧ ਪੱਧਰੀ ਗੱਲ ਤੇ ਗਿਆਨ ਦੀ ਵਿਸ਼ਾਲਤਾ ਨਾਲ ਬੱਚੇ, ਰੌਚਿਕਤਾ ਤੋਂ ਬਿਨ੍ਹਾਂ ਨਹੀ ਸਮਝ ਸਕਦੇ। ਤੇ ਰੌਚਿਕਤਾ ਵੀ ਉਹ ਜੋ ਉਨ੍ਹਾਂ ਦੇ ਹਾਣ ਦੀ ਹੋਵੇ। ਇਸਦੀ ਭਾਲ ਕਰਨ ਲਈ ਸਾਨੂੰ ਉਨ੍ਹਾਂ ਦੀਆਂ ਲੋੜਾਂ ਨੂੰ ਸਮਝਣਾ ਪਵੇਗਾ, ਉਨ੍ਹਾਂ ਦੇ ਰੋਲ ਮਾਡਲ ਨਾਲ ਦਿਲਚਸਪੀ ਪੈਦਾ ਕਰਨੀ ਪਵੇਗੀ ਤੇ ਇਸ ਲਈ ਗੇਵ ਐਂਡ ਟੇਕ ਦਾ ਸਿਧਾਂਤ ਵੀ ਕੰਮ ਕਰ ਸਕਦਾ ਹੈ। ਇਹ ਸਮਝ ਲੈਣਾ ਕਿ ਅੱਜ ਗਲੋਬਲ ਪਿੰਡ ਹੈ ਤੇ ਗਿਆਨ ਦੀ ਥਾਹ ਨੂੰ ਪਾ ਲੈਣਾ ਤੇ ਕੋਈ ਵੀ ਰੋਲ ਮਾਡਲ ਪੇਸ਼ ਕਰ ਦੇਣਾ, ਸਾਰਥਕ ਨਹੀਂ ਹੈ। ਇਹਦੇ ਲਈ ਕਿਸੇ ਖਿੱਤੇ ਦੀ ਮਨੋ ਭਾਵਨਾ ਨੂੰ ਸਮਝਣਾ ਪਵੇਗਾ। ਸਕੂਲ ਵਿਚ ਜਟਵੈੜਪੁਣਾ ਅੱਜਕਲ ਆਮ ਜਿਹੀ ਗੱਲ ਹੈ। ਬੱਚਾ ਡਿਪਰੈਸ ਤੇ ਹੋ ਜਾਂਦਾ ਹੈ ਪਰ ਉਹਦੇ ਕੋਲ ਕੋਈ ਸਪੇਸ ਹੀ ਨਹੀਂ ਕਿ ਉਹ ਆਪਣੇ ਡਿਪਰੈਸ਼ਨ ਨਾਲ ਨਜਿੱਠੇ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਕੈਨੇਡਾ ਦਾ ਸਕੂਲ ਸਿਸਟਮ, ਜਿਸਦਾ ਜ਼ਿਕਰ ਨਾਟਕ ਵਿਚ ਕੀਤਾ ਗਿਆ ਹੈ, ਇੱਕ ਬਿੰਬ ਦੀ ਤਰ੍ਹਾਂ ਹੈ ਪਰ ਬਿਨ੍ਹਾ ਮਾਂ ਬਾਪ ਦੀ ਸਮਝ ਤੋਂ, ਇਹ ਸਿਸਟਮ ਵੀ ਕੰਮ ਨਹੀ ਕਰਦਾ। ਅਸੀਂ ਬੱਚਿਆਂ ਨੂੰ ਸਿਸਟਮ ਦੇ ਹਵਾਲੇ ਕਰਕੇ ਨਿਸਚਿਤ ਨਹੀਂ ਹੋ ਸਕਦੇ। ਸਿਸਟਮ ਹੈ, ਸਿਸਟਮ ਦੇ ਪਾਲਣ ਹਾਰ ਵੀ ਹਨ ਪਰ ਭਾਵਨਾ ਤਾਂ ਘਰੋਂ ਹੀ ਸ਼ੁਰੂ ਹੋਵੇਗੀ। ਇਹ ਵਿਸਥਾਰ ਦੇਣ ਲਈ, ਇੱਕ ਇਸ਼ਾਰਾ ਹੀ ਕਾਫੀ ਹੁੰਦਾ ਹੈ ਜੋ 'ਸਹਿਮ ਦੇ ਪਲ' ਵਿਚ ਦਿੱਤਾ ਗਿਆ ਹੈ।

ਦਿਲ ਵਿਚ ਉਤਰਨ ਵਾਲਾ ਉਹ ਕਿਹੜਾ ਵੇਗ ਹੈ, ਉਹ ਕਿਹੜੀ ਪ੍ਰੇਰਨਾ ਹੈ ਜਿਸਨੇ ਪਾਣੀ ਦੇ ਵਹਾਅ ਵਾਂਗ ਆਪਣਾ ਰਸਤਾ ਆਪ ਬਨਾਉਣਾ ਹੈ ਨਾਂ ਕਿ ਭਗਤ ਸਿੰਘ ਦੇ ਰੋਲ ਮਾਡਲ ਨੇ। ਇਹ ਰੋਲ ਮਾਡਲ ਬਾਦ ਦੀ ਪ੍ਰੇਰਨਾ ਹੈ ਤੇ ਇਹ ਪ੍ਰੇਰਨਾ ਵੀ ਤਾਂ ਹੀ ਕੰਮ ਕਰੇਗੀ ਜਦੋਂ ਬਾਪ ਦਾ ਆਪਣਾ ਕਿਰਦਾਰ ਵੀ ਪੈਰਵਾਈ ਕਰਦਾ ਦਿਸੇਗਾ। ਅਜੇ ਤਾਂ ਅਸੀਂ ਡੁਮੈਸਟਿਕ ਵਾਇਲੈਂਸ ਦੀਆਂ ਘਟਨਾਵਾਂ ਵਿਚ ਹੀ ਉਲਝੇ ਹੋਏ ਹਾਂ, ਅਜੇ ਤਾਂ ਅਸੀਂ ਗਦਰੀ ਬਾਬਿਆਂ ਨੂੰ ਸਿੱਖ, ਕਾਮਰੇਡ ਸਿੱਧ ਕਰਨ ਵਿਚ ਹੀ ਰੁਝੇ ਹੋਏ ਹਾਂ, ਬੱਚਿਆਂ ਵੱਲ ਤੇ ਸਾਡਾ ਧਿਆਨ ਹੀ ਨਹੀ ਹੈ। ਕਦੇ ਕਦੇ ਤਾਂ ਇੰਝ ਲਗਦਾ ਹੈ ਕਿ ਅਸੀਂ ਇੱਕ ਦੂਜੇ ਨੂੰ ਹੀ ਦਰੁਸਤ ਕਰਨ ਵਿਚ ਖਰਚ ਹੋ ਰਹੇ ਹਾਂ।

ਹਰ ਇੰਮੀਗਰੈਂਟ ਭਾਵੇਂ ਕਿਸੇ ਵੀ ਮੁਲਕ ਵਿਚੋਂ ਆਇਆ ਹੋਵੇ, ਉਹ ਇੱਕ ਅਚੇਤ ਆਪਣੇ ਨਾਲ ਲੈਕੇ ਆਉਂਦਾ ਹੈ। ਉਸਦਾ ਸਾਹਮਣਾ ਉਨ੍ਹਾਂ ਚਣੌਤੀਆ ਨਾਲ ਹੁੰਦਾ ਹੈ ਜੋ ਉਸਦੇ ਇਲਮ ਵਿਚ ਨਹੀ ਹੁੰਦੀਆਂ ਹਨ। ਉਸ ਕੋਲ ਦੋ ਰਾਹ ਹਨ ਇੱਕ ਤੇ ਆਪਣੇ ਅਚੇਤ ਨੂੰ ਲੈਕੇ ਤਨਾਵ ਭੋਗੇ ਜਾਂ ਨਵੇ ਨੂੰ ਸਮਝਕੇ ਆਪਣੀਆਂ ਨਵੀਆਂ ਪਗਡੰਡੀਆ ਉਸਾਰੇ ਜੋ ਸਮੇ ਦੇ ਹਾਣ ਦੀਆ ਹੋਣ। ਇਸਦਾ ਇਹ ਮਤਲਬ ਵੀ ਨਹੀਂ ਕੱਢ ਲੈਣਾ ਚਾਹੀਦਾ ਕਿ ਆਪਣੇ ਅਚੇਤ ਤੇ ਮਾਣ ਕਰਨਾ ਛਡ ਦੇਵੋ ਪਰ ਉਨ੍ਹਾਂ ਨੂੰ ਡਾਇਸਪੋਰਿਕ ਦ੍ਰਿਸ਼ਟੀ ਦੀ ਲੋੜ ਹੁੰਦੀ ਹੈ। ਡਾਇਸਪੋਰਾ, ਕਿਸੇ ਦੇਸ਼ ਦੇ ਪ੍ਰਾਤਾਂ ਦੀ ਗਿਣਤੀ ਵਿਚ ਉਨ੍ਹਾਂ ਦੇ ਰਕਬੇ ਵਿਚ ਨਹੀ ਹੁੰਦਾ ਬਲਕਿ ਉਥੋਂ ਦੀਆਂ ਰਵਾਇਤਾਂ ਵਿਚ ਹੁੰਦਾ ਹੈ। ਸਰਕਾਰਾਂ ਦੇ ਹਿੱਸਿਆ ਵਿਚ ਨਹੀਂ ਹੁੰਦਾ ਬਲਕਿ ਸਰਕਾਰਾਂ ਦੇ ਸਿਸਟਮ ਨਾਲ ਆਪਣੇ ਆਪ ਨੂੰ ਢਾਲ ਲੈਣ ਵਿਚ ਹੁੰਦਾ ਹੈ।

ਡਾਇਸ਼ਪੋਰਿਕ ਸਾਂਝ ਲਈ ਇਹ ਦਰਸ਼ਨ ਬਹੁਤ ਸਮਾਂ ਅਣਗੌਲਿਆ ਵੀ ਰਿਹਾ, ਇਹ ਵਿਸਰਿਆਪਨ ਸਿਰਫ ਸਾਡੀ ਕਮਿਉਨਿਟੀ ਵਿਚ ਹੀ ਨਹੀਂ ਹੈ ਬਲਕਿ ਇਹ ਗਲੋਬਲ ਵਰਤਾਰਾ ਰਹੀ ਹੈ। ਹਰ ਬਸ਼ਿੰਦਾ ਪਹਿਲਾਂ ਇਹੋ ਸੋਚਦਾ ਸੀ ਕਿ ਉਸਦਾ ਘਰ, ਉਸਦਾ ਦੇਸ਼ ਹੈ ਤੇ ਇੱਥੇ ਉਹ ਅਜਨਬੀ ਹੈ, ਵਿਪਰੀਤ ਹਾਲਤਾਂ ਨੇ ਹੀ ਤਨਾਵ ਪੈਦਾ ਕੀਤੇ। ਪਰ ਹੁਣ ਕੁਲ ਦੁਨੀਆ ਵਿਚ ਹੀ ਇਹ ਵਿਚਾਰ ਨਹੀ ਰਿਹਾ। ਇਸ ਲਈ ਵੱਖੋ-ਵੱਖਰੀਆਂ ਕਮਿਉਨਿਟੀਆਂ ਨੂੰ ਭਾਰੀ ਕੀਮਤ ਵੀ ਚੁਕਾਉਣੀ ਪਈ ਹੈ ਤੇ ਅਸੀਂ ਵੀ ਚੁਕਾਈ ਹੈ ਪਰ ਇਹ ਕੀਮਤ ਵੇਲ੍ਹਾ ਵਿਹਾ ਚੁੱਕੀ ਹੀ ਸਾਬਤ ਹੋਈ ਹੈ। ਇਸਦੇ ਹੋਰ ਵੀ ਪਹਿਲੂ ਹਨ। ਇਹ ਕੋਈ ਪੱਥਰੀ ਲੀਕ ਨਹੀਂ ਹੈ ਪਰ ਇਨ੍ਹਾਂ ਨਾਟਕਾਂ ਦੇ ਸੰਦਰਭ ਵਿਚ ਇਹ ਹੀ ਅੱਟਲ ਹੈ। ਗੱਲ ਤੇ ਉਤਰ ਆਧੁਨਿਕਤਾ ਦੀ ਵੀ ਚਲਦੀ ਹੈ ਤੇ ਚਲਦੀ ਵੀ ਸਾਰੀ ਦੁਨੀਆ ਵਿਚ ਹੈ, ਉਸਦੇ ਆਪੋ ਆਪਣੇ ਦਰਸ਼ਨ ਸ਼ਾਸਤਰੀ ਹਨ। ਜੋ ਭਵਿੱਖ ਦੀ ਗੱਲ ਕਰਦੇ ਹਨ ਪਰ ਅੱਜ ਦੀ ਫੌਰੀ ਲੋੜ ਸਾਡੀ ਆਉਣ ਵਾਲੀ ਪੀੜ੍ਹੀ ਦੀ ਹੈ ਤੇ ਸਭ ਤੋਂ ਜ਼ਰੂਰੀ ਉਨ੍ਹਾਂ ਨੂੰ ਸਮਝਣਾ ਤੇ ਪਰਿਵਾਰਕ ਇਕਾਈ ਨਾਲ ਜੋੜੀ ਰੱਖਣ ਵਿਚ ਹੈ। ਪਰਿਵਾਰ ਹੀ ਸਮਾਜ ਦੀ ਬੁਨਿਆਦੀ ਤੇ ਪਹਿਲੀ ਇਕਾਈ ਹੈ, ਇਸਦਾ ਸਿਹਤਮੰਦ ਹੋਣਾ ਹੀ ਚੰਗੇ ਸਮਾਜ ਦੀ ਜ਼ਾਮਨੀ ਹੈ, ਇਸ ਸਮਾਜ ਨੇ ਸਿਸਟਮ ਉਸਾਰਨਾ ਹੈ, ਸਿਸਟਮ ਨੇ ਹੀ ਸਾਡੀ ਆਉਣ ਵਾਲੀ ਪੀੜ੍ਹੀ ਦੀ ਨਿਸਚਿਤ ਹੋਂਦ ਨੂੰ ਸੁਰਖਿਅਤ ਕਰਨਾ ਹੈ।

ਇਹ ਇੱਕ ਜਸ਼ਨ ਮਨਾਉਣ ਵਾਲੀ ਗੱਲ ਹੈ ਕਿ ਸਾਡੇ ਵਿਚੋਂ ਹੀ ਕੁਝ ਲੋਕ, ਇਸ ਬਾਰੇ ਸਾਰਥਕ ਕੰਮ ਕਰ ਰਹੇ ਹਨ। ਆਪ ਸਮਝ ਕੇ ਆਪੋ ਆਪਣੇ ਸਾਧਨਾ ਰਾਹੀ ਚੰਗੀਆਂ ਧਾਰਨਾਵਾਂ ਨੂੰ ਲੋਕਾਂ ਤੱਕ ਪਹੁੰਚਾਣ ਲਈ ਯਤਨਸ਼ੀਲ ਹਨ। ਟਰਾਂਟੋ ਦੇ ਰੰਗ ਮੰਚ ਨਾਲ ਜੁੜੇ ਸਾਰੇ ਹੀ ਕਰਮੀ ਇਸ ਪੱਖੋਂ ਉਦਮੀ ਹਨ ਤੇ ਚੰਗੇ ਉਸਰਈਏ ਬਨਣ ਦੀ ਤਾਕ ਵਿਚ ਹਨ। ਵਿਲਖਣ ਖੁਸੀ ਮਹਿਸੂਸ ਕਰਦੇ ਹੋਣਗੇ ਜਦ ਮੇਰੇ ਵਰਗੇ ਦਰਸ਼ਕ ਤਸੱਲੀ ਨਾਲ ਹਾਲ ਵਿਚੋਂ ਬਾਹਰ ਆਉਂਦੇ ਹਨ।

ਤਹਿ ਦਿਲੋਂ ਗੱਲ ਕਰਨ ਤੋਂ ਬਾਦ, ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਨਾਟਕਾਂ ਵਾਲਾ ਦਿਨ ਸਾਰਥਿਕ ਰਿਹਾ ਤੇ ਕਈ ਕੁਝ ਸੋਚਣ ਲਈ ਵੀ ਛੱਡ ਗਿਆ। ਦੋਵਾਂ ਹੀ ਨਾਟਕਾਂ ਵਿਚ ਮਿਹਨਤ ਹੋਈ ਦਰਸ਼ਨੀ ਹੈ। ਭਾਵੇਂ ਕਿ ਭਗਤ ਸਿੰਘ ਵਾਲੇ ਨਾਟਕ ਨੇ ਬਹੁਤਾ ਬੰਨ ਕੇ ਨਹੀ ਰਖਿਆ, ਇਸਦਾ ਕਾਰਣ ਸ਼ਾਇਦ ਸਾਡੀ ਉਮੀਦ ਵੱਡੀ ਸੀ। ਬਿਨ੍ਹਾ ਸ਼ੱਕ ਉਸ ਵਿਚ ਭਗਤ ਸਿੰਘ ਦੇ ਕਈ ਉਹ ਪਹਿਲੂ ਵੀ ਉਜਾਗਰ ਹੋਏ ਜੋ ਆਮ ਲੋਕਾਂ ਲਈ ਲੁਕੇ ਹੋਏ ਸਨ, ਕਈ ਤਾਂ ਭਗਤ ਸਿੰਘ ਨੂੰ ਇੱਕ ਗਰਮ ਖੂਨ ਵਾਲਾ ਜੋਸ਼ੀਲਾ ਨੌਜਵਾਨ ਹੀ ਸਮਝਦੇ ਹਨ ਪਰ ਉਹ ਕਿਤਨਾ ਜ਼ਹੀਨ ਸੀ ਇਸਦੀ ਟੋਅ ਇਸ ਨਾਟਕ ਤੋਂ ਮਿਲਦੀ ਹੈ। ਸਤੀਸ਼ ਵਰਮਾ ਹੋਰਾਂ ਨੂੰ ਕਿਤਨਾ ਕੁਝ ਜ਼ਬਾਨੀ ਹੀ ਚੇਤੇ ਹੈ, ਇਹ ਦੇਖਕੇ ਵੀ ਸਤਿਕਾਰ ਉਪਜਦਾ ਹੈ ਪਰ ਫਿਰ ਵੀ ਇਹ ਕਹਿਣ ਵਿਚ ਵੀ ਕੋਈ ਦਿੱਕਤ ਨਹੀਂ ਕਿ ਇਸ ਵਿਚ ਰੌਚਿਕਤਾ ਦੀ ਘਾਟ ਰੜਕੀ। ਨਾਟਕ ਤੋਂ ਅਸੀਂ ਇਹ ਹੀ ਮਤਲਬ ਕੱਢਦੇ ਹਾਂ ਕਿ ਸੰਦੇਸ਼ ਨਾਲ ਉਸ ਵਿਚ ਰੌਚਿਕਤਾ ਵੀ ਹੋਵੇ ਪਰ ਕੈਨੇਡਾ ਦੇ ਘਰਾਂ ਵਿਚ ਰਹਿਣ ਵਾਲੇ ਸਾਡੇ ਬੱਚੇ ਇਸ ਤਰ੍ਹਾਂ ਦੀ ਸਕੂਲੀ ਪਹੁੰਚ ਦੇ ਆਦੀ ਨਹੀ ਹਨ। ਇੱਥੇ ਇਹ ਦੱਸਣਾ ਵੀ ਕੁਥਾਂ ਨਹੀ ਹੋਵੇਗਾ ਕਿ ਅੱਜਕਲ ਦੋ ਵਿਚਾਰ ਸਮਾਨੰਤਰ ਚੱਲ ਰਹੇ ਹਨ, ਆਦਰਸ਼ਵਾਦ ਤੇ ਯਥਾਰਥਵਾਦ। ਜਿੱਥੇ ਆਦਰਸ਼ਵਾਦ ਨੂੰ ਅੱਜਕੱਲ ਨੈਗੇਟਿਵ ਨਾਹਰਾ ਹੀ ਸਮਝਣ ਦਾ ਭੁਲੇਖਾ ਹੈ ਉੱਥੇ ਕਰੂਰ ਯਥਾਰਥ ਦੀ ਪ੍ਰਸੰਸਾ ਕੀਤੀ ਜਾਂਦੀ ਹੈ। ਕੀ ਹੁਣ ਇਹ ਜ਼ਰੂਰੀ ਨਹੀਂ ਹੋ ਗਿਆ ਕਿ ਸਾਡਾ ਯਥਾਰਥ ਐਸਾ ਹੋਣਾ ਚਾਹੀਦਾ ਹੈ ਜਿਸ ਵਿਚ ਆਦਰਸ਼ ਲਈ ਸਪੇਸ ਹੋਵੇ। ਕਿਉਂ ਨਹੀ ਅਸੀਂ ਆਦਰਸ਼ਕ ਪਹੁੰਚ ਵਾਲਾ ਯਥਾਰਥ ਸਿਰਜਣ ਤੇ ਸਮਝਣ ਵਿਚ ਕਾਮਯਾਬ ਹੋ ਰਹੇ? ਜ਼ਰੂਰ ਹੀ ਕਿਤੇ ਉਣਤਾਈਆਂ ਹਨ।

'ਸਹਿਮ ਦੇ ਪਲ' ਦੀ ਡਾਇਰੈਕਸ਼ਨ ਦੀ ਜੇ ਗੱਲ ਕਰਨੀ ਹੋਵੇ ਤਾਂ ਤਸੱਲੀ ਮਿਲਦੀ ਹੈ। ਇਹ ਕੋਈ ਉਪਚਾਰਿਕ ਤਾਰੀਫ ਦੀ ਗੱਲ ਨਹੀਂ ਹੈ। ਬਲਕਿ ਇੰਝ ਲਗਦਾ ਸੀ ਕਿ ਸਾਡਾ ਹੀ ਬੱਚਾ ਬੋਲ ਰਿਹਾ ਹੈ। ਸਾਡਾ ਹੀ ਵਾਕਫ ਬੁਲੀ ਕਰ ਰਿਹਾ ਹੈ ਸਾਡੇ ਹੀ ਘਰ ਦਾ ਮੁੱਖੀ ਜਾਂ ਮੈਂ ਹੀ ਆਪਣੀ ਬੀਵੀ ਨਾਲ ਬੇਰੁਖੀ ਕਰ ਰਿਹਾ ਹਾਂ। ਮੇਰੀ ਹੀ ਬੀਵੀ ਮਾਨਸਿਕ ਬਿਮਾਰੀ ਨਾਲ ਸੰਤਾਂ ਬਾਬਿਆਂ ਨੂੰ ਮੰਨ ਰਹੀ ਹੈ। ਇਹ ਬਾਬੇ ਤੇ ਚਿਮਟਿਆਂ ਨਾਲ ਇਸ ਤਰ੍ਹਾਂ ਫੜਨੇ ਚਾਹੀਦੇ ਹਨ ਜਿਵੇਂ ਮਰਿਆ ਚੂਹਾ ਚਿਮਟੇ ਨਾਲ ਫੜੀਦਾ ਹੈ। ਇਨ੍ਹਾਂ ਬਾਬਿਆਂ ਦੇ ਫੈਲਣ ਦੇ ਵੀ ਕਈ ਕਾਰਣ ਹਨ ਜਿਨ੍ਹਾਂ ਵਿਚ ਅਸੀਂ ਸਾਰੇ ਹੀ ਕਿਤੇ ਨਾ ਕਿਤੇ ਦੋਸ਼ੀ ਹਾਂ। 'ਸਹਿਮ ਦੇ ਪਲ' ਇੰਝ ਲਗਦਾ ਹੈ ਜਿਵੇਂ ਸਾਡੇ ਪਰਿਵਾਰਾਂ ਦੀ ਗੱਲ ਹੋਵੇ ਪਰ ਹੁਣ ਇਸ ਟੀਮ ਨੂੰ ਇਹ ਵੀ ਬੇਨਤੀ ਕਰਨ ਵਿਚ ਕੋਈ ਹਿਚਕਿਚਾਹਟ ਨਹੀ ਹੈ ਕਿ ਹੁਣ ਸਮਾਧਾਨ ਵੱਲ ਰੁਖ ਕਰੋ। ਤੁਹਾਡੇ ਅਗਲੇ ਕਦਮ ਦੀ ਇੰਤਜਾਰ ਰਹੇਗੀ। ਟਰਾਂਟੋ ਦੇ ਸਾਰੇ ਰੰਗ ਕਰਮੀਆ ਨੂੰ ਵਧਾਈ, ਸਾਰੀਆਂ ਨਾਟਕ ਸੰਸਥਾਵਾਂ ਨੂੰ ਵਧਾਈ, ਕਿਤੇ ਨਾ ਕਿਤੇ ਇਸ ਪਲੇਟਫਾਰਮ ਵਿਚ ਉਹ ਵੀ ਅਣਦਿਸੇ ਹਾਜ਼ਰ ਦਿਸੇ। ਇਸ ਨਾਟਕ ਦੀ ਰੀਤ ਵਿਚ ਸਭਦਾ ਬਰਾਬਰ ਦਾ ਯੋਗਦਾਨ ਹੈ।

ਫੋਨ ਨੰਬਰ 416-213-8715

ਸੰਪਾਦਕ ਮੰਡਲ (ਆਨਰੇਰੀ)

ਮਾ. ਭਜਨ ਸਿੰਘ ਕੈਲਗਰੀ, ਅਲਬਰਟਾ
403-455-4220
ਹਰਬੰਸ ਸਿੰਘ
416-817-7142
ਦੇਵਿੰਦਰ ਤੂਰ
416-902-9372
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ

ਸੁਖਦੇਵ ਸਿੰਘ ਸੰਧੂ
ਮਾਸਟਰ ਬਲਬੀਰ ਸਿੰਘ ਗਿੱਲ
ਅਵਤਾਰ ਸਿੱਧੂ, ਵਿੰਨੀਪੈਗ ਮਾਨੀਟੋਬਾ
204-981-3375
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
ਬੀ. ਸਿੰਘ
akashdeep.1064@gmail.com

# "ਮਸ਼ਾਲਾਂ ਬਾਲ ਕੇ ਰੱਖਣਾ"



ਸੁਰਿੰਦਰ ਸ਼ਰਮਾ

**ਸੁਰਿੰਦਰ ਸ਼ਰਮਾ ਅਤੇ ਹਰਕੇਸ਼ ਚੌਧਰੀ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਭਾਅ ਜੀ ਦੀ ਪਾਈ ਹੋਈ ਪ੍ਰੰਪਰਾ ਨੂੰ ਚਾਲੂ ਰੱਖਦੇ ਹੋਏ 26 ਸਾਲ ਤੋਂ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਨਾਟਕਾਂ ਰਾਹੀਂ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ। ਉਨ੍ਹਾਂ ਵਲੋਂ ਲਿਖਿਆ ਨਾਟਕ "ਮਸ਼ਾਲਾਂ ਬਾਲ ਕੇ ਰੱਖਣਾ" ਪਾਠਕਾਂ ਦੇ ਰੂਬਰੂ ਕਰ ਰਹੇ ਹਾਂ।**



*ਮਸ਼ਾਲਾਂ ਬਾਲ ਕੇ ਰੱਖਣਾ ਨਾਟਕ ਦੀ ਉਪਜ ਦਿੱਲੀ ਦੇ ਵਿਚ 16 ਦਸੰਬਰ 2012 ਨੂੰ ਵਾਪਰੀ ਘਟਨਾ ਹੈ। ਜਦੋਂ ਦਾਮਿਨੀ ਨਾਮ ਦੀ ਬੱਚੀ ਦੀ ਇੱਜ਼ਤ ਨੂੰ ਲੀਰੋ-ਲੀਰ ਕਰ ਦਿੱਤਾ। ਉਸ ਘਟਨਾ ਤੋਂ ਬਾਅਦ ਮੇਰੇ ਜਹਿਨ ਵਿਚ ਦੋ ਗੱਲਾਂ ਉਭਰ ਕੇ ਆਈਆਂ ਇਕ ਇਹ ਕਿ ਜਦੋਂ ਉਹ ਬੱਚੀ ਨੰਗੇ ਜਿਸਮ ਪੁਲ ਦੇ ਥੱਲੇ ਤੜਫਦੀ ਰਹੀ ਤਾਂ ਕਿਸੇ ਨੇ ਵੀ ਤਨ ਢੱਕਣ ਲਈ ਇਕ ਰੁਮਾਲ ਦਾ ਟੁਕੜਾ ਤੱਕ ਨਹੀਂ ਦਿੱਤਾ ਤੇ ਉਸ ਦੇ ਜਾਣ ਤੋਂ ਬਾਅਦ ਉਸ ਦੀ ਯਾਦ ਵਿਚ ਮੋਮਬੱਤੀਆਂ ਜਗਾਈਆਂ, ਮਸ਼ਾਲਾਂ ਜਗਾਈਆਂ। ਭਾਵੇਂ ਇਹ ਠੀਕ ਹੈ ਕਿ ਚਲੋ ਦੇਰ ਆਏ ਦਰੁਸਤ ਆਏ। ਤੇ ਦੂਜੀ ਗੱਲ ਜਿਹੜੀ ਇਸ ਇਕ ਪਾਤਰੀ ਨਾਟਕ ਉਪਜ ਦਾ ਮੁੱਖ ਕਾਰਨ ਅਤੇ ਉਦੇਸ਼ ਇਹ ਵੀ ਹੈ ਕਿ ਦਾਮਿਨੀ ਨਾ ਤਾਂ ਪਹਿਲੀ ਸੀ ਤੇ ਨਾ ਹੀ ਆਖਰੀ ਤੇ ਫਿਰ ਦਾਮਿਨੀ ਤੱਕ ਹੀ 'ਮਸ਼ਾਲਾਂ' ਦੀ ਕਤਾਰ ਸੀਮਿਤ ਕਿਉਂ? ਤੇ ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਨਹੀਂ ਹੋ ਜਾਂਦੀ ਉਦੋਂ ਤੱਕ ਮਸ਼ਾਲਾਂ ਬਾਲ ਕੇ ਰੱਖਣੀਆਂ ਪੈਣਗੀਆਂ ਤਾਂ ਹੀ ਇਸ ਨਾਟਕ ਦਾ ਨਾਂ 'ਮਸ਼ਾਲਾਂ ਬਾਲ ਕੇ ਰੱਖਣਾ' ਰੱਖਿਆ ਗਿਆ ਹੈ। ਇਹ ਇਕ ਪਾਤਰੀ ਨਾਟਕ ਹੈ। ਉਮੀਦ ਕਰਦਾ ਹਾਂ ਕਿ ਇਹ ਛੋਟੀ ਜਿਹੀ ਕੋਸ਼ਿਸ਼ ਪ੍ਰਵਾਨ ਕਰੋਗੇ ਹਰ ਕਿਸਮ ਦੇ ਵਡਮੁੱਲੇ ਸੁਝਾਅ ਲਈ ਤੁਹਾਡੇ ਹੁੰਗਾਰੇ ਦੀ ਉਮੀਦ ਹੈ।*

---

ਮੈਂ ਇਕ ਨਾਟਕਕਾਰ ਹਾਂ। ਮੈਂ ਇਕ ਕਲਾਕਾਰ ਵੀ ਹਾਂ। ਮੈਂ ਇਕ ਇਨਸਾਨ ਵੀ ਹਾਂ। ਭਾਵੇਂ ਅੱਜ ਦੇ ਸਮੇਂ ਵਿਚ ਇਨਸਾਨ ਦੀ ਪਰਿਭਾਸ਼ਾ ਤੈਅ ਕਰਨਾ ਕੋਈ ਸੌਖਾ ਕੰਮ ਨਹੀਂ ਹੈ ਕਿਉਂਕਿ ਇਨਸਾਨ ਤੇ ਸ਼ੈਤਾਨ ਕੋਈ ਬਹੁਤ ਅੱਡ ਨਹੀਂ ਬੱਸ ਰਲਗਡ ਹਨ। ਪਰ ਫਿਰ ਵੀ ਇਹ ਧਰਤੀ ਯੁਗਾਂ-ਯੁਗਾਂਤਰਾਂ ਤੋਂ ਦੋ ਧੜਿਆਂ 'ਚ ਵੰਡੀ ਰਹੀ ਹੈ। ਅਮੀਰਾਂ-ਗਰੀਬਾਂ, ਚੋਰਾਂ-ਸਾਧਾਂ, ਸ਼ੈਤਾਨਾਂ-ਇਨਸਾਨਾਂ ਤੇ ਅੱਜ ਵੀ ਦਿਨ ਦਿਹਾੜੇ ਹੁੰਦੇ ਕਤਲ ਕਰਨ ਵਾਲੇ ਕਾਤਲ ਤੇ ਇਨ੍ਹਾਂ ਕਤਲਾਂ ਦੇ ਖਿਲਾਫ਼ ਆਪਣੀ ਪ੍ਰਤੀਰੋਧ ਦੀ ਮਸ਼ਾਲ ਉਚੀ ਕਰਕੇ ਅਤੇ ਬਾਲ ਕੇ ਰੱਖਣ ਵਾਲੇ ਉਹ ਲੋਕ। ਇਨ੍ਹਾਂ ਮਸ਼ਾਲਾਂ ਬਾਲ ਕੇ ਰੱਖਣ ਵਾਲੇ ਮਸ਼ਾਲਚੀ ਖੁਦ ਮਸ਼ਾਲ ਵੀ ਬਣੇ ਤੇ ਮਿਸਾਲ ਵੀ ਇਨ੍ਹਾਂ ਅਨੇਕਾਂ ਮਸ਼ਾਲਚੀਆਂ ਨੂੰ ਸ਼ਰਧਾਂਜਲੀ ਦੇਣ ਮੈਂ ਤੁਹਾਡੇ ਰੂ-ਬ-ਰੂ ਹੋਇਆ ਹਾਂ।

ਮੈਂ ਅਲੱਗ-ਅਲੱਗ ਕਿਰਦਾਰਾਂ ਦੇ ਰੂਪ ਵਿਚ ਤੁਹਾਡੇ ਰੂ-ਬ-ਰੂ ਹੋਵਾਂਗੇ।

"ਮੈਂ 16 ਦਸੰਬਰ ਦੀ ਰਾਤ ਨੂੰ ਕੁਝ ਦਰੀਂਦਿਆਂ ਦੀ ਹਵਸ਼ ਦਾ ਸ਼ਿਕਾਰ ਹੋਈ 23 ਸਾਲਾ ਨੌਜਵਾਨ ਲੜਕੀ ਦਾਮੀਨੀ ਦਾ ਦੋਸਤ ਹਾਂ। "ਵਿਵੇਕ"। ਪਰ ਮੈਂ ਇਕੱਲਾ ਵਿਵੇਕ ਨਹੀਂ ਹਾਂ। ਮੈਂ ਅੰਮ੍ਰਿਤਸਰ 'ਚ ਪੁਲਿਸ ਦਾ ਏ. ਐਸ. ਆਈ. ਰਵਿੰਦਰਪਾਲ ਸਿੰਘ ਹਾਂ ਜਿਹੜਾ ਆਪਣੀ ਧੀ ਦੀ ਇੱਜ਼ਤ ਦੀ ਰਾਖੀ ਕਰਦਾ-ਕਰਦਾ ਜਾਨ ਗਵਾ ਬੈਠਾ, ਮੈਂ ਫਰੀਦਕੋਟ ਦੀ ਸ਼ਰੂਤੀ ਸਚਦੇਵਾ ਦਾ ਬਾਪ ਅਸ਼ਵਨੀ ਸਚਦੇਵਾ ਵੀ ਹੋ ਸਕਦਾ ਹਾਂ। ਮੈਂ ਪਾਤੜਾਂ ਦੇ ਬਾਦਸ਼ਾਹਪੁਰ 'ਚ ਬਲਾਤਕਾਰ ਤੋਂ ਬਾਅਦ ਜਿੱਲਤ 'ਚ ਡੁੱਬੀ ਉਸ ਕੁੜੀ ਦਾ ਬਾਪ ਵੀ ਹੋ ਸਕਦਾ ਹਾਂ, ਜਿਸ ਨਾਲ ਬਲਾਤਕਾਰ ਹੋਣ ਤੋਂ ਬਾਅਦ ਜਿਹਨੂੰ ਹਰ ਰੋਜ਼ ਥਾਣੇ ਬੁਲਾਇਆ ਜਾਂਦਾ ਤੇ ਉਸ ਤੋਂ ਉਸ ਨਾਲ ਬੀਤੀ ਘਟਨਾ ਨੂੰ ਬਾਰ-ਬਾਰ ਦੁਹਰਾਉਣ ਲਈ ਕਹਿ ਕੇ ਕਾਨੂੰਨ ਦੇ ਰਾਖਿਆਂ ਵਲੋਂ ਜਲੀਲ ਕੀਤਾ ਜਾਂਦਾ ਤੇ ਉਹ ਖੁਦਕਸ਼ੀ ਕਰਕੇ ਗੁੰਮਨਾਮ ਪੰਨਿਆਂ ਵਿਚ ਗੁੰਮ ਹੋ ਗਈ।

ਮੈਂ ਕਸ਼ਮੀਰ ਤੋਂ ਲੈ ਕੇ ਕੰਨਿਆਂ-ਕੁਮਾਰੀ ਤੱਕ ਉਹਨਾਂ ਸਾਰੀਆਂ ਬੱਚੀਆਂ, ਭੈਣਾਂ, ਮਾਵਾਂ, ਦਾਦੀਆਂ ਦਾ ਬਾਪੂ, ਭਰਾ, ਪੁੱਤ, ਪੋਤਾ ਹੋ ਸਕਦਾ ਹਾਂ ਜੋ ਹਰ ਰੋਜ਼ ਦਰੀਂਦਗੀ ਦਾ ਸ਼ਿਕਾਰ ਹੁੰਦੀਆਂ ਹਨ ਤੇ ਉਨ੍ਹਾਂ ਨਾਲ ਹੋਏ ਧੱਕੇ ਨੂੰ ਨੋਟਾਂ ਨਾਲ ਜਾਂ ਵੋਟਾਂ ਨਾਲ ਜਾਂ ਫਿਰ ਧੱਕੇ ਨਾਲ ਦਫ਼ਨਾ ਦਿੱਤਾ ਜਾਂਦਾ ਹੈ। ਜਿਨ੍ਹਾਂ ਦੇ ਜਿਸਮਾਂ ਦੇ ਨਾਲ-ਨਾਲ ਜਜ਼ਬਾਤਾਂ ਦੀਆਂ ਲੀਰਾਂ ਕਰ ਦਿੰਦੀਆਂ ਜਾਂਦੀਆਂ ਹਨ। ਉਹ ਨਾ ਤਾਂ ਅਖ਼ਬਾਰ ਦੀਆਂ ਮੁੱਖ ਸੁਰਖੀਆਂ ਬਣਦੀਆਂ ਹਨ ਨਾ ਟੀ. ਵੀ. ਚੈਨਲਾਂ ਦੀ ਟੀ. ਆਰ. ਪੀ. ਦਾ ਆਧਾਰ। ਗੱਲ ਭਾਵੇਂ ਜੰਮੂ ਕਸ਼ਮੀਰ ਦੇ ਪਿੰਡ ਕੁਨਸ ਪੌਸ਼ਪੁਰਾ ਦੀ ਹੋਏ ਜਿਥੇ ਇਕੋ ਰਾਤ ਵਿਚ ਫੌਜ ਵਲੋਂ ਹਿਊਮਨ-ਰਾਈਟਸ ਵਾਰ ਅਨੁਸਾਰ 100 ਦੇ ਕਰੀਬ ਔਰਤਾਂ ਨਾਲ ਸਮੂਹਕ ਬਲਾਤਕਾਰ ਕੀਤਾ। ਜਿਸ ਨੂੰ ਮੀਡੀਆ ਸਮੇਤ ਜਾਂਚ ਏਜੰਸੀਆਂ ਨੇ ਸੱਚ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ। ਗੱਲ ਭਾਵੇਂ ਬਿਹਾਰ ਦੇ ਪਿੰਡ ਬਠਾਣੀ ਕਲਾਂ ਦੀ ਹੋਵੇ ਜਾਂ ਮਹਾਂਰਾਸ਼ਟਰ ਦੇ ਖੈਰਲਾਂਜੀ ਪਿੰਡ ਦੇ ਸਮੂਹਕ ਬਲਾਤਕਾਰ ਦੀ ਹੋਵੇ, ਗੱਲ ਭਾਵੇਂ ਮੱਧ ਪ੍ਰਦੇਸ਼ ਦੇ ਪਿੰਡ ਸਾਗਰ ਦੀ ਹੋਏ ਜਿਥੇ ਆਪਣੇ ਜਲੇ ਹੋਏ ਬੱਚੇ ਦਾ ਇਲਾਜ ਕਰਵਾਉਣ ਆਈ ਇਕ ਮਾਂ ਹਸਪਤਾਲ ਦੇ ਕਰਮਚਾਰੀਆਂ ਵਲੋਂ ਆਪਣੀ ਅਸਮਤ ਲੁਟਾ ਕੇ ਅੱਲੇ ਜ਼ਖ਼ਮਾਂ ਨੂੰ ਸਾਂਭਦੀ ਹੋਈ ਵਾਪਸ ਗਈ। ਜਿਹੜੇ ਜ਼ਖ਼ਮ ਉਹਦੇ ਅੱਗ ਨਾਲ ਝੁਲਸੇ ਪੁੱਤ ਦੇ ਜ਼ਖ਼ਮਾਂ ਤੋਂ ਕਿਤੇ ਗਹਿਰੇ ਤੇ ਨਾ ਭਰਨ ਵਾਲੇ ਹਨ। ਗੱਲ ਛੱਡੋ, ਭਾਵੇਂ ਮਹਿਕਲਾਂ ਦੀ ਕਿਰਨਦੀਪ ਹੋਵੇ ਨਥਾਣੇ ਦੀਆਂ ਦੋ ਸਕੀਆਂ ਭੈਣਾਂ ਹੋਣ, ਬਰੇਟੇ ਦੀ ਪਿੰਕੀ ਹੋਵੇ। ਰਾਜਸਥਾਨ ਦੀ ਭਮਰੀ ਦੇਵੀ ਹੋਵੇ। ਰਾਏਕੋਟ ਦੇ ਵਿਚ ਟਿਊਸ਼ਨ ਪੜ੍ਹਨ ਲਈ ਜਾਂਦੀ ਜਿਹੜੀ ਦਰੀਂਦਿਆਂ ਦੇ ਤੇਜ਼ਾਬ ਦੀ ਸ਼ਿਕਾਰ ਹੋਵੇ। ਹਜ਼ਾਰਾਂ ਨਹੀਂ, ਲੱਖਾਂ ਨਹੀਂ, ਅਣਗਿਣਤ ਅਜਿਹੀਆਂ ਹੋਰ ਰੋਜ਼ ਘਟਨਾਵਾਂ ਜਿਹੜੀਆਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ। ਕੁਝ ਅਖ਼ਬਾਰਾਂ ਦੀ ਧੂੜ ਬਣ ਕੇ ਰੱਦੀ 'ਚ ਜਾ ਰੁਲਦੀਆਂ ਹਨ ਤੇ ਕੁਝ ਸਮੇਂ ਲਈ ਦੀਵਾ, ਮੋਮਬੱਤੀ ਤੇ ਮਸ਼ਾਲ ਬਣਕੇ ਬੁਝ ਜਾਂਦੀਆਂ ਹਨ ਪਰ ਅਫਸੋਸ ਇਨ੍ਹਾਂ 'ਚੋਂ ਮਿਸਾਲ ਬਹੁਤ ਘੱਟ ਬਣਦੀਆਂ ਹਨ ਤੇ ਜਿਹੜੀਆਂ ਬਣਦੀਆਂ ਉਹ ਸਮਾਜ ਦੀਆਂ ਅੱਖਾਂ ਖੋਲ੍ਹਣ ਦਾ ਕੰਮ ਵੀ ਕਰਦੀਆਂ ਹਨ। ਉਹ ਮਿਸਾਲ ਬਣ ਕੇ ਮਿਸਾਲ ਬਣੀ, ਮਹਿਲ ਕਲਾਂ ਦੀ ਕਿਰਨਦੀਪ ਹੋਵੇ, ਭਾਵੇਂ ਮਨੀਪੁਰ ਦੀ ਇਰੋਮ ਸ਼ਰਮੀਲਾ ਹੋਵੇ ਸਵਾਤ ਘਾਟੀ ਦੀ ਨਿਡਰ ਤੇ ਬਹਾਦਰ ਮਲਾਲਾ ਹੋਵੇ ਤੇ ਭਾਵੇਂ ਮਰ ਕੇ ਵੀ ਲੋਕਾਂ ਨੂੰ ਅਣਖ ਨਾਲ ਜਿਉਣ ਦਾ ਸੁਨੇਹਾ ਦੇ ਕੇ ਖੁਦ ਸਿਵਾ ਬਣ ਕੇ ਬਲੀ ਇਕ ਮਸ਼ਾਲ ਦਾਮਿਨੀ ਹੋਵੇ।

(ਪਾਤਰ ਸਟੇਜ ਦੇ ਦੂਜੇ ਪਾਸੇ ਜਾ ਕੇ ਵਿਵੇਕ ਦਾ ਅਭਿਨੈ ਕਰਦਾ ਹੈ ਜਿਹੜਾ ਕਿ ਪਹਿਲਾਂ ਸੂਤਰਧਾਰ ਸੀ)

ਖ਼ੈਰ ਦੋਸਤੋ, ਮੈਂ ਵਿਵੇਕ ਤੇ ਮੇਰੀ ਦੋਸਤ ਦਾਮਿਨੀ, ਅਸੀਂ ਦੋਵੇਂ 16 ਦਸੰਬਰ ਦੀ ਸ਼ਾਮ ਨੂੰ ਲਗਭਗ 8.30 ਵਜੇ ਘਰ ਨੂੰ ਜਾਣ ਵਾਲੇ ਸੀ। ਅਸੀਂ ਰੋਹਣੀ ਬੱਸ ਸਟਾਪ ਤੇ ਖੜ੍ਹੇ ਸੀ ਕਿ ਅਚਾਨਕ ਇਕ ਬੱਸ ਰੁਕੀ ਜਿਸ 'ਤੇ ਕਾਲੇ ਸ਼ੀਸ਼ੇ ਲੱਗੇ ਹੋਏ ਸੀ। ਅੰਦਰ ਪਰਦੇ ਟੰਗੇ ਹੋਏ ਸੀ। ਉਸ ਬੱਸ ਵਿਚ 6 ਮੁੰਡੇ ਸਵਾਰ ਸੀ। ਉਨ੍ਹਾਂ ਵਿਚੋਂ ਸਭ ਤੋਂ ਛੋਟੀ ਉਮਰ ਦਾ ਮੁੰਡਾ ਥੱਲੇ ਉਤਰਿਆ ਤੇ ਸਾਨੂੰ ਬੱਸ ਵਿਚ ਬੈਠਣ ਲਈ ਕਹਿਣ ਲੱਗਾ। ਮੈਂ ਤੇ ਦਾਮਿਨੀ ਨੇ ਇਕ ਦੂਜੇ ਵਲ ਦੇਖਿਆ। ਅਸੀਂ ਕੋਈ ਫੈਸਲਾ ਲੈਣ ਲਈ ਹਾਂ ਜਾਂ ਨਾ 'ਚ ਜਵਾਬ ਦਿੰਦੇ ਉਸ ਤੋਂ ਪਹਿਲਾਂ ਹੀ ਉਹ ਮੁੰਡਾ ਦਾਮਿਨੀ ਨੂੰ ਸੰਬੋਧਨ ਹੋ ਕੇ ਬੋਲਿਆ, "ਦੀਦੀ ਤੁਸੀਂ ਚਿੰਤਾ ਨਾ ਕਰੋ, ਇਹ ਰੂਟ ਦੀ ਬੱਸ ਹੈ। ਚਲੋ ਚੜ੍ਹੋ-ਚੜ੍ਹੋ"। ਕਿਉਂਕਿ ਸਾਨੂੰ ਵੀ ਘਰ ਪਹੁੰਚਣਾ ਸੀ, ਅਸੀਂ ਬਹੁਤੇ ਆਰਗੂ ਕਿਤੇ ਬਿਨਾਂ ਹੀ ਬੱਸ ਵਿਚ ਚੜ੍ਹ ਗਏ। ਬੱਸ, ਜਿਉਂ-ਜਿਉਂ ਚਲਣੀ ਸ਼ੁਰੂ ਹੋਈ, ਦਾਮਿਨੀ ਦੀ ਜ਼ਿੰਦਗੀ ਦੀਆਂ ਘੜੀਆਂ ਵੀ ਘਟਦੀਆਂ ਗਈਆਂ। ਜਦੋਂ ਅਸੀਂ ਬੱਸ ਵਿਚ ਚੜ੍ਹੇ ਤਾਂ ਬੱਸ ਵਿਚ ਸੀਟਾਂ ਉਤੇ ਕੋਈ ਵੀ ਬੈਠਾ ਨਾ ਦੇਖ ਕੇ ਅਸੀਂ ਥੋੜ੍ਹਾ ਘਬਰਾਏ ਤੇ ਅਸੀਂ ਉਹਨਾਂ ਨੂੰ ਉਤਾਰਨ ਦੀ ਬੇਨਤੀ ਕੀਤੀ।

" Please ਭਾਈ ਸਾਹਿਬ ਤੁਸੀਂ ਸਾਨੂੰ ਥੱਲੇ ਉਤਾਰ ਦਿਉ। ਅਸੀਂ ਨਹੀਂ ਜਾਣਾ।"

"ਜਾਣਾ ਕਿਉਂ ਨਹੀਂ। ਲੈ ਜਾਣ ਲਈ ਤਾਂ ਅਸੀਂ ਤੁਹਾਨੂੰ ਲੈ ਕੇ ਆਏ ਹਾਂ। ਇਸ ਨੂੰ ਤਾਂ ਅੱਜ ਅਸੀਂ ਜਨਤ ਦੀ ਸੈਰ ਕਰਾਵਾਂਗੇ ਤੇ ਤੈਨੂੰ ਜਹਾਂਨੁਮ ਦੀ।" ਇਕ ਗੁੰਡੇ ਨੇ ਇਹ ਕਹਿ ਕੇ ਮੈਨੂੰ ਜ਼ੋਰ ਦਾ ਧੱਕਾ ਮਾਰ ਕੇ ਪਰੇ ਸੁੱਟ ਦਿੱਤਾ ਤੇ ਦਾਮਿਨੀ ਨੂੰ ਬਾਲਾਂ ਤੋਂ ਫੜ ਲਿਆ। ਮੈਂ ਉਠ ਕੇ ਉਸ ਬਦਮਾਸ਼ ਵੱਲ ਵੱਧ ਹੀ ਰਿਹਾ ਸੀ ਕਿ ਦੂਸਰੇ ਗੁੰਡੇ ਨੇ ਮੇਰੇ ਸਿਰ ਵਿਚ ਲੋਹੇ ਦੀ ਰਾਡ ਮਾਰੀ ਤੇ ਮੈਂ ਡਿੱਗ ਪਿਆ। ਦਾਮਿਨੀ ਨੇ ਰੌਲਾ ਪਾਉਣਾ ਸ਼ੁਰੂ ਕੀਤਾ, ਉਚੀ-ਉਚੀ ਬਚਾਓ ਬਚਾਓ ਦੀਆਂ ਆਵਾਜ਼ਾਂ ਮਾਰੀਆਂ। "ਬਚਾਓ-ਬਚਾਓ" ਉਹਨਾਂ ਗੁੰਡਿਆਂ ਦਾ ਵਾਹ ਲੱਗਦੀ ਮੁਕਾਬਲਾ ਕੀਤਾ। ਉਸ ਨੇ ਪੁਲਿਸ ਨੂੰ ਫੋਨ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਨੇ ਫੋਨ ਸੁੱਟ ਦਿੱਤਾ।

"ਕੋਈ ਨਹੀਂ ਕਰ ਸਕਦਾ ਤੇਰੀ ਮਦਦ ਇਥੇ ਜਿਹਨੇ ਤੇਰੀ ਰਾਖੀ ਕਰਨੀ ਸੀ ਉਹਦਾ ਤਾਂ ਅਸੀਂ ਨਿਬੇੜਾ ਕਰ ਦਿੱਤਾ। ਹੁਣ ਤੂੰ ਆਪਣੇ ਆਪ ਨੂੰ ਸਾਡੇ ਹਵਾਲੇ ਕਰ ਦੇ। ਤੇ ਤੂੰ ਵੀ.....ਸੱਚ..ਮੁੱਚ।"

"ਮੈਂ ਜਿਉਂਦੇ ਜੀ ਤੁਹਾਡੇ ਹੱਥ ਆਪਣੇ ਆਪ ਨਾਲ ਨਹੀਂ ਲੱਗਣ ਦੇਵਾਂਗੀ।" (ਤੜਪਦੀ ਹੈ) "ਦਰਿੰਦਿਓ, ਮੈਨੂੰ ਕਿਰਾਂ ਛੱਡ ਕੇ ਤਾਂ ਵੇਖੋ, ਮੈਂ ਤੁਹਾਨੂੰ ਦੱਸਾਂਗੀ ਜੰਨਤ ਵੀ ਤੇ ਜਹਾਨੁੰਮ ਵੀ। ਪਾਪੀਓ, ਮੈਨੂੰ ਛੱਡੋ ਤਾਂ ਸੀ, ਤੁਸੀਂ ਮਾਵਾਂ ਜਾਂ ਭੈਣਾਂ ਵਾਲੇ ਨਹੀਂ, ਤੁਸੀਂ ਮੈਨੂੰ....।" (ਚੀਂਗ-ਚਿੰਘਿਆੜਾ ਪੈਂਦਾ ਹੈ। ਡਿੱਗ ਪੈਂਦੀ ਹੈ। )

"ਜਦੋਂ ਮੈਨੂੰ ਹੋਸ਼ ਆਇਆ ਤਾਂ ਮੈਂ ਵੇਖਿਆ ਕਿ ਦਾਮਿਨੀ ਲਹੂ-ਲੁਹਾਨ ਹੋ ਚੁੱਕੀ ਸੀ। ਉਹ ਨਿਢਾਲ ਪਈ ਸੀ। ਉਹ ਬੱਸ ਨੂੰ ਇਧਰ-ਉਧਰ ਦੌੜਾ ਰਹੇ ਸਨ। ਲਗਭਗ ਦੋ ਢਾਈ ਘੰਟੇ ਇਸ ਤਰ੍ਹਾਂ ਹੀ ਚਲਦਾ ਰਿਹਾ। ਉਸ ਤੋਂ ਬਾਅਦ ਉਹਨਾਂ ਨੇ ਸਾਨੂੰ ਮਹੀਪਾਲਪੁਰ ਫਲਾਈਓਵਰ ਦੇ ਥੱਲੇ ਸੁੱਟ ਦਿੱਤਾ। ਉਹ ਉਸ ਨੂੰ ਮਾਰਨਾ ਚਾਹੁੰਦੇ ਸਨ।"

"ਚਲੋ, ਭੱਜ ਚਲੋ। ਇਹ ਤਾਂ ਪਾਰ ਬੋਲ ਗਈ। ਇਹ ਤਾਂ ਮਾਰ ਗਈ।" ਇਹ ਕਹਿ ਕੇ ਉਹਨਾਂ ਨੇ ਬੱਸ ਬੈਕ ਕਰ ਕੇ ਦਾਮਿਨੀ ਦੇ ਉਤੇ ਚਾੜ੍ਹ ਦਿੱਤੀ। ਮੈਂ ਇਕ ਦਮ ਉਹਨੂੰ ਖਿੱਚ ਕੇ ਪਾਸੇ ਕਰ ਦਿੱਤਾ। ਮਾਹੌਲ ਬਹੁਤ ਡਰਾਵਨਾ ਤੇ ਦਰਦਨਾਕ ਸੀ। ਅਸੀਂ ਫਲਾਈਓਵਰ ਦੇ ਥੱਲੇ ਬਿਲਕੁਲ ਨੰਗੇ ਜਿਸਮ ਤੜਫ ਰਹੇ ਸਾਂ। ਸਾਡੇ ਜਿਸਮਾਂ ਤੇ ਤੇੜ-ਕਪੜਾ ਵੀ ਨਹੀਂ ਸੀ। ਦਾਮਿਨੀ 'ਪਾਣੀ-ਪਾਣੀ' ਚਿੱਲਾ ਰਹੀ ਸੀ। ਮੇਰੇ ਸਰੀਰ 'ਚੋਂ ਖ਼ੂਨ ਬਹਿ ਰਿਹਾ ਸੀ। ਦਾਮਿਨੀ ਵੀ ਲਹੂ ਲੁਹਾਨ ਸੀ। ਮੈਂ ਦਰਦ ਨਾਲ ਚਿੱਲਾ ਰਿਹਾ ਸਾਂ। ਸੋਚ ਰਿਹਾ ਸੀ ਕੋਈ ਮਦਦ ਕਰੇਗਾ ਪਰ....।"

"Please ਭਾਈ ਸਾਹਿਬ, ਸਾਡੀ ਮਦਦ ਕਰੋ Please .....।"

ਗੱਡੀਆਂ ਵਾਲੇ ਕੋਲੋਂ ਲੰਘ ਰਹੇ ਸਨ। ਕੋਈ ਰੁਕਣ ਦੀ ਜ਼ਹਿਮਤ ਹੀ ਨਹੀਂ ਉਠਾ ਰਿਹਾ ਸੀ। ਆਟੋ, ਕਾਰ ਵਾਲੇ, ਸਪੀਡ ਸਲੋ ਕਰਦੇ ਪਰ ਰੁਕਿਆ ਕੋਈ ਵੀ ਨਹੀਂ।

"Please ਕੋਈ ਕੱਪੜੇ ਤਾਂ ਦੇਦਿਓ। ਤੁਸੀਂ ਸਾਡੇ 'ਤੇ ਤਰਸ ਖਾਓ। ਸਾਨੂੰ ਤਨ ਢਕਣ ਲਈ ਰੁਮਾਲ ਤਾਂ ਦੇ ਦਿਓ। ਰੱਬ ਦੇ ਵਾਸਤੇ ਸਾਡੇ ਨੰਗੇ ਜਿਸਮਾਂ ਨੂੰ ਢੱਕਣ

SIKH LEHAR CENTER

Mission: To organize and provide religious, social and educational programs for the awareness and enhancement of society as a whole based on the universal message of Guru Granth Sahib

79 Bramsteele Rd.
Brampton, ON L6W 3K6
www.sikhlehar.com

Tel: (905) 451-3335
Fax: (905) 451-2335
info@sikhlehar.com




ਖਾਤਰ ਕੋਈ ਕੱਪੜਾ ਤਾਂ ਦੇ ਦਿਓ। ਅਸੀਂ ਕੋਈ ਪਾਕਿਸਤਾਨੀ ਨਹੀਂ ਹਾਂ। ਅਸੀਂ ਚੋਰ ਨਹੀਂ ਹਾਂ। ਅਸੀਂ ਤੁਹਾਡੇ ਸ਼ਹਿਰ ਦੇ ਹਾਂ। ਅਸੀਂ ਆਪਣੇ ਦੇਸ਼ ਦੇ ਹਾਂ। ਸਾਡੇ ਤੇ ਤਰਸ ਕਰੋ। Please ਭਾਈ ਸਾਹਿਬ ਤੁਸੀਂ ਹੀ ਕੁਛ ਕਰੋ। Please .....(ਰੋਂਦਾ ਹੈ।)

ਲਗਭਗ 25-30 ਮਿੰਟ ਅਸੀਂ ਲੋਕਾਂ ਨੂੰ ਮਦਦ ਲਈ ਪੁਕਾਰਦੇ ਰਹੇ। ਪਰ ਜਿਸ ਸ਼ਹਿਰ ਬਾਰੇ ਇਹ ਕਿਹਾ ਜਾਂਦਾ ਹੋਵੇ ਕਿ ਉਹ 24 ਘੰਟਿਆਂ ਵਿਚ ਕਦੇ ਵੀ ਨਹੀਂ ਸੌਂਦਾ। ਪਰ ਅੱਜ ਇੰਝ ਜਾਪਿਆ ਕਿ ਉਹ ਸੋਇਆ ਹੀ ਨਹੀਂ ਸਗੋਂ ਮਰ ਵੀ ਚੁੱਕਾ ਹੈ। ਜਿਸਮ ਪੱਖੋਂ ਵੀ ਤੇ ਜ਼ਮੀਰ ਪੱਖੋਂ ਵੀ। "ਤੁਸੀਂ ਖੜ੍ਹੇ ਕੀ ਵੇਖਦੇ ਹੋ। ਸਾਡੀ ਮਦਦ ਕਰੋ। ਹੋਰ ਨਹੀਂ ਕੁਝ ਕਰ ਸਕਦੇ ਤਾਂ Please ਤੁਸੀਂ ਆਪਣਾ ਸਵੈਟਰ ਲਾ ਕੇ ਇਸ ਕੁੜੀ ਦਾ ਤਨ ਢਕ ਦਿਓ।" "ਹੂੰ.....ਲੁੱਟ ਦਾ ਮਾਮਲਾ ਲੱਗਦਾ ਹੈ।" ਇਹ ਕਹਿ ਕੇ ਚਲਦਾ ਬਣਿਆ। ਅਸੀਂ ਦੋ ਘੰਟੇ ਤੱਕ ਨੰਗੇ ਜਿਸਮ ਸੜਕ ਦੇ ਵਿਚਾਲੇ ਤੜਫਦੇ ਰਹੇ। ਜੇ ਲੋਕ ਚਾਹੁੰਦੇ ਤਾਂ ਉਹ ਪੀ. ਸੀ. ਆਰ., ਐਂਬੂਲੈਂਸ ਦਾ ਇੰਤਜ਼ਾਰ ਕਰਨ ਦੀ ਬਜਾਏ ਸਾਨੂੰ ਹਸਪਤਾਲ ਪਹੁੰਚਾ ਸਕਦੇ ਸਨ। ਫਿਰ ਪਤਾ ਨਹੀਂ ਕਿਹਨੇ ਫੋਨ ਕੀਤਾ। ਤਿੰਨ ਪੀ. ਸੀ.ਆਰ. ਵੈਨਾਂ ਆਈਆਂ ਪਰ ਪੁਲਿਸ ਵਾਲੇ ਆਪਸ ਵਿਚ ਹੀ ਲੜਦੇ ਰਹੇ।

"ਇਹ ਇਲਾਕਾ ਸਾਡੇ ਥਾਣੇ ਵਿਚ ਨਹੀਂ ਹੈ। ਇਹ ਤੁਹਾਡੇ ਥਾਣੇ ਅੰਡਰ ਹੈ। ਤੁਸੀਂ ਕਾਰਵਾਈ ਕਰੋ।"

"ਨਹੀਂ....ਨਹੀਂ, ਤੁਸੀਂ ਚੈਕ ਕਰੋ। ਇਹ ਇਲਾਕਾ ਸਾਡਾ ਨਹੀਂ, ਤੁਹਾਡਾ ਹੈ।

ਹਾਂ ਸੱਚ....(ਤੀਜੇ ਵੱਲ) ਸਾਡਾ ਨਹੀਂ ਇਹ ਏਰੀਆ ਤਾਂ ਤੁਹਾਡੇ ਥਾਣੇ ਅੰਡਰ ਹੀ ਹੈ ਨਾ।"

"ਉਹ ਨਹੀਂ-ਨਹੀਂ, ਸਾਡੇ ਥਾਣੇ ਦੀ ਹੱਦ ਤਾਂ ਫਲਾਈਓਵਰ ਜਿਥੇ ਸ਼ੁਰੂ ਹੁੰਦਾ ਹੈ, ਉਥੇ ਖਤਮ ਹੋ ਜਾਂਦਾ ਹੈ। ਇਹ ਸਾਡਾ ਏਰੀਆ ਨਹੀਂ ਹੈ।"

"ਉਹ ਨਹੀਂ....ਨਹੀਂ। ਸਾਡਾ ਏਰੀਆ ਤਾਂ ਉਥੋਂ ਸ਼ੁਰੂ ਹੁੰਦਾ ਹੈ ਜਿਥੇ ਫਲਾਈਓਵਰ ਖਤਮ ਹੁੰਦਾ ਹੈ। ਇਹ ਫਲਾਈਓਵਰ ਦੇ ਥੱਲੇ ਵਾਲਾ ਏਰੀਆ ਸਾਡਾ ਵੀ ਨਹੀਂ। ਸਾਡਾ ਵੀ ਨਹੀਂ, ਸਾਡਾ ਵੀ ਨਹੀਂ, ਸਾਡਾ ਵੀ ਨਹੀਂ।"

"ਓਏ ਭਲੇ-ਮਾਨਸੋ, ਤੁਸੀਂ ਏਰੀਏ ਦੀ ਪਮਾਇਸ਼ ਫਿਰ ਕਿਤੇ ਵਿਹਲੇ ਬੈਠ ਕੇ ਕਰ ਲੈਣਾ। ਤੁਸੀਂ ਸਾਨੂੰ ਕਿਧਰੋਂ ਤਨ ਢੱਕਣ ਲਈ ਕੱਪੜਾ ਤਾਂ ਲਿਆ ਦਿਓ। ਮੈਂ ਤੁਹਾਡੀਆਂ ਮਿੰਨਤਾਂ ਕਰਦਾ ਹਾਂ। ਇਹ ਕੁੜੀ ਤੁਹਾਡੀ ਧੀਆਂ ਵਰਗੀ ਹੈ, ਤੁਹਾਡੀਆਂ ਭੈਣਾਂ ਵਰਗੀ ਹੈ। ਮੈਨੂੰ ਸ਼ਰਮ ਆ ਰਹੀ ਹੈ। ਤੁਹਾਡੀਆਂ ਅੱਖਾਂ 'ਤੇ ਮਿੱਟੀ ਚੜ੍ਹੀ ਹੈ। Please ਕੋਈ ਕੱਪੜਾ ਦੇ ਦਿਓ।"

ਤੇ ਅਖ਼ੀਰ ਸਾਹਮਣੇ ਹੋਟਲ ਤੋਂ ਲਿਆ ਕੇ ਸਾਨੂੰ ਬੈਡਸ਼ੀਟ ਦਿੱਤੀ ਗਈ ਤੇ ਮੈਂ ਦਾਮਿਨੀ ਨੂੰ ਉਸ ਵਿਚ ਲਪੇਟਿਆ। ਤੇ ਅਖੀਰ ਉਹ ਸਾਨੂੰ ਸਫ਼ਦਰਜੰਗ ਹਸਪਤਾਲ ਲੈ ਕੇ ਗਏ। ਪਰ ਮਹੀਪਾਲਪੁਰ ਵਾਲੇ ਹਸਪਤਾਲ ਨਹੀਂ ਲੈ ਕੇ ਗਏ। ਏਮਸ ਲੈ ਕੇ ਜਾਣ ਵਾਲੇ ਸਨ। ਇਥੇ ਜਾਣ ਵਿਚ ਵੀ ਸਾਨੂੰ ਢਾਈ ਘੰਟੇ ਲੱਗ ਗਏ। ਉਥੇ ਵੀ ਸਾਡੀ ਕਿਸੇ ਨੇ ਮਦਦ ਨਹੀਂ ਕੀਤੀ। ਹਸਪਤਾਲ ਵਿਚ ਵੀ ਸਾਰੇ ਸਾਡੇ ਵੱਲ ਇਸ ਤਰ੍ਹਾਂ ਵੇਖ ਰਹੇ ਸਨ ਜਿਵੇਂ ਕਿਤੇ ਧੱਕਾ ਸਾਡੇ ਨਾਲ ਨਹੀਂ ਸਗੋਂ ਅਸੀਂ ਧੱਕਾ ਕਰ ਕੇ ਆਏ ਹੁੰਦੇ ਹਾਂ। "ਕਿਰਪਾ ਕਰਕੇ ਤੁਸੀਂ ਸਾਨੂੰ ਕੋਈ ਕੱਪੜਾ ਦੇ ਦਿਓ। ਇਹ ਦੇਖੋ ਮੇਰੇ ਸਰੀਰ 'ਚੋਂ ਕਿੰਨਾ ਖ਼ੂਨ ਵਹਿ ਚੁੱਕਾ ਹੈ।" ਮੈਂ ਸਫ਼ਾਈ ਕਰਨ ਵਾਲੇ ਨੂੰ ਬੇਨਤੀ ਕੀਤੀ। "ਭਾਈ ਸਾਹਿਬ ਜੇ ਸਾਨੂੰ ਤਨ ਢਕਣ ਲਈ ਕੋਈ ਕੱਪੜਾ ਦੇ ਦਿਓ, ਜੇ ਕੰਬਲ ਨਹੀਂ ਦੇ ਸਕਦੇ ਤਾਂ ਇਹ ਪਰਦਾ ਹੀ ਲਾ ਕੇ ਦਿਓ। ਬਹੁਤ ਜ਼ਿਆਦਾ ਠੰਢ ਲੱਗ ਰਹੀ ਹੈ Please" ਪਰ ਇਸ ਤਰ੍ਹਾਂ ਲੱਗਿਆ ਜਿਵੇਂ ਦਸੰਬਰ ਮਹੀਨੇ ਦੀ ਇਸ ਠੰਢੀ ਰਾਤ ਨੂੰ ਕੁੱਲ ਮਨੁੱਖਤਾ ਹੀ ਠੰਡੀ ਹੋ ਚੁੱਕੀ ਹੈ। ਸਾਰਿਆਂ ਦਾ ਖ਼ੂਨ ਠੰਢਾ ਹੋ ਕੇ ਜੰਮ ਗਿਆ ਹੋਵੇ। ਮੇਰੇ ਪੈਰ ਵਿਚ ਫਰੈਕਚਰ ਸੀ। ਬਹੁਤ ਜ਼ਿਆਦਾ ਖ਼ੂਨ ਵਹਿ ਰਿਹਾ ਸੀ। ਅਖੀਰ ਲੰਬੀ ਜਦੋ-ਜਹਿਦ ਤੋਂ ਬਾਅਦ ਦਾਮਿਨੀ ਨੂੰ ਆਈ. ਸੀ. ਯੂ. ਵਿਚ ਲੈ ਕੇ ਗਏ।

ਮੈਂ ਬਾਰ-ਬਾਰ ਲੋਕਾਂ ਤੋਂ ਫੋਨ ਮੰਗਦਾ। "Please ਭਾਈ ਸਾਹਿਬ ਮੈਨੂੰ ਇਕ ਫੋਨ ਕਾਲ ਕਰ ਲੈਣ ਦਿਓ। Please"

"Sorry Balance ਨਹੀਂ ਹੈ। ਕਹਿ ਕੇ ਚਲੇ ਜਾਂਦੇ।

"Please ਇਕ ਕਾਲ ਕਰ ਲੈਣ ਦਿਓ।" ਲਓ....ਉਹ ਐਸ. ਟੀ. ਡੀ. ਹੈ। "Sorry ਨਹੀਂ ਹੋ ਸਕਦੀ। Sorry"

ਇਕ ਮੁੰਡਾ ਜਿਹੜਾ ਮੈਨੂੰ 20-25 ਮਿੰਟ ਤੋਂ ਦੂਰ ਖੜ੍ਹਾ ਦੇਖ ਰਿਹਾ ਸੀ, ਉਸਨੇ ਮੇਰੇ ਘਰ ਫੋਨ ਕਰ ਦਿੱਤਾ।

ਫੋਨ ਕਰ ਕੇ ਇੰਨਾਂ ਹੀ ਕਿਹਾ ਕਿ ਤੁਹਾਡੇ ਮੁੰਡੇ ਦਾ ਐਕਸੀਡੈਂਟ ਹੋ ਗਿਆ ਹੈ। ਹਸਪਤਾਲ ਵਿਚ ਹੈ।

ਬੱਸ ਮੇਰੇ ਪਾਪਾ ਨੇ ਉਹਨਾਂ ਤੋਂ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਪਰ ਸ਼ਾਇਦ ਉਹ Irritate ਹੋ ਗਿਆ ਹੋਵੇ। ਉਹਨੇ ਫੋਨ ਹੀ ਬੰਦ ਕਰ ਲਿਆ।

ਮੈਂ ਇਸ ਘਟਨਾ ਤੋਂ ਬਾਅਦ ਤਿੰਨ ਚਾਰ ਦਿਨ ਥਾਣੇ ਵਿਚ ਹੀ ਰਿਹਾ। ਮੈਂ ਵੀ ਪਹਿਲਾਂ ਸੋਚਿਆ ਕਿ ਮਾਮਲਾ ਛੁਪਾਉਣਾ ਹੀ ਠੀਕ ਹੈ। ਮੈਂ ਸਾਰਿਆਂ ਨੂੰ ਫੋਨ ਕਰ ਕੇ ਕਹਿ ਦਿੱਤਾ ਕਿ ਐਕਸੀਡੈਂਟ ਹੋਇਆ ਹੈ ਪਰ ਕੇਸ ਇੰਨਾਂ ਵੱਡਾ ਹੋ ਗਿਆ ਸੀ ਇਸ ਕਰਕੇ ਸ਼ਿਕਾਇਤ ਦਰਜ ਹੋ ਪਾਈ।

ਐਸ. ਡੀ. ਐਮ. ਦੇ ਮੂਹਰੇ ਬਿਆਨ ਹੋਣਾ ਸੀ। ਸਾਰਿਆਂ ਨੇ ਮੈਨੂੰ ਸਲਾਹ ਦਿੱਤੀ ਕਿ ਜੇਕਰ ਮੈਂ ਕੋਲ ਰਹੂੰਗਾ ਤਾਂ ਦਾਮਿਨੀ ਨੂੰ ਹੌਸਲਾ ਹੋਵੇਗਾ। ਉਹ ਵੈਂਟੀਲੇਟਰ 'ਤੇ ਸੀ। ਆਕਸੀਜਨ ਲੱਗੀ ਹੋਈ ਸੀ। ਬਾਰ-ਬਾਰ ਮਾਸਕ ਹਟਾਉਣਾ ਪੈਂਦਾ ਸੀ। ਫਿਰ ਵੀ ਉਸ ਨੇ ਬਿਆਨ ਦਰਜ ਕਰਵਾਇਆ। ਚਾਰ ਪੰਜ ਪੇਜਾਂ ਦੇ ਬਿਆਨ ਉਤੇ ਸਿਗਨੇਚਰ ਵੀ ਕੀਤੇ। ਉਸ ਵਕਤ ਜਿਹੜੀਆਂ ਗੱਲਾਂ ਸਾਹਮਣੇ ਆਈਆਂ ਉਹ ਮੈਨੂੰ ਵੀ ਪਤਾ ਨਹੀਂ ਸਨ ਤੇ ਸੁੰਨ ਕਰ ਦੇਣ ਵਾਲੀਆਂ ਸਨ। ਦਾਮਿਨੀ ਨੇ ਦੱਸਿਆ ਕਿ ...

"ਦਰਿੰਦਿਆਂ ਨੇ ਕੁਕਰਮ ਕਰਨ ਤੋਂ ਬਾਅਦ ਉਸ ਦੇ ਜਨਨ ਅੰਗਾਂ ਦੇ ਵਿਚ ਸਰੀਆ ਪਾ ਕੇ ਉਸ ਦੀਆਂ ਸਾਰੀਆਂ ਆਂਦਰਾਂ ਬਾਹਰ ਕੱਢ ਦਿੱਤੀਆਂ ਸਨ।" ਇਸ ਸਭਿਆ ਤੇ ਸਾਰੇ ਜਹਾਂ ਸੇ ਅੱਛਾ ਕਹਿਣ ਵਾਲੇ ਇਸ ਹਿੰਦੁਸਤਾਨ ਦੇ ਵਿਚ ਜਿਹੜਾ ਕਾਰਾ ਬੰਦਿਆਂ ਨੇ ਕੀਤਾ ਉਹ ਤਾਂ ਜਾਨਵਰ ਵੀ ਨਹੀਂ ਕਰ ਸਕਦਾ। ਇਹ ਹੈ ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ।'

ਇਹੋ ਜਿਹਾ ਕਾਰਾ ਤਾਂ ਜਾਨਵਰ ਵੀ ਨਹੀਂ ਕਰਦੇ। ਉਹ ਵੀ ਆਪਣੇ ਸ਼ਿਕਾਰ ਨੂੰ ਗਲਾ ਦਬਾਅ ਦੇ ਮਾਰ ਦਿੰਦੇ ਹਨ। ਇਥੇ ਤਾਂ ਜਿਉਂਦੇ ਇਨਸਾਨ ਨਾਲ ਇਹੋ ਜਿਹਾ ਕੁਝ ਕੀਤਾ ਮੈਂ ਤਾਂ ਇਸ ਘਟਨਾ ਨੂੰ ਬਿਆਨ ਹੀ ਨਹੀਂ ਕਰ ਸਕਦਾ ਹਾਂ। ਦੂਜੇ ਦਿਨ ਪਤਾ ਚਲਿਆ ਕਿ ਐਸ. ਡੀ. ਐਮ. ਨੇ ਪੁਲਿਸ 'ਤੇ ਦਬਾਅ ਪਾਉਣ ਦਾ ਬਿਆਨ ਦਿੱਤਾ ਹੈ। ਜਦੋਂ ਕਿ ਇਹ ਸਟੇਟਮੈਂਟ ਸਹੀ ਸੀ। ਦਾਮਿਨੀ ਦੀ ਕੋਸ਼ਿਸ਼ ਬੇਕਾਰ ਗਈ। ਮੈਡੀਸਨ ਲੈਣ ਦਾ ਵਕਤ ਹੋ ਗਿਆ ਸੀ। ਪਰ ਉਹ ਡਾਕਟਰਾਂ ਦੇ ਮਨਾ ਕਰਨ ਦੇ ਬਾਵਜੂਦ ਵੀ ਬਿਆਨ ਦਿੰਦੀ ਰਹੀ। ਮੇਰੀ ਮਾਨਸਿਕ ਸਥਿਤੀ ਠੀਕ ਨਹੀਂ ਸੀ। ਮੈਂ ਠੀਕ ਢੰਗ ਨਾਲ ਸੌ ਨਹੀਂ ਰਿਹਾ ਸੀ। ਜਿਸਦੇ ਨਾਲ ਤੁਸੀਂ ਰਹਿੰਦੇ ਹੋ, ਤੁਹਾਡੀ ਦੋਸਤ ਹੈ, ਉਸਦੀ ਸ਼ਕਲ ਬਾਰ-ਬਾਰ ਤੁਹਾਡੇ ਸਾਹਮਣੇ ਆਉਂਦੀ ਹੈ। ਤੁਸੀਂ ਆਪਣੇ ਆਪ ਨੂੰ ਬਲੇਮ ਕਰਦੇ ਹੋ। ਤੁਸੀਂ ਗਏ ਹੀ ਕਿਉਂ, ਉਹੀ ਬੱਸ ਕਾਹਤੋਂ ਲਈ, ਇਹ ਕਿਉਂ ਨਹੀਂ ਕੀਤਾ, ਉਹ ਕਿਉਂ ਨਹੀਂ ਕੀਤਾ, ਇਹ ਕਿਉਂ ਹੋਇਆ, ਕਿਉਂ? ਸੱਚ ਕਹਾਂ ਤਾਂ ਲਗਭਗ 2 ਹਫ਼ਤੇ ਤੱਕ ਮੇਰਾ ਗੱਲ ਕਰਨ ਨੂੰ ਵੀ ਜੀ ਨਹੀਂ ਕੀਤਾ ਸੀ। ਕੋਈ ਪੁੱਛਣਾ ਸੀ ਤਾਂ Irritation ਹੁੰਦੀ ਸੀ।

ਖ਼ੈਰ, ਲੋਕੀਂ ਪੁੱਛਦੇ ਹਨ ਕਿ ਕੀ ਮੈਂ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਮੇਰਾ ਸਪਸ਼ਟ ਜਵਾਬ ਹੈ ਨਹੀਂ। ਇਹੋ ਜਿਹਾ ਤਾਂ ਜਾਨਵਰ ਵੀ ਨਹੀਂ ਸੋਚਦਾ ਹੋਵੇਗਾ। ਤੁਹਾਡਾ ਦੋਸਤ ਮੁਸ਼ਕਿਲ ਹਾਲਤ ਵਿਚ ਹੈ ਤੇ ਤੁਸੀਂ ਉਸ ਨੂੰ ਮੌਤ ਦੇ ਮੂੰਹ ਵਿਚ ਛੱਡ ਕੇ ਭੱਜਣ ਦੀ ਸੋਚ ਵੀ ਨਹੀਂ ਸਕਦੇ। ਇਹ ਬੁਜ਼ਦਿਲੀ ਹੈ, ਬੇਗਾਨਗੀ ਹੈ, ਬੇਵਫ਼ਾਈ ਹੈ। ਤੇ ਜੇ ਇਹ ਹੁੰਦਾ ਤਾਂ ਅੱਜ ਮੈਂ ਵੀ ਇੰਨ੍ਹਾਂ ਦਰੀਂਦਿਆਂ ਦੇ ਬਰਾਬਰ ਦਾ ਗੁਨਾਹਗਾਰ ਹੁੰਦਾ। ਜੇ ਅਜਿਹਾ ਹੁੰਦਾ ਤਾਂ ਅੱਜ ਮੈਂ ਪਾਗਲ ਹੋ ਗਿਆ ਹੁੰਦਾ। ਮੈਂ ਜਿਉਂ ਨਹੀਂ ਸਕਦਾ ਸੀ। ਹੋਸ਼ ਰਹਿਣ ਤੱਕ ਕੋਸ਼ਿਸ਼; ਕੀਤੀ। ਘੱਟੋ ਘੱਟ ਮੈਨੂੰ ਇਸ ਗੱਲ ਦਾ ਦੁੱਖ ਨਹੀਂ ਹੈ ਕਿ ਕੋਸ਼ਿਸ਼ ਨਹੀਂ ਕੀਤੀ। ਪਰ ਸੋਚਦਾ ਹਾਂ ਕਾਸ਼ ਮੈਂ ਉਹਨੂੰ ਬਚਾਅ ਪਾਉਂਦਾ।

ਜੇ ਉਹਨੂੰ ਕਿਸੇ ਚੰਗੇ ਹੌਸਪੀਟਲ 'ਚ ਟਰੀਟਮੈਂਟ ਦਿੱਤਾ ਹੁੰਦਾ ਤਾਂ ਅੱਜ ਤਸਵੀਰ ਕੁਝ ਹੋਰ ਹੁੰਦੀ। ਉਹ ਵੀ ਸਾਡੇ ਦਰਮਿਆਨ ਹੁੰਦੀ। ਸਫ਼ਦਰਗੰਜ ਹਸਪਤਾਲ ਵਿਚ ਦਾਮਿਨੀ ਦੀ ਹਾਲਤ ਲਗਾਤਾਰ ਵਿਗੜਦੀ ਗਈ। ਉਸ ਨੂੰ ਬਚਾਉਣ ਲਈ ਡਾਕਟਰਾਂ ਨੇ ਤਿੰਨ ਅਪਰੇਸ਼ਨ ਕੀਤੇ। ਉਸ ਦੇ ਸਰੀਰ ਦੀਆਂ ਆਂਤੜੀਆਂ ਦਾ ਲਗਭਗ ਸਾਰਾ ਹਿੱਸਾ ਬਾਹਰ ਆ ਗਿਆ ਸੀ। ਦਾਮਿਨੀ ਦੇ ਸਾਰੇ ਸਰੀਰ 'ਤੇ ਚੱਖ ਮਾਰੇ ਹੋਏ ਸਨ। ਸੋਚਦਾ ਹਾਂ ਕਿ ਜਿਸ ਮੁਲਕ ਵਿਚ ਸੀਤਾ ਵਰਗੀ ਨਾਰੀਆਂ ਦੀ ਇਕ ਪਾਸੇ ਪੂਜਾ ਕੀਤੀ ਜਾਂਦੀ ਹੈ, ਦੁਰਗਾ ਵਰਗੀਆਂ ਦੇਵੀਆਂ ਨੂੰ ਪੂਜਿਆ ਜਾਂਦਾ ਹੈ ਤੇ ਦੂਜੇ ਪਾਸੇ ਉਹੀ ਲੋਕ ਇੰਨ੍ਹਾਂ ਔਰਤਾਂ ਨਾਲ ਇਹੋ ਜਿਹਾ ਵਰਤਾਰਾ ਕਰਦੇ ਹਨ।

ਇਹ ਕੇਹੀ ਮਾਨਸਿਕਤਾ ਹੈ? ਇੰਨ੍ਹਾਂ ਦੀ ਪੂਜਾ ਦੀ ਲੋੜ ਨਹੀਂ। ਇੰਨ੍ਹਾਂ ਦੀ ਮਾਨ ਸਨਮਾਨ ਦੀ ਲੋੜ ਹੈ। ਇੰਨ੍ਹਾਂ ਨੂੰ ਜਿਉਣ ਦਾ ਹੱਕ ਦੇਣ ਦੀ ਲੋੜ ਹੈ।

ਦਾਮਿਨੀ ਦੇ ਅੰਦਰ ਜਿਉਣ ਦੀ ਤੀਬਰ ਇੱਛਾ ਸੀ। ਇਕ ਵਿਸ਼ਾਲ ਜਜ਼ਬਾ ਸੀ। ਦਾਮਿਨੀ ਨੂੰ ਉਸ ਦਾ ਪਰਿਵਾਰ ਮਿਲਣ ਆਇਆ ਤਾਂ ਦਾਮਿਨੀ ਆਪਣੇ ਪਿਤਾ ਦੇ ਗਲ ਲਿਪਟ ਕੇ ਰੋ ਪਈ।

"ਪਾਪਾ, ਮੈਂ ਘਰ ਜਾਣਾ ਚਾਹੁੰਦੀ ਹਾਂ। Please ਮੈਨੂੰ ਘਰ ਲੈ ਚੱਲੋ। ਪਾਪਾ ਮੇਰਾ ਇਥੇ ਦਮ ਘੁੱਟਦਾ ਹੈ। ਪਾਪਾ ਮੈਂ ਕੋਈ ਗਲਤੀ ਨਹੀਂ ਕੀਤੀ। ਪਾਪਾ ਮੈਨੂੰ Please ਘਰ ਲੈ ਚਲੋ। (ਰੋਣ ਲੱਗ ਪੈਂਦੀ ਹੈ।)

"ਛੇਤੀ-ਛੇਤੀ ਠੀਕ ਹੋ ਜਾ, ਫੇਰ ਆਪਾਂ ਘਰ ਚਲਾਂਗੇ।" ਬੱਸ ਇੰਨ੍ਹਾਂ ਕਹਿ ਕੇ ਬਾਪ ਦਾ ਗਲਾ ਭਰ ਆਇਆ। ਉਸਦੀਆਂ ਉਦਾਸ ਅੱਖਾਂ ਹਜ਼ਾਰਾਂ ਸਵਾਲ ਕਰ ਰਹੀਆਂ ਸਨ। ਇਸ ਸਮਾਜ ਉਤੇ, ਇਸ ਸਿਸਟਮ ਉਤੇ ਕਿ ਜਿਸ ਦਾਮਿਨੀ ਨੇ ਆਪਣੀ ਪੜ੍ਹਾਈ ਦੇ ਨਾਲ-ਨਾਲ ਟਿਊਸ਼ਨਾਂ ਪੜ੍ਹਾ ਕੇ ਆਪਣੇ ਛੋਟੇ ਭਰਾ ਨੂੰ ਪੜ੍ਹਾਉਣ ਦਾ ਸੁਫ਼ਨਾ ਮਨ ਵਿਚ ਪਾਲਿਆ ਸੀ ਜਿਸ ਨੂੰ ਬੂਰ ਪੈਣ ਤੋਂ ਪਹਿਲਾਂ ਹੀ ਝਾੜ ਦਿੱਤਾ ਗਿਆ ਜਿਸ ਦੀ ਉਡਾਰੀ ਭਰਨ ਤੋਂ ਪਹਿਲਾਂ ਹੀ ਉਸਦੇ ਖੰਭਾਂ ਨੂੰ ਕਤਰ-ਕਤਰ ਕਰ ਦਿੱਤਾ। ਉਸ ਦਾ ਕਸੂਰ ਕੀ ਸੀ? ਬਸ ਇਹੋ ਕਿ ਉਹ ਇਕ ਬਾਪ ਦੀ ਧੀ ਸੀ?

"ਪਾਪਾ ਮੈਂ ਜਿਉਣਾ ਚਾਹੁੰਦੀ ਹਾਂ। ਮੈਨੂੰ ਬਚਾਓ Please ਮੈਂ ਇਸ ਤਰ੍ਹਾਂ ਮਰਨਾ ਨਹੀਂ ਚਾਹੁੰਦੀ। ਮੈਂ ਉਹਨਾਂ ਦਰਿੰਦਿਆਂ ਨੂੰ ਸਜ਼ਾ ਦਿਲਾਉਣ ਲਈ ਜੀਣਾ ਚਾਹੁੰਦੀ ਹਾਂ ਤਾਂ ਕਿ ਉਹਨਾਂ ਦੀ ਹੈਵਾਨਗੀ ਦਾ ਕੋਈ ਹੋਰ ਦਾਮਿਨੀ ਸ਼ਿਕਾਰ ਨਾ ਹੋਵੇ। ਕਿਸੇ ਹੋਰ ਬੱਚੀ ਦੀ, ਧੀ ਦੀ, ਭੈਣ ਦੀ ਇੱਜ਼ਤ ਦੇਸ਼ ਦੀਆਂ ਸੜਕਾਂ 'ਤੇ ਲੰਗਾਰ ਨਾ ਹੋਵੇ।"

ਦਾਮਿਨੀ ਦੇ ਹੌਸਲੇ ਤੋਂ ਡਾਕਟਰ ਵੀ ਹੈਰਾਨ ਸਨ।

ਡਾ. ਇਕ : ਮੈਂ ਇਹੋ ਜਿਹਾ ਕੇਸ ਆਪਣੀ ਜ਼ਿੰਦਗੀ 'ਚ ਕਦੇ ਨਹੀਂ ਦੇਖਿਆ, ਕਦੇ ਵੀ ਨਹੀਂ। Its rare, very very rare.

ਡਾ. ਦੋ : ਸਾਡੇ ਸਰੀਰ 'ਚ 20-20 ਆਂਦਰਾਂ ਹੁੰਦੀਆਂ ਹਨ। ਇਕ ਵੀ ਸਬੂਤੀ ਨਹੀਂ ਬਚੀ, ਇਕ ਵੀ। ਤੇ ਫਿਰ ਵੀ ਜਿਉਣ ਦਾ ਇਨਾ ਵੱਡਾ ਹੌਸਲਾ। ਉਫ਼।

ਡਾ. ਤਿੰਨ : ਇਸ ਕੁੜੀ ਦੇ ਵਿਚ ਜਿਉਣ ਦਾ ਜ਼ਬਰਦਸਤ ਜਜ਼ਬਾ ਹੈ। ਬਹੁਤ ਹੀ ਬਹਾਦਰ ਕੁੜੀ ਹੈ। ਮੈਂ ਸਲਾਮ ਕਰਦਾ ਹਾਂ। (ਸਲਾਮ ਕਰਦਾ ਹੈ।)

ਦਾਮਿਨੀ ਦੇ ਅੰਦਰ ਜਿਉਣ ਦਾ ਬੜਾ ਵੱਡਾ ਜਜ਼ਬਾ ਸੀ। ਉਹ ਇਹ ਸੀ ਕਿ ਜ਼ਖ਼ਮੀ ਹੋਣ ਤੋਂ ਬਾਅਦ ਵੀ ਜ਼ਖ਼ਮੀ ਸ਼ੇਰ ਵਾਂਗ ਦਹਾੜ ਰਹੀ ਸੀ ਪਰ ਜਿਉਂ ਹੀ ਉਸਦੀ ਮੰਮੀ ਉਸਦੇ ਸਾਹਮਣੇ ਆਈ ਤੇ ਉਸ ਨੇ ਕੰਬਦੀ ਆਵਾਜ਼ 'ਚ ਕਿਹਾ :

"ਮੰਮੀ Please ਮੈਨੂੰ ਮੁਆਫ਼ ਕਰ ਦਿਓ। ਮੈਂ ਤੁਹਾਨੂੰ ਬਹੁਤ ਦੁਖ ਪਹੁੰਚਾਇਆ ਹੈ। ਮੈਨੂੰ ਮੁਆਫ਼ ਕਰ ਦਿਓ। ਮੇਰੀ ਕੋਈ ਗਲਤੀ ਨਹੀਂ ਹੈ ਮੰਮੀ। ਆਪਣੀ ਪੂਰੀ ਵਾਹ ਲਗਾਉਂਦਿਆਂ ਉਹਨਾਂ ਦਾ ਮੁਕਾਬਲਾ ਕੀਤਾ ਹੈ। ਮੈਂ ਜਿਉਣਾ ਚਾਹੁੰਦੀ ਹਾਂ। Please ਮੰਮੀ, ਬਚਾਅ ਲਓ। ਮੰਮੀ Please......" (ਰੋ ਪੈਂਦੀ ਹੈ)

ਦਾਮਿਨੀ ਲਗਾਤਾਰ ਜ਼ਿੰਦਗੀ ਮੌਤ ਨਾਲ ਲੜ ਰਹੀ ਸੀ। ਦੇਸ਼ ਅੰਦਰ ਖਾਸ ਕਰਕੇ ਨੌਜਵਾਨਾਂ ਅੰਦਰ ਇਕ ਰੋਹ ਦੀ ਜਵਾਲਾ ਫੁੱਟ ਚੁੱਕੀ ਸੀ। ਲੋਕ ਇਸ ਜ਼ੁਲਮ ਦਾ ਕਾਰਨ ਜਾਨਣਾ ਚਾਹੁੰਦੇ ਸਨ। ਉਹ ਇਕ ਦਾਮਿਨੀ ਨਹੀਂ ਲੱਖਾਂ ਦਾਮਿਨੀਆਂ ਦੇ ਲਈ ਨਿਆਂ ਦੀ ਮੰਗ ਲੈ ਕੇ ਦਿੱਲੀ ਦੀਆਂ ਗਲੀਆਂ 'ਚ ਦੇਸ਼ ਦੇ ਕੂਚੇ-ਕੂਚੇ ਵਿਚ ਹੱਥਾਂ






ਵਿਚ ਮੋਮਬੱਤੀਆਂ ਮਸ਼ਾਲਾਂ ਫੜ ਕੇ ਆਪਣੇ ਰੋਹ ਤੇ ਗੁੱਸੇ ਦਾ ਪ੍ਰਗਟਾਵਾ ਕਰ ਰਹੇ ਸਨ। ਸਰਕਾਰ ਉਹਨਾਂ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਦੀ ਥਾਂ ਸੋਟੀਆਂ, ਡੰਡਿਆਂ ਅਤੇ ਪਾਣੀ ਦੀਆਂ ਬੋਛਾੜਾਂ ਨਾਲ ਨਵਾਜ ਰਹੀ ਸੀ। ਉਹਨਾਂ ਦੇ ਹੱਥਾਂ ਵਿਚ ਫੜੀਆਂ ਮੋਮਬੱਤੀਆਂ ਅਤੇ ਮਸ਼ਾਲਾਂ ਦੇ ਵਿਚ ਪਾਣੀ ਪਾ ਕੇ ਬੁਝਾਉਣ ਦੀ ਅਸਫ਼ਲ ਕੋਸ਼ਿਸ਼ ਕਰ ਰਹੀ ਸੀ ਪਰ ਦਾਮਿਨੀ ਦੇ ਅੰਦਰ ਪਲਦੇ ਹੌਸਲੇ ਅਤੇ ਦਰੀਂਦਿਆਂ ਨੂੰ ਸਜ਼ਾ ਦਿਲਾਉਣ ਦਾ ਜਜ਼ਬਾ ਲਗਾਤਾਰ ਇਨ੍ਹਾਂ ਮਸ਼ਾਲਾਂ ਦੇ ਵਿਚ ਤੇਲ ਪਾਉਂਦਾ ਰਿਹਾ ਤੇ ਇਸ ਗੱਲ ਦਾ ਅਹਿਸਾਸ ਕਰਵਾਉਂਦਾ ਰਿਹਾ ਕਿ "ਐਵੇਂ ਭਰਮ ਹੈ ਸਾਡੇ ਕਾਤਲਾਂ ਨੂੰ, ਅਸੀਂ ਹੋਵਾਂਗਾ ਦੋ ਜਾਂ ਚਾਰ ਲੋਕੋ। ਬਦਲਾ ਲਿਆਂ ਤੋਂ ਵੀ ਜਿਹੜੀ ਮੁਕਣੀ ਨਹੀਂ, ਐਡੀ ਵੱਡੀ ਹੈ ਸਾਡੀ ਕਤਾਰ ਲੋਕੋ।"

ਤੇ ਅਖੀਰ ਸਰਕਾਰ ਨੇ ਅੱਧੀ ਰਾਤ ਨੂੰ ਇਕ ਅਜਿਹਾ ਫੈਸਲਾ ਲਿਆ ਜਿਸ ਦਾ ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ। ਸਰਕਾਰ ਨੇ ਚੁੱਪ ਚਪੀਤੇ ਦਾਮਿਨੀ ਨੂੰ ਸਿੰਘਾਪੁਰ ਭੇਜਣ ਦਾ ਫੈਸਲਾ ਕਰ ਲਿਆ। ਇਕ ਸਪੈਸ਼ਲ ਜਹਾਜ਼ ਰਾਹੀਂ ਸਿੰਘਾਪੁਰ ਦੇ Mount Elizabeth ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਸਿੰਘਾਪੁਰ ਦੇ ਹਸਪਤਾਲ ਵਿਚ ਦਾਖਲ ਕਰਵਾਉਣ ਤੋਂ ਬਿਨਾਂ ਸਰਕਾਰ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ। ਉਹ ਲਗਭਗ ਦਿੱਲੀ ਦੇ ਹਸਪਤਾਲ ਵਿਚ ਹੀ ਪਹਿਲਾਂ ਦਰਿੰਦਿਆਂ ਤੋਂ ਆਪਣੀ ਜਾਨ ਦੀ ਬਖਸ਼ੀ ਲਈ ਵਿਲਕਦੀ ਰਹੀ ਤੇ ਫਿਰ ਹਸਪਤਾਲ ਅੰਦਰ ਜਿਉਣ ਦੀ ਤਾਂਘ ਲੈ ਕੇ ਤੜਫਦੀ ਰਹੀ ਪਰ ਜ਼ਿੰਦਗੀ ਤੋਂ ਉਹ ਦਿੱਲੀ ਵਿਖੇ ਹੀ ਹਾਰ ਚੁੱਕੀ ਸੀ। ਲੋਕਾਂ ਦੇ ਰੋਹ ਨੂੰ ਭਾਂਪਦੇ ਹੋਏ ਸਰਕਾਰ ਨੇ ਉਹਨੂੰ ਸਿੰਘਾਪੁਰ ਵਿਖੇ ਭੇਜਣ ਦਾ ਫੈਸਲਾ ਕੀਤਾ ਸੀ ਤੇ ਅੰਤ 29 ਦਸੰਬਰ ਦੀ ਰਾਤ 2.25 ਮਿੰਟ ਤੇ ਸਿੰਘਾਪੁਰ ਦੇ Mount Elizabeth ਹਸਪਤਾਲ 'ਚ ਦਾਮਿਨੀ ਦਾ ਦੁਖਦਈ ਅੰਤ ਹੋ ਗਿਆ।

ਕਿਸੇ ਦੇ ਅੰਤ ਦੇ ਨਾਲ ਕਿਸੇ ਦੀ ਸ਼ੁਰੂਆਤ ਵੀ ਹੁੰਦੀ ਹੈ। ਦਾਮਿਨੀ ਦਾ ਦਾਮਨ ਪਾਕ ਤੇ ਪਵਿੱਤਰ ਸੀ। ਉਸਦੇ ਜਿਸਮ ਤੇ ਪਏ ਖੂਨ ਦੇ ਧੱਬੇ ਸੌੜੀ ਹੈਵਾਨੀਅਤ ਦੀ ਸੌੜੀ ਸੋਚ ਦਾ ਉਛਾਲ ਸੀ ਤੇ ਜਿਹੜੇ ਪੂਰੇ ਹਿੰਦੁਸਤਾਨ ਦੇ ਲੋਕਾਂ ਦੇ ਮੂੰਹ 'ਤੇ ਇਕ ਚਪੇੜ ਸੀ। ਉਹਨਾਂ ਨੂੰ ਜਾਗਣ ਦਾ ਹੋਕਾ ਦੇ ਕੇ ਸਦਾ-ਸਦਾ ਲਈ ਸੌਂ ਗਈ।

ਪਰ ਉਸ ਦੇ ਜਾਣ ਤੋਂ ਬਾਅਦ ਅੱਜ ਬਹੁਤ ਸਾਰੇ ਸਵਾਲ ਫਿਜ਼ਾ ਦੇ ਅੰਦਰ ਗੂੰਜ ਰਹੇ ਹਨ।

"ਮੈਂ ਸੋਚਦਾ ਹਾਂ ਕਿ ਸਾਰਾ ਹਿੰਦੁਸਤਾਨ ਵੀ ਸੋਚਦਾ ਹੈ ਕਿ ਆਨਨ-ਫਾਨਨ 'ਚ ਦਾਮਿਨੀ ਨੂੰ ਸਿੰਘਾਪੁਰ ਕਿਉਂ ਭੇਜਿਆ ਗਿਆ? ਕੀ ਇਹ ਫੈਸਲਾ ਰਾਜਨੀਤੀ ਤੋਂ ਪ੍ਰੇਰਤ ਨਹੀਂ? ਕੀ ਦਾਮਿਨੀ ਦਾ ਅੰਤ ਉਹਨਾਂ ਨੂੰ ਦਿੱਲੀ ਦੇ ਹਸਪਤਾਲ ਵਿਖੇ ਹੀ ਨਜ਼ਰ ਆ ਗਿਆ ਸੀ? ਕੀ ਉਹ ਲੋਕਾਂ ਦੇ ਰੋਹ ਤੋਂ ਬਚਣ ਲਈ ਦਾਮਿਨੀ ਨੂੰ ਸਿੰਘਾਪੁਰ ਵਿਖੇ ਭੇਜਣ ਵਿਚ ਕਾਮਯਾਬ ਹੋ ਗਏ। ਕੀ ਹਿੰਦੁਸਤਾਨ ਵਿਚ ਸਿੰਘਾਪੁਰ ਨਾਲੋਂ ਕਾਬਲ ਡਾਕਟਰ ਨਹੀਂ ਸਨ? ਇਹ ਸਾਰੇ ਸਵਾਲਾਂ ਦਾ ਜਵਾਬ ਇਕ ਹੀ ਹੈ ਕਿ ਦਾਮਿਨੀ ਨੇ ਸਦਾ ਦੀ ਨੀਂਦ ਸੌਣ ਤੋਂ ਪਹਿਲਾਂ ਹਿੰਦੁਸਤਾਨੀਆਂ ਨੂੰ ਜਗਾ ਦਿੱਤਾ ਸੀ ਕਿ ਉਠੋ ਤੁਹਾਨੂੰ ਸੁੱਤਿਆਂ ਨੂੰ ਯੁੱਗ ਬੀਤ ਚੁੱਕੇ ਹਨ। ਤੁਸੀਂ ਜਾਣਦੇ ਹੋ ਸਰਕਾਰ ਕਹਿ ਰਹੀ ਹੈ ਕਿ ਇਹ ਡਾਕਟਰਾਂ ਦਾ ਫੈਸਲਾ ਸੀ ਕਿ ਦਾਮਿਨੀ ਨੂੰ ਅਗਲੇਰੇ ਇਲਾਜ ਲਈ ਸਿੰਘਾਪੁਰ ਭੇਜਿਆ ਜਾਵੇ ਪਰ ਡਾਕਟਰ.....

ਡਾ. : ਇਹ ਸਾਡਾ ਫੈਸਲਾ ਨਹੀਂ ਸੀ। ਸਾਡੇ ਤੋਂ ਤਾਂ ਇਸ ਬਾਰੇ ਕੁਝ ਪੁੱਛਿਆ ਹੀ ਨਹੀਂ ਗਿਆ ਸਿਰਫ਼ ਇੰਨਾ ਪੁੱਛਿਆ ਕਿ ਕੀ ਇਹ ਸਿੰਘਾਪੁਰ ਪਹੁੰਚ ਸਕਦੀ ਹੈ?"

ਤੁਸੀਂ ਦੱਸੋ ਇਸ ਕਤਲ ਦੇ ਦੋਸ਼ੀ ਕੌਣ-ਕੌਣ? ਛੇ ਦਰਿੰਦਿਆਂ ਦੇ ਨਾਲ ਨਾਲ ਸਰਕਾਰ ਵੀ, ਸਰਕਾਰੀ ਤੰਤਰ ਵੀ ਤੇ ਮਨੁੱਖਤਾ ਦਾ ਮਖੌਟਾ ਪਾ ਕੇ ਦੁਨੀਆ ਨੂੰ ਬੁੱਧੂ ਬਣਾਉਣ ਵਾਲੇ ਸਾਧ ਪਾਖੰਡੀ, ਪੜ੍ਹੇ-ਲਿਖੇ ਉਹ ਲੋਕ ਜਿਨ੍ਹਾਂ ਹਿੰਦੁਸਤਾਨ ਦੇ ਮੱਥੇ 'ਤੇ ਲੱਗੇ ਇਸ ਕਾਲੇ ਧੱਬੇ ਨੂੰ ਹੋਰ ਗੂੜ੍ਹਾ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਜਿਨ੍ਹਾਂ ਨੇ ਗੱਲ ਕਹਿਣ ਲੱਗਿਆਂ ਇਹ ਵੀ ਰਤਾ ਭਰ ਨਹੀਂ ਸੋਚਿਆ ਕਿ ਉਹ ਕਹਿ ਕੀ ਰਹੇ ਹਨ? ਕਿੰਨਿਆਂ ਦੇ ਚਿਹਰੇ ਬੇਪਰਦ ਹੋਏ ਹਨ। ਇਨ੍ਹਾਂ ਬੇਲਗਾਮ ਨੇਤਾਵਾਂ, ਸਾਧੂਆਂ, ਅਖੌਤੀ ਸਮਾਜ ਸੇਵੀਆਂ ਦੀਆਂ ਜ਼ੁਬਾਨਾਂ ਤੇ ਲਗਾਮ ਕਦੇ ਕਦੇ ਲਗਦੀ ਹੈ ਤੇ ਇਸ ਉਪਰੰਤ ਵੀ ਜਦੋਂ ਅੱਜ ਤੱਕ ਇਤਿਹਾਸ ਵਿਚ ਬਲਾਤਕਾਰ ਦੀਆਂ ਵਾਪਰੀਆਂ ਸਾਰੀਆਂ ਖੌਫ਼ਨਾਕ ਘਟਨਾਵਾਂ ਤੋਂ ਵੀ ਵੱਧ ਖਤਰਨਾਕ ਘਟਨਾ ਨੇ ਸਾਰੇ ਜਾਗਦੀ ਜ਼ਮੀਰ ਵਾਲੇ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੋਵੇ, ਜਿਨ੍ਹਾਂ ਦੀ ਜ਼ਮੀਨ ਗਾਹੇ-ਬਗਾਹੇ ਜਗਦੀ ਰਹੀ ਹੈ ਉਹ ਵੀ ਉਠੇ, ਪਰ ਜਿਨ੍ਹਾਂ ਦੀ ਜ਼ਹਿਨੀਅਤ ਤੇ ਭੋਰਾ ਫਰਕ ਨਹੀਂ ਪਿਆ। ਉਨ੍ਹਾਂ ਵਿਚ ਮੁਲਕ ਦੇ ਸਭ ਤੋਂ ਵੱਧ ਤਾਕਤਵਰ ਪਰ ਸਭ ਤੋਂ ਕਮਜ਼ੋਰ ਆਦਮੀ ਨੇ ਇਕ ਹਫ਼ਤੇ ਬਾਅਦ ਉਸ ਮਨੁੱਖ ਨੇ ਆਪਣਾ ਸੁਭਾਗਾ ਮੁੱਖ ਖੋਲ੍ਹਿਆ ਜਿਹੜਾ ਕਿਸੇ ਸਵਾਲ ਦਾ ਜਵਾਬ ਦੇਣ ਲਈ ਜਵਾਬ ਦੀ ਆਬਰੂ ਬਚਾਉਣ ਚਾਹੁੰਦਾ ਹੈ। ਕਿਉਂਕਿ ਉਹ ਜਦ ਵੀ ਬੋਲਣਗੇ ਤਾਂ ਕਿਸੇ ਨਾ ਕਿਸੇ ਨੂੰ ਆਪਣੀ ਆਬਰੂ ਜ਼ਰੂਰ ਬਚਾਉਣੀ ਪੈਂਦੀ ਹੈ ਤੇ ਇਕ ਹਫ਼ਤੇ ਬਾਅਦ ਉਹਨਾਂ ਨੇ ਆਪਣਾ ਅੱਧਾ ਕੁ ਮੂੰਹ ਖੋਲ੍ਹਿਆ ਤੇ ਉਚਾਰਣ ਕੀਤਾ :

"ਦਿੱਲੀ ਵਿਚ ਸਮੂਹਿਕ ਬਲਾਤਕਾਰ ਦੇ ਘਿਨੌਣੇ ਅਪਰਾਧ ਉਤੇ ਲੋਕਾਂ ਦਾ ਗੁੱਸਾ ਜਾਇਜ਼ ਹੈ। ਤਿੰਨ ਧੀਆਂ ਦਾ ਬਾਪ ਹਾਂ ਮੈਂ ਇਸ ਲਈ ਤੁਹਾਡੇ ਸਭ ਵਾਂਗ ਸੰਜੀਦਗੀ ਨਾਲ ਇਸ ਨੂੰ ਮਹਿਸੂਸ ਕਰਦਾ ਹਾਂ।

ਠੀਕ ਹੈ?"

ਇਹ ਸ਼ਬਦ ਉਸ ਨੇ ਰਟੇ-ਰਟਾਏ ਠੀਕ ਹੈ? ਕੈਮਰਾਮੈਨ ਵੱਲ ਕਹੇ ਜਿਵੇਂ ਕਿਸੇ ਫ਼ਿਲਮ ਦਾ ਵਿਲਨ ਪਹਿਲਾਂ ਲਿਖੀ ਹੋਈ ਸਿਕਰਪਟ ਵਿਚੋਂ ਰਟੇ-ਰਟਾਏ ਡਾਇਲਾਗ ਬੋਲਕੇ ਪੁੱਛਦਾ ਹੈ ਕਿ ਐਕਟਿੰਗ ਦਾ ਸ਼ਾਟ ਓ.ਕੇ. ਹੈ? ਠੀਕ ਹੈ?

ਤੇ ਤੁਸੀਂ ਅੰਦਾਜ਼ਾ ਲਾਓ ਕਿ ਬਾਕੀ ਛੋਟੇ ਖਲਨਾਇਕਾਂ ਦਾ ਕੀ ਹਾਲ ਹੋਵੇਗਾ। ਇਥੇ ਇਹ ਕਹਿਣ ਨੂੰ ਜੀ ਕਰਦਾ ਹੈ ਕਿ "ਜਿਸ ਧਰਤੀ 'ਤੇ ਅੱਜ ਵੀ ਔਰਤ ਅਬਲਾ ਤੇ ਮਜ਼ਬੂਰ, ਉਸ ਧਰਤ ਦੇ ਹਾਕਮ ਕੁੱਤੇ, ਉਸ ਧਰਤ ਦੇ ਹਾਕਮ ਸੂਰ, ਉਸ ਧਰਤ ਦੇ ਹਾਕਮ 'ਸੂਰ'।

ਖੈਰ ਇਸ ਖੌਲਨਾਕ ਘਟਨਾ ਤੋਂ ਬਾਅਦ ਕਈ ਲੋਕ ਬੇਪਰਦ ਹੋਏ ਜਿਹੜੇ ਇਸ ਸਰਮਾਏਦਾਰੀ ਢਾਂਚੇ ਦੇ ਵਿਚ ਆਪਣੇ ਆਪ ਨੂੰ ਵੱਖਰਾ ਸਾਬਤ ਕਰਨ ਲਈ ਕੁਝ ਵੀ ਊਲ ਜਲੂਲ ਬੋਲੀ ਗਏ।

ਇਕ ਖੇਤੀ ਖੋਜ ਕੇਂਦਰ ਦੀ ਵਿਗਿਆਨੀ ਔਰਤ ਨੇ ਆਪਣੀ ਲਿਆਕਤ, ਅਕਲ ਅਤੇ ਮਾਨਸਿਕਤਾ ਦਾ ਮੁਜ਼ਾਹਰਾ ਇਹ ਕਹਿ ਕੇ ਕੀਤਾ ਕਿ ਜਿਹੜੀ ਕਿ ਇਕ Lion's Club ਦੀ ਪ੍ਰਧਾਨ ਵੀ ਹੈ।

"ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਦਿੱਲੀ ਸਮੂਹਿਕ ਬਲਾਤਕਾਰ ਕਾਂਡ ਦੀ ਪੀੜਤ ਲੜਕੀ ਖੁਦ ਹੀ ਇਸ ਦੁਸ਼ਕਰਮ ਲਈ ਜ਼ਿੰਮੇਵਾਰ ਹੈ। ਜੇ ਰਾਤ ਨੂੰ ਦਸ ਵਜੇ ਕੁੜੀ ਘਰੋਂ ਬਾਹਰ ਨਿਕਲੇਗੀ ਤਾਂ ਫਿਰ ਇਸ ਨਾਲ ਇਹੀ ਕੁਝ ਹੋਵੇਗਾ। ਹੁੰਅ.....।

"ਹਾਥ ਪਾਂਵ ਮੇ ਦਮ ਨਹੀਂ ਹਮ ਕਿਸੀ ਸੇ ਕਮ ਨਹੀਂ।"

ਜਿਥੇ ਦੇਸ਼ ਅੰਦਰ ਉਸ ਕੁੜੀ ਵਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਅਤੇ ਗੁੰਡਿਆਂ ਵਿਰੁੱਧ ਕੀਤੇ ਗਏ ਸਹਾਸੀ ਪ੍ਰਤੀਰੋਧ ਦੀ ਦਾਦ ਦਿੱਤੀ ਜਾ ਰਹੀ ਸੀ ਉਸ ਨੂੰ ਵਿਰਾਗਨਾਂ ਵਾਲਾ ਰੁਤਬਾ ਪ੍ਰਦਾਨ ਕੀਤਾ ਜਾ ਰਿਹਾ ਸੀ, ਉਸ ਨੂੰ ਆਪਣਾ ਰੋਲ ਮਾਡਲ ਮੰਨਿਆ ਜਾ ਰਿਹਾ ਸੀ, ਉਸ ਲਈ ਇਕ ਵਿਗਿਆਨੀ ਔਰਤ ਕਹਿ ਰਹੀ ਹੈ ਕਿ ਜੇਕਰ ਉਸ ਕੁੜੀ ਨੇ 'ਛੇ' ਦਰੀਂਦਿਆਂ ਅੱਗੇ ਆਤਮ ਸਮਰਪਣ ਕਰ ਕੀਤਾ ਹੁੰਦਾ ਤਾਂ ਉਸ ਦੀਆਂ ਆਂਤੜੀਆਂ ਨਿਕਲਣ ਦੀ ਨੌਬਤ ਨਾ ਆਉਂਦੀ ਤੇ ਸਭ ਤੋਂ ਵੱਧ ਸ਼ਰਮ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਸ਼ੁਭ ਵਿਚਾਰਾਂ ਨੂੰ ਉਸ ਔਰਤ ਨੇ ਉਸ ਵੇਲੇ ਉਜਾਗਰ ਕੀਤਾ ਜਦੋਂ ਉਹ 'ਔਰਤਾਂ ਪ੍ਰਤੀ ਸੰਵੇਦਨਸ਼ੀਲਤਾ' ਵਿਸ਼ੇ 'ਤੇ ਮੁੱਖ ਵਕਤਾ ਦੇ ਰੂਪ ਵਿਚ ਬੋਲ ਰਹੀ ਸੀ।

ਇਸ ਤੋਂ ਵੀ ਚਾਰ ਕਦਮ ਅੱਗੇ ਜਾਂਦੇ ਇਕ ਖਾਸ ਕਿਸਮ ਦੇ ਖਾਸ ਲੋਕਾਂ ਦੇ 'ਬਾਪੂ ਨੇ ਜੋ ਉਚਾਰਿਆ ਉਸ ਦੇ ਸੱਤ ਵਚਨ ਤੁਸੀਂ ਵੀ ਸੁਣ ਲਉ: "ਲੜਕੀ ਇਸ ਘਟਨਾ ਕੇ ਲੀਏ ਖੁਦ ਜ਼ਿੰਮੇਵਾਰ ਹੈ, ਵੋ ਦਰਿੰਦੋਂ ਕੇ ਆਗੇ ਹੱਥ ਜੋੜਤੀ, ਉਨਕੇ ਪਾਓਂ ਪੜਤੀ, ਉਨ ਕੋ ਧਰਮ ਕੇ ਭਾਈ ਕਹਤੀ, ਵੋ ਸਰਸਵਤੀ ਮੰਤਰ ਕਾ ਜਾਪ ਕਰਤੀ ਤੋ ਸਬ ਕੁਛ ਨਹੀ ਹੋਤਾ। ਉਸ ਕੋ ਕਹਿਨਾ ਚਾਹੀਏ ਥਾ ਭਾਈ ਤੁਮ ਇਹ ਸਭ ਮਤ ਕਰੋ।" ਪਰ ਜਦੋਂ ਇਹ ਸ਼ਬਦ ਸੁਣੇ ਤਾਂ ਆਮ ਲੋਕਾਂ ਨੂੰ ਵੀ ਇਹ ਲੱਗਿਆ ਕਿ ਜਿਹੜਾ ਉਸ ਲੜਕੀ ਦਾ ਬਲਾਤਕਾਰ ਉਹਨਾਂ 'ਛੇ' ਗੁੰਡਿਆਂ ਨੇ ਕੀਤਾ ਸੀ ਬਾਪੂ ਦੇ ਸ਼ਬਦ ਦੀ ਉਸ ਬਲਾਤਕਾਰ ਤੋਂ ਘੱਟ ਨਹੀਂ ਸੀ। ਉਸ ਨੂੰ ਸ਼ਾਇਦ ਇਹ ਨਹੀਂ ਸੀ ਪਤਾ ਕਿ ਉਹਨਾਂ 'ਛੇ' ਰਾਕਸ਼ਸ਼ਾਂ ਵਿਚੋਂ ਜਿਹਨੇ ਸਭ ਤੋਂ ਵੱਧ ਦਰਿੰਦਗੀ ਵਿਖਾਈ ਉਹਨੇ 'ਦਾਮਿਨੀ' ਨੂੰ ਭੈਣ ਕਹਿ ਕੇ ਹੀ ਬਸ ਦੇ ਵਿਚ ਚਾੜ੍ਹਿਆ ਸੀ। ਉਹਨੂੰ ਸ਼ਾਇਦ ਇਹ ਵੀ ਨਹੀਂ ਸੀ ਚੇਤੇ ਕਿ ਉਸ ਵਰਗੇ ਹੀ ਬਹੁਤ ਵੱਡੇ ਮਹਾਤਮਾ, ਮਹਾਂਪੁਰਸ਼ ਨੇ ਉਨ੍ਹਾਂ ਔਰਤਾਂ ਨਾਲ, ਇਸ ਕਿਸਮ ਦੇ ਬਲਾਤਕਾਰ ਹੀ ਕੀਤੇ ਸਨ, ਜਿਹੜੀਆਂ ਉਸ ਨੂੰ ਬਾਪੂ ਜੀ ਯਾਨੀ ਬਾਪ ਕਹਿ ਕੇ ਸਤਿਕਾਰ ਦਿੰਦੀਆਂ ਸਨ ਪਰ ਉਸ ਮਹਾਤਮਾ ਦਾ ਮਨ ਕਿਉਂ ਨਹੀਂ ਪਸੀਜਿਆ ਸੀ?

ਮੈਂ ਕਿੰਨੀਆਂ ਹੀ ਘਟਨਾਵਾਂ ਦਾ ਜ਼ਿਕਰ ਕਰ ਸਕਦਾ ਹਾਂ ਜਿਹਦੇ ਵਿਚ ਇਹ ਕਿਹਾ ਗਿਆ ਕਿ ਦਾਮਿਨੀ ਰਾਤ ਨੂੰ ਬਾਹਰ ਕਿਉਂ ਗਈ ਉਸ ਨੇ ਠੀਕ ਕੱਪੜੇ ਕਿਉਂ ਨਹੀਂ ਪਾਏ। ਉਸ ਨੂੰ ਇਸ ਤਰ੍ਹਾਂ ਰਾਤ ਨੂੰ ਇਕੱਲੇ ਬਾਹਰ ਨਹੀਂ ਸੀ ਜਾਣਾ ਚਾਹੀਦਾ। ਪਰ ਭਲੇ ਮਾਨਸੋ ਫਰੀਦਕੋਟ ਦੀ ਸ਼ਰੁਤੀ ਰਾਤ ਨੂੰ ਇਕੱਲੇ ਨਹੀਂ ਸੀ ਗਈ, ਉਸ ਨੂੰ ਤਾਂ ਜਬਰਦਸਤੀ ਘਰੋਂ ਗੁੰਡਿਆਂ ਨੇ ਚੁੱਕਿਆ ਸੀ। ਤਿੰਨ ਸਾਲ ਦੀ ਬਾਲੜੀ ਤਾਂ ਕਿਸੇ ਨੂੰ ਆਪਣੇ ਵੱਲ ਆਕਰਸ਼ਤ ਨਹੀਂ ਕਰਦੀ ਫਿਰ ਉਸ ਨੂੰ ਕਿਉਂ ਖਿੜਨ ਤੋਂ ਪਹਿਲਾਂ ਹੀ ਮਧੋਲ ਦਿੱਤਾ ਜਾਂਦਾ ਹੈ? ਉਹ ਤਾਂ ਭੜਕੀਲੇ, ਕਾਮ ਉਕਸਾਊ ਕੱਪੜੇ ਨਹੀਂ ਪਾਉਂਦੀ, ਫਿਰ ਉਸ ਨਾਲ ਇਹ ਕੁਕਰਮ ਕਿਉਂ? ਬੁਰਕੇ ਵਾਲੀ ਔਰਤ ਨਾਲ ਕੀ ਇਹ ਸਭ ਕੁਝ ਨਹੀਂ ਹੁੰਦਾ? ਕਸੂਰ ਔਰਤ ਦਾ ਨਹੀਂ ਸਗੋਂ ਉਸ ਅੱਖ ਦਾ ਹੈ ਜੋ ਔਰਤ ਨੂੰ ਇਕ ਵਸਤੂ ਦੇ ਰੂਪ ਵਿਚ ਵੇਖਦੀ ਹੈ।

ਖੈਰ, 'ਦਾਮਿਨੀ' ਚਲੀ ਗਈ, ਪਰ ਜਾਣ ਤੋਂ ਪਹਿਲਾਂ ਕਈ ਸੁੱਤੀਆਂ ਜ਼ਮੀਰਾਂ ਨੂੰ ਜਗਾ ਗਈ। ਪਰ ਹੁਣ ਕੀ ਹੋਵੇਗਾ। ਸਿਰਫ਼ ਪ੍ਰਦਰਸ਼ਨ ਹੋਣਗੇ। ਸੜਕਾਂ ਜਾਮ ਹੋਣਗੀਆਂ, ਪਰ ਨਤੀਜਾ ਕੀ ਨਿਕਲੂਗਾ। ਕਾਨੂੰਨ ਜਿੰਨਾ ਮਰਜ਼ੀ ਸਖ਼ਤ ਬਣਾ ਲਓ, ਪਰ ਕੀ ਗਰੰਟੀ ਹੈ ਕਿ ਉਹ ਲਾਗੂ ਵੀ ਹੋਵੇਗਾ। ਕੀ ਇਸ ਸਿਸਟਮ ਵਿਚ ਰਹਿ ਕੇ ਕਾਨੂੰਨ ਤੋਂ ਉਮੀਦ ਕੀਤੀ ਜਾ ਸਕਦੀ ਹੈ।

ਤੁਸੀਂ ਦਾਮਿਨੀ ਨੂੰ ਯਾਦ ਕਰ ਰਹੇ ਦੀਵੇ ਜਲਾ ਕੇ, ਮੋਮਬੱਤੀਆਂ ਜਲਾ ਕੇ ......ਮਸ਼ਾਲ ਜਲਾ ਕੇ.....

ਪਰ ਨਾ ਤਾਂ ਦਾਮਿਨੀ ਪਹਿਲੀ ਹੈ ਨਾ ਆਖਰੀ

ਤੇ ਮਸ਼ਾਲ ਵੀ ਆਖਰੀ ਨਹੀਂ

ਜਦੋਂ ਤੱਕ ਜ਼ੁਲਮ ਰਹੇਗਾ ਮਸ਼ਾਲ ਵੀ ਜਲਦੀ ਰਹੇਗੀ।

ਮਸ਼ਾਲਾਂ ਬਾਲ ਕੇ ਰਖਣਾ ਜਦੋਂ ਤੱਕ ਰਾਤ ਬਾਕੀ ਹੈ....

**ਲੋਕ ਕਲਾ ਮੰਚ ਮੰਡੀ ਮੁੱਲਾਂਪੁਰ**
**+91-98147-80195**
**lkm.sharma@yahoo.in**

**(ਸਫ਼ਾ 11 ਦੀ ਬਾਕੀ)**

ਹਿੰਦੁਸਤਾਨ ਅਤੇ ਪਾਕਿਸਤਾਨ ਨੂੰ ਲਗਪਗ ਸੌ ਕਿਲੋਮੀਟਰ ਤਕ ਵੰਡਦਾ ਹੋਇਆ ਆਖ਼ਰ ਇਹ ਪਾਕਿਸਤਾਨ ਦੀ ਧਰਤੀ ਨੂੰ ਸਿੰਜਦਾ ਹੈ। ਫਿਰ ਪੰਜਨਦ ਦੇ ਅਸਥਾਨ 'ਤੇ ਵਿਛੜੇ ਹੋਏ ਦਰਿਆ ਰਾਵੀ, ਚਨਾਬ, ਜਿਹਲਮ ਅਤੇ ਸਤਲੁਜ ਦਾ ਸੰਗਮ ਹੁੰਦਾ ਹੈ। ਅੰਗਰੇਜ਼ੀ ਹਕੂਮਤ ਵੇਲੇ ਇਨ੍ਹਾਂ ਦਰਿਆਵਾਂ ਵਿੱਚੋਂ ਬਾਰਾਮਾਸੀ ਨਹਿਰਾਂ ਕੱਢੀਆਂ ਗਈਆਂ ਜੋ ਦੇਸ਼ ਦੀ ਵੰਡ ਤੋਂ ਬਾਅਦ ਦੋਵਾਂ ਦੇਸ਼ਾਂ ਵਿੱਚ ਵੰਡੀਆਂ ਗਈਆਂ। ਇਨ੍ਹਾਂ ਦਰਿਆਵਾਂ ਦੀ ਬਦੌਲਤ ਕਣਕ-ਵੰਨੇ ਪੰਜਾਬੀਆਂ ਨੇ ਕਣਕ ਅਤੇ ਚੌਲਾਂ ਦੇ ਬੋਹਲ ਲਾ ਕੇ ਦੇਸ਼ ਵਾਸੀਆਂ ਦਾ ਢਿੱਡ ਭਰਿਆ ਸੀ। ਇਸ ਲਈ ਸਤਲੁਜ ਨੂੰ ਗੰਗਾ ਦੀ ਤਰਜ਼ 'ਤੇ ਸਾਫ਼ ਕਰਨਾ ਰਾਸ਼ਟਰ ਦਾ ਮੁਢਲਾ ਫ਼ਰਜ਼ ਹੈ। ਸਤਲੁਜ ਦੀ ਸਫ਼ਾਈ ਦੇ ਐਲਾਨ ਨਾਲ ਪੰਜਾਬ ਸਰਕਾਰ ਨੂੰ ਬਹੁਤਾ ਖ਼ੁਸ਼ ਹੋਣ ਦੀ ਲੋੜ ਨਹੀਂ ਕਿਉਂਕਿ ਮੋਦੀ ਸਰਕਾਰ ਲਈ ਇਹ ਮੁੱਦਾ ਮਾਨਸਰੋਵਰ, ਕੈਲਾਸ਼ ਪਰਬਤ ਅਤੇ ਦੇਵ-ਭੂਮੀ ਹਿਮਾਚਲ ਪ੍ਰਦੇਸ਼ ਦੇ ਹਿੱਤ ਨਾਲ ਵੀ ਜੁੜਿਆ ਹੋਇਆ ਹੈ। ਪੰਜਾਬ ਦੇ ਹਿੱਸੇ ਵਹਿ ਰਹੇ ਦਰਿਆਵਾਂ ਦੇ ਪ੍ਰਦੂਸ਼ਣ ਦੀ ਮੁਢਲੀ ਵਜ੍ਹਾ ਫੈਕਟਰੀਆਂ 'ਚੋਂ ਨਿਕਾਸ ਹੋ ਰਹੇ ਰਸਾਇਣਕ ਪਦਾਰਥ ਹਨ। ਦਰਿਆਵਾਂ ਤੇ ਨਹਿਰਾਂ ਕਿਨਾਰੇ ਚੱਲ ਰਹੀਆਂ ਇਹ ਸਨਅਤਾਂ ਅਸਰ-ਰਸੂਖ਼ ਵਾਲੇ ਲੋਕਾਂ ਦੀਆਂ ਹਨ ਜਿਨ੍ਹਾਂ ਦੀ ਸਰਕਾਰੇ-ਦਰਬਾਰੇ ਤੂਤੀ ਬੋਲਦੀ ਹੈ। ਕੇਂਦਰ ਸਰਕਾਰ ਜੇ ਇਸ ਦੀ ਸਾਫ਼ ਸਫ਼ਾਈ ਵਿੱਚ ਯੋਗਦਾਨ ਪਾ ਵੀ ਦਏ ਤਾਂ ਇਹ ਬਹੁਲ 'ਚੋਂ ਬੁੱਕ ਦੇਣ ਬਰਾਬਰ ਹੈ। ਵੈਸੇ ਵੀ ਜਿੰਨੀ ਦੇਰ ਕੋਈ ਠੋਸ ਨੀਤੀ ਸਾਹਮਣੇ ਨਾ ਆਵੇ ਉਨੀ ਦੇਰ ਖ਼ੁਸ਼ੀ ਵਿੱਚ ਖੀਵੇ ਹੋਣਾ, ਗਾਲੇ ਤੋਂ ਬਿਨਾਂ ਚੱਕੀ ਪੀਹਣ ਵਾਂਗ ਹੁੰਦਾ ਹੈ। ਜਿੰਨੀ ਦੇਰ ਕੇਂਦਰ ਸਰਕਾਰ ਵੱਲੋਂ ਸਤਲੁਜ ਬਾਰੇ ਅਮਲੀ ਰੂਪ ਵਿੱਚ ਕੁਝ ਨਹੀਂ ਹੁੰਦਾ, ਪੰਜਾਬ ਸਰਕਾਰ ਆਪਣੇ ਪੱਧਰ 'ਤੇ ਆਪਣੇ ਹਿੱਸੇ ਆਉਂਦੇ ਸਤਲੁਜ ਦਰਿਆ ਨੂੰ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣਾ ਸਕਦੀ ਹੈ। ਭਾਖੜਾ ਡੈਮ ਤੋਂ ਹੁਸੈਨੀਵਾਲਾ ਤਕ ਅਜਿਹੇ ਕਈ ਸਥਾਨ ਹਨ ਜਿਨ੍ਹਾਂ ਨੂੰ ਵਿਕਸਤ ਕੀਤਾ ਜਾ ਸਕਦਾ ਹੈ। ਸਤਲੁਜ ਕਿਨਾਰੇ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਵਿਚਾਲੇ ਸੰਨ 1809 ਵਿੱਚ ਹੋਈ ਸੰਧੀ ਵਾਲੇ ਸਥਾਨ 'ਤੇ ਕੋਈ ਵਿਰਲਾ-ਟਾਵਾਂ ਹੀ ਜਾਂਦਾ ਹੈ। ਦੂਜਾ ਵੱਡਾ ਸਥਾਨ ਹਰੀਕੇ ਪੱਤਣ ਹੈ। ਇਹ ਪਰਵਾਸੀ ਪੰਛੀਆਂ ਦੀ ਮਨਭਾਉਂਦੀ ਥਾਂ ਹੈ ਜੋ ਪਰਵਾਸੀ ਭਾਰਤੀਆਂ ਤੋਂ ਇਲਾਵਾ ਵਿਦੇਸ਼ੀ ਸੈਲਾਨੀਆਂ ਲਈ ਵੀ ਖਿੱਚ ਦਾ ਕੇਂਦਰ ਬਣ ਸਕਦੀ ਹੈ। ਸਤਲੁਜ ਦਾ ਸਭ ਤੋਂ ਮਹੱਤਵਪੂਰਨ ਇਤਿਹਾਸਕ ਅਸਥਾਨ ਹੁਸੈਨੀਵਾਲਾ ਹੈ। ਇਸ ਜਗ੍ਹਾ 'ਤੇ ਆਜ਼ਾਦੀ ਦੀ ਦੇਵੀ ਨੂੰ ਲਹੂ ਦਾ ਅਰਘ ਚੜ੍ਹਾਉਣ ਵਾਲੇ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸਸਕਾਰ ਕੀਤਾ ਗਿਆ ਤਾਂ ਸਤਲੁਜ ਦੀਆਂ ਲਹਿਰਾਂ ਵੀ ਮਾਤਮੀ ਹੋ ਗਈਆਂ ਸਨ। ਇਨ੍ਹਾਂ ਅਮਰ ਵਿਦਰੋਹੀਆਂ ਨੂੰ 23 ਮਾਰਚ 1931 ਦੀ ਅੰਨ੍ਹੀ-ਬੋਲ਼ੀ ਰਾਤ ਚੁੱਪ-ਚੁਪੀਤੇ ਫਾਂਸੀ ਦੇ ਤਖ਼ਤੇ 'ਤੇ ਲਟਕਾ ਦਿੱਤਾ ਗਿਆ ਸੀ। ਤਮਾਮ ਮਰਿਆਦਾਵਾਂ ਨੂੰ ਛਿੱਕੇ ਟੰਗ ਕੇ ਸ਼ਹੀਦਾਂ ਦੀਆਂ ਦੇਹਾਂ ਦੇ ਟੁਕੜੇ-ਟੁਕੜੇ ਕਰ ਕੇ ਫ਼ੌਜੀ ਪਹਿਰੇ ਵਿੱਚ ਸਸਕਾਰ ਕੀਤਾ ਗਿਆ ਸੀ। ਸਤਲੁਜ ਦੀਆਂ ਮਾਤਮੀ ਧੁਨਾਂ ਤੋਂ ਬਾਅਦ ਅਗਲੇ ਦਿਨ ਕਾਲੀਆਂ ਚੁੰਨੀਆਂ ਤੇ ਕਾਲੀਆਂ ਦਸਤਾਰਾਂ ਵਾਲਿਆਂ ਦਾ ਹੜ੍ਹ ਆ ਗਿਆ ਸੀ ਜਿਸ ਨੇ ਗੋਰਿਆਂ ਦੇ ਸਿੰਘਾਸਣ ਨੂੰ ਹਲੂਣ ਕੇ ਰੱਖ ਦਿੱਤਾ ਸੀ। ਇੱਥੋਂ ਥੋੜ੍ਹੀ ਦੂਰ ਸਤਲੁਜ ਭਾਵੇਂ ਬੇਗਾਨਾ ਹੋ ਜਾਂਦਾ ਹੈ ਪਰ ਹੁਸੈਨੀਵਾਲਾ ਹਿੰਦੁਸਤਾਨ ਅਤੇ ਪਾਕਿਸਤਾਨ ਦੀ ਸਾਂਝੀ ਵਿਰਾਸਤ ਮੰਨਿਆ ਜਾਂਦਾ ਹੈ ਕਿਉਂਕਿ ਆਜ਼ਾਦੀ ਪਰਵਾਨਿਆਂ ਦੀ ਤ੍ਰਿਮੂਰਤੀ ਦੀ ਆਖ਼ਰੀ ਨਿਸ਼ਾਨੀ ਇਸ ਜਗ੍ਹਾ 'ਤੇ ਸੁਰੱਖਿਅਤ ਹੈ। ਜਗਤਾਰ ਦੇ 'ਪਸ਼ਾਵਰ ਤੋਂ ਸਿੰਧ ਤਕ' ਸਫ਼ਰਨਾਮੇ ਦੇ ਸ਼ੁਰੂ ਵਿੱਚ ਅੰਕਿਤ ਸ਼ੇਅਰ ਆਤਮਸਾਤ ਕਰੋ:

ਕੁਝ ਰੁਕ ਗਏ ਸਰਹੱਦ 'ਤੇ ਆ ਕੇ ਯਾਰ ਦਰਿਆਵਾਂ ਜਹੇ

ਪਰ ਜੋ ਬੁਝ ਕੇ ਨਾ ਬੁਝੀ ਉਹੀ ਪਿਆਸ ਮੇਰੇ ਨਾਲ ਹੈ।

ਗੰਗਾ ਅਤੇ ਸਤਲੁਜ ਦੀ ਸਾਫ਼-ਸਫ਼ਾਈ ਤੋਂ ਬਾਅਦ ਮੋਦੀ ਸਰਕਾਰ ਦਾ ਅਗਲਾ ਨਿਸ਼ਾਨਾ ਦੇਸ਼ ਦੇ ਦਰਿਆਵਾਂ ਨੂੰ ਆਪਸ ਵਿੱਚ ਜੋੜਨਾ ਹੈ। ਉਹ ਸੋਚਦੇ ਹਨ ਜੇ ਕੰਨਿਆਕੁਮਾਰੀ ਤੋਂ ਕਸ਼ਮੀਰ ਤਕ ਭਾਰਤ ਇੱਕ ਹੈ ਤਾਂ ਦਰਿਆ ਇਕੱਠੇ ਕਿਉਂ ਨਹੀਂ ਹੋ ਸਕਣਗੇ? ਦਰਿਆ ਜੋੜਨ ਨਾਲ ਜੇ 'ਦਰਿਆ ਦਿਲ' ਮਿੱਤਰ ਟੁੱਟ ਵੀ ਜਾਣ ਤਾਂ ਕੀ ਫ਼ਰਕ ਪੈਂਦਾ ਹੈ! ਮੁੱਕਦੀ ਗੱਲ, ਪਰਛਾਵੇਂ ਨਾਲ ਤਾਂ ਤੁਰ ਪੈਂਦੇ ਨੇ ਪਰ ਹੱਥ ਨਹੀਂ ਆਉਂਦੇ।

ਬਦਾਯੂੰ ਕਾਂਡ

# ਮੁਢਲੀਆਂ ਸਹੂਲਤਾਂ ਦੀ ਘਾਟ ਬਨਾਮ ਔਰਤਾਂ ਖ਼ਿਲਾਫ਼ ਜੁਰਮ

ਦਵੀ ਦਵਿੰਦਰ ਕੌਰ



ਬਦਾਯੂੰ ਕਾਂਡ ਤੇ ਉਸ ਤੋਂ ਮਗਰੋਂ ਉਪਰੋਥਲੀ ਸ਼ਾਇਦ ਵਾਪਰ ਰਹੀਆਂ ਘਟਨਾਵਾਂ ਨੇ ਹਕੂਮਤਾਂ ਦੀ ਕਠੋਰਤਾ ਤੇ ਸੰਵੇਦਨਹੀਣਤਾ ਇੱਕ ਵਾਰ ਫਿਰ ਸਾਹਮਣੇ ਲੈ ਆਂਦੀ ਹੈ। ਜ਼ਿਲ੍ਹੇ ਦੇ ਇੱਕ ਪਿੰਡ ਵਿੱਚ 14 ਤੇ 15 ਸਾਲ ਦੀਆਂ 'ਜੰਗਲ ਪਾਣੀ ਲਈ ਬਾਹਰ' ਗਈਆਂ ਦੋ ਲੜਕੀਆਂ ਨੂੰ ਅਗਵਾ ਕਰ ਕੇ ਉਨ੍ਹਾਂ ਨਾਲ ਸਮੂਹਿਕ ਜਬਰ ਜਨਾਹ ਕੀਤਾ ਗਿਆ ਤੇ ਫਿਰ ਮਾਰ ਕੇ ਉਨ੍ਹਾਂ ਦੀਆਂ ਲਾਸ਼ਾਂ ਪਿੰਡ ਦੇ ਬਾਹਰਵਾਰ ਦਰੱਖ਼ਤਾਂ ਨਾਲ ਲਟਕਾ ਦਿੱਤੀਆਂ ਗਈਆਂ। ਇਸ ਕਾਂਡ ਨੂੰ ਲੈ ਕੇ ਲੋਕ ਰੋਹ ਤੇ ਸਿਆਸੀ ਤੇ ਪੁਲੀਸ ਦੀਆਂ ਬਹਾਨੇਬਾਜ਼ੀਆਂ ਤੇ ਬਿਆਨਬਾਜ਼ੀਆਂ ਹਾਲੇ ਚੱਲ ਹੀ ਰਹੀਆਂ ਸਨ ਕਿ ਇਸੇ ਖੇਤਰ ਵਿੱਚ 17 ਸਾਲ ਦੀ ਇੱਕ ਹੋਰ ਦਲਿਤ ਲੜਕੀ ਨਾਲ ਬਲਾਤਕਾਰ ਤੇ ਫਿਰ ਹੋਰ ਨਾਲ...।

ਉੱਤੋਂ ਸਿਤਮਜ਼ਰੀਫ਼ੀ ਇਹ ਹੈ ਕਿ ਸਿਆਸੀ ਆਗੂ ਤੇ ਉੱਤਰ ਪ੍ਰਦੇਸ਼ ਦੀ ਸੱਤਾਧਾਰੀ ਪਾਰਟੀ ਦੇ ਸਰਬਰਾਹ ਜ਼ਖ਼ਮਾਂ 'ਤੇ ਲੂਣ ਭੁੱਕਣ ਵਾਲੇ ਬਿਆਨ ਜਾਰੀ ਕਰਦਿਆਂ ਮੀਡੀਆ 'ਤੇ ਸਿਰਫ਼ ਯੂਪੀ ਨੂੰ ਹੀ ਨਿਸ਼ਾਨਾ ਬਣਾਉਣ ਜਿਹੇ ਦੋਸ਼ ਲਾ ਰਹੇ ਹਨ। ਬੇਸ਼ੱਕ ਇਹ ਸੱਚ ਹੈ ਕਿ ਹੋਰ ਸੂਬਿਆਂ ਵਿੱਚ ਵੀ ਇਹ ਘਟਨਾਵਾਂ ਵਾਪਰ ਰਹੀਆਂ ਹਨ ਪਰ ਕੀ ਇਸ ਆਧਾਰ 'ਤੇ ਯੂਪੀ ਸਰਕਾਰ ਤੇ ਸੱਤਾ ਸੁੱਖ ਭੋਗ ਰਹੇ ਲੋਕ ਇਸ ਸਾਰੇ ਕਾਂਡ ਵਿੱਚ ਦੋਸ਼ ਮੁਕਤ ਹੋ ਸਕਦੇ ਹਨ। ਬੀਤੇ ਦਿਨੀਂ ਮੱਧ ਪ੍ਰਦੇਸ਼ ਦੇ ਇੱਕ ਆਗੂ ਨੇ ਅਲੋਕਾਰ ਬਿਆਨ ਦਿੱਤਾ ਕਿ ਕੋਈ ਵੀ ਬਲਾਤਕਾਰੀ ਦੱਸ ਕੇ ਇਹ ਕਾਰਾ ਕਰਨ ਨਹੀਂ ਜਾਂਦਾ। ਇਸ ਕਰਕੇ ਸਮਾਜਵਾਦੀ ਪਾਰਟੀ ਤੇ ਇਸ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਦੀ ਅਗਵਾਈ ਵਾਲੀ ਸਰਕਾਰ 'ਕਸੂਰਵਾਰ' ਨਹੀਂ ਹਨ। ਫਿਰ ਸੁਆਲ ਇਹ ਉੱਠਦਾ ਹੈ ਕਿ ਜੇ ਅਮਨ ਕਾਨੂੰਨ ਦੀ ਸਥਿਤੀ ਬਹਾਲ ਨਹੀਂ ਰੱਖ ਸਕਦੇ, ਜੇ ਗ਼ਰੀਬ ਦੀ ਧੀ-ਭੈਣ ਇਨ੍ਹਾਂ ਦੇ ਰਾਜ ਭਾਗ ਵਿੱਚ ਸੁਰੱਖਿਅਤ ਨਹੀਂ ਤਾਂ ਕੀ ਇਨ੍ਹਾਂ ਨੂੰ ਸੱਤਾ 'ਤੇ ਬਣੇ ਰਹਿਣ ਦਾ ਅਧਿਕਾਰ ਹੈ? ਕੀ ਅਮਨ ਕਾਨੂੰਨ ਦੇ ਨਾਲ-ਨਾਲ ਇਨ੍ਹਾਂ ਸੱਤਾਧਾਰੀਆਂ ਨੂੰ ਆਮ ਅਤੇ ਹਾਸ਼ੀਏ 'ਤੇ ਰਹਿ ਰਹੇ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਮੁਹੱਈਆ ਨਹੀਂ ਕਰਾਉਣੀਆਂ ਬਣਦੀਆਂ?

ਇਨ੍ਹਾਂ ਸਹੂਲਤਾਂ ਵਿੱਚੋਂ ਪੀਣ ਯੋਗ ਪਾਣੀ, ਬਿਜਲੀ ਤੇ ਪਖ਼ਾਨਿਆਂ ਦਾ ਹੋਣਾ ਬੇਹੱਦ ਅਹਿਮ ਲੋੜਾਂ ਹਨ। ਸਿੱਖਿਆ ਤੇ ਸਿਹਤ ਵੀ ਬੇਸ਼ੱਕ ਮੁੱਢਲੀਆਂ ਲੋੜਾਂ ਹਨ ਪਰ ਬਹੁਤ ਸਾਰੇ ਅਪਰਾਧ ਤੇ ਸਰੀਰਕ ਜਬਰ ਔਰਤਾਂ 'ਤੇ ਉਦੋਂ ਹੀ ਹੁੰਦੇ ਹਨ ਜਦੋਂ ਉਹ ਆਬਾਦੀ ਤੋਂ ਬਾਹਰ ਦੂਰ-ਦੁਰਾਡਿਓਂ ਪਾਣੀ ਭਰਨ ਜਾਂਦੀਆਂ ਹਨ ਜਾਂ ਫਿਰ ਜੰਗਲ ਪਾਣੀ ਲਈ ਬਾਹਰ ਜਾਂਦੀਆਂ ਹਨ। ਇਸ ਵਿਸ਼ੇ ਨੂੰ ਲੈ ਕੇ ਨੱਕ-ਬੁੱਲ੍ਹ ਚੜ੍ਹਾਏ ਜਾ ਸਕਦੇ ਹਨ ਕਿ ਇਹ ਕਿਹੋ ਜਿਹੀ ਗੱਲ ਕੀਤੀ ਜਾ ਰਹੀ ਹੈ ਪਰ ਇਹ ਗੰਦਗੀ ਭਰੀ ਗੱਲ ਨਹੀਂ ਸਗੋਂ ਗੰਦਗੀ ਹਟਾਉਣ ਦਾ ਜ਼ਰੂਰੀ ਅਮਲ ਅਤੇ ਬੁਨਿਆਦੀ ਮਨੁੱਖੀ ਹੱਕਾਂ ਦਾ ਮਸਲਾ ਹੈ।

ਬਦਾਯੂੰ ਦੀ ਘਟਨਾ ਨੇ ਜਮਹੂਰੀਅਤ ਦੇ ਨਾਂ 'ਤੇ ਵੱਡੇ ਦਾਅਵੇ ਕਰਨ ਵਾਲੇ ਭਾਰਤ ਨੂੰ ਪਾਕਿਸਤਾਨ ਦੇ ਬਰਾਬਰ ਲਿਆ ਖੜ੍ਹਾ ਕੀਤਾ ਹੈ ਜਿੱਥੇ ਇੱਕ ਗਰਭਵਤੀ ਮੁਟਿਆਰ ਨੂੰ ਉਸ ਦੇ ਘਰਦਿਆਂ ਨੇ ਲਾਹੌਰ ਹਾਈ ਕੋਰਟ ਦੇ ਬਾਹਰ ਇਸ ਕਰਕੇ ਪੱਥਰ ਤੇ ਡਾਂਗਾਂ-ਸੋਟੇ ਮਾਰ-ਮਾਰ ਕੇ ਮਾਰ ਦਿੱਤਾ ਸੀ ਕਿਉਂਕਿ ਉਸ ਨੇ ਮਰਜ਼ੀ ਦੇ ਬੰਦੇ ਨਾਲ ਵਿਆਹ ਕਰਵਾਇਆ ਸੀ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੇ ਦੋਵੇਂ ਘਟਨਾਵਾਂ ਦਾ ਇਕੱਠਿਆਂ ਹਵਾਲਾ ਦਿੰਦਿਆਂ ਇਨ੍ਹਾਂ ਦੋਵਾਂ ਮੁਲਕਾਂ ਵਿੱਚ ਔਰਤਾਂ ਦੀ ਬਦਤਰ ਸਥਿਤੀ 'ਤੇ ਦੁੱਖ ਜ਼ਾਹਰ ਕੀਤਾ ਹੈ ਤੇ ਹਕੂਮਤਾਂ ਤੋਂ ਦੋਸ਼ੀਆਂ ਵਿਰੁੱਧ ਸਖ਼ਤ ਤੇ ਫੌਰੀ ਕਾਰਵਾਈ ਦੀ ਤਵੱਕੋ ਕੀਤੀ ਹੈ। ਬਾਨ ਕੀ ਮੂਨ ਨੇ ਬਦਾਯੂੰ ਵਾਲੀ ਦਰਦਨਾਕ ਤੇ ਲੂੰ ਕੰਡੇ ਖੜ੍ਹੇ ਕਰ ਦੇਣ ਵਾਲੀ ਘਟਨਾ 'ਤੇ ਗਹਿਰਾ ਸਦਮਾ ਪ੍ਰਗਟ ਕਰਦਿਆਂ ਵਿਸ਼ੇਸ਼ ਰੂਪ ਵਿੱਚ ਜ਼ਿਕਰ ਕੀਤਾ ਹੈ ਕਿ ਇਹ ਬੱਚੀਆਂ ਘਰੋਂ ਬਾਹਰ ਜੰਗਲ ਪਾਣੀ ਲਈ ਗਈਆਂ ਸਨ ਕਿਉਂਕਿ ਉਨ੍ਹਾਂ ਨੂੰ ਪਖਾਨਿਆਂ ਦੀ ਸਹੂਲਤ ਉਪਲੱਬਧ ਨਹੀਂ ਹੈ। ਉਨ੍ਹਾਂ ਅੱਗੇ ਕਿਹਾ ਕਿ ਲੜਕੀਆਂ ਤੇ ਔਰਤਾਂ ਵਿਰੁੱਧ ਅਜਿਹੀ ਹਿੰਸਾ ਸਿਰਫ਼ ਔਰਤਾਂ ਦਾ ਹੀ ਨਹੀਂ ਸਗੋਂ ਅਮਨ ਤੇ ਸੁਰੱਖਿਆ, ਮਾਨਵੀ ਹਕੂਕ ਅਤੇ ਵਿਕਾਸ ਦਾ ਮਸਲਾ ਹੈ।

ਸੰਯੁਕਤ ਰਾਸ਼ਟਰ ਮੁਤਾਬਕ ਸਾਰੇ ਭਾਰਤ ਵਿੱਚ ਲੜਕੀਆਂ ਤੇ ਔਰਤਾਂ ਵਿਰੁੱਧ ਹਿੰਸਾ ਤੇ ਜ਼ੁਲਮ ਦਾ ਖ਼ਤਰਾ ਇਸ ਕਰਕੇ ਵੀ ਵੱਧ ਹੈ ਕਿਉਂਕਿ ਇਨ੍ਹਾਂ ਲਈ ਪਖਾਨੇ ਨਹੀਂ ਹਨ ਤੇ ਇਨ੍ਹਾਂ ਨੂੰ ਆਬਾਦੀਆਂ, ਪਿੰਡਾਂ ਤੋਂ ਬਾਹਰਵਾਰ ਜਾਂ ਖੇਤਾਂ ਵਿੱਚ ਖੁੱਲ੍ਹੇ ਵਿੱਚ ਜੰਗਲ ਪਾਣੀ ਲਈ ਜਾਣਾ ਪੈਂਦਾ ਹੈ। ਇਸ ਕਾਂਡ ਦੇ ਹਵਾਲੇ ਵਿੱਚ ਹੀ ਸੰਯੁਕਤ ਰਾਸ਼ਟਰ ਵੱਲੋਂ ਅਪਰੈਲ 2010 ਵਿੱਚ ਜਾਰੀ ਕੀਤੀ ਰਿਪੋਰਟ ਦਾ ਜ਼ਿਕਰ ਕਰਨਾ ਲਾਜ਼ਮੀ ਬਣਦਾ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਭਾਰਤ ਦੇ ਪਿੰਡਾਂ ਦੀ 65 ਫ਼ੀਸਦੀ ਤੋਂ ਵੱਧ ਆਬਾਦੀ ਖੁੱਲ੍ਹੇ ਵਿੱਚ ਜੰਗਲ-ਪਾਣੀ ਜਾਣ ਲਈ ਮਜਬੂਰ ਹੈ ਤੇ ਔਰਤਾਂ ਤੇ ਬੱਚੀਆਂ ਨੂੰ ਦੇਰ ਸਵੇਰ, ਰਾਤ-ਬਰਾਤੇ ਵੀ ਬਾਹਰ ਜਾਣਾ ਪੈਂਦਾ ਹੈ। ਇਸੇ ਕਾਰਨ ਉਹ ਕਈ ਕਿਸਮ ਦੇ ਅਪਰਾਧਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਯੂਨੀਸੈਫ ਦੇ ਭਾਰਤ ਵਿੱਚ ਪ੍ਰਤੀਨਿਧ ਅਨੁਸਾਰ ਇਸ ਨਾਲ ਨਾ ਸਿਰਫ਼ ਬੱਚੀਆਂ ਤੇ ਔਰਤਾਂ ਦੀ ਮਰਿਆਦਾ ਖ਼ਤਰੇ ਵਿੱਚ ਪੈਂਦੀ ਹੈ ਸਗੋਂ ਉਨ੍ਹਾਂ ਦੀ ਸੁਰੱਖਿਆ ਲਈ ਵੀ ਵੱਡਾ ਸੰਕਟ ਬਣਿਆ ਰਹਿੰਦਾ ਹੈ।

ਇਹ ਸਮੱਸਿਆ ਸਿਰਫ਼ ਪਿੰਡਾਂ 'ਚ ਨਹੀਂ, ਸ਼ਹਿਰਾਂ ਤੇ ਮਹਾਂਨਗਰਾਂ ਵਿੱਚ ਵੀ ਪ੍ਰਚੰਡ ਰੂਪ ਵਿੱਚ ਸਾਹਮਣੇ ਆ ਰਹੀ ਹੈ। ਇਸ ਕਾਰਨ ਸਿਹਤ ਨਾਲ ਸਬੰਧ ਹੋਰ ਮੁਸ਼ਕਿਲਾਂ ਵੀ ਆ ਰਹੀਆਂ ਹਨ। ਇੱਕ ਸਰਵੇਖਣ ਮੁਤਾਬਕ ਦਿੱਲੀ ਦੇ ਹਾਸ਼ੀਆਗਤ ਇਲਾਕਿਆਂ ਵਿੱਚ (ਝੁੱਗੀ-ਝੌਂਪੜੀਆਂ) ਜੰਗਲ ਪਾਣੀ ਜਾਣ ਲਈ ਦੁਰਾਡੇ ਬਣੇ ਪਖਾਨਿਆਂ ਤਕ ਜਾਣ ਵਾਲੀਆਂ ਜਾਂ ਖੁੱਲ੍ਹੇ ਵਿੱਚ ਜਾਣ ਵਾਲੀਆਂ ਔਰਤਾਂ ਵਿੱਚੋਂ 66 ਫ਼ੀਸਦੀ ਨੂੰ ਮੂੰਹ-ਜ਼ੁਬਾਨੀ ਛੇੜਖਾਨੀ ਦਾ ਸ਼ਿਕਾਰ ਹੋਣਾ ਪੈਂਦਾ ਹੈ। 46 ਫ਼ੀਸਦੀ ਦਾ ਪਿੱਛਾ ਕੀਤਾ ਜਾਂਦਾ ਹੈ ਤੇ 30 ਫ਼ੀਸਦੀ ਤੋਂ ਵੱਧ ਨਾਲ ਸਰੀਰਕ ਛੇੜਛਾੜ ਤੇ ਖਿੱਚ-ਧੂਹ ਕੀਤੀ ਜਾਂਦੀ ਹੈ। ਇਹੋ ਹਾਲ ਹੋਰ ਮਹਾਂਨਗਰਾਂ ਦਾ ਹੈ। ਇਸ ਤੋਂ ਇਲਾਵਾ ਉਚਿਤ ਸੀਵਰੇਜ ਨਾ ਹੋਣ ਕਾਰਨ ਭਾਰਤ ਦਾ ਸਤਹੀ ਜਲ ਪ੍ਰਦੂਸ਼ਿਤ ਹੋ ਰਿਹਾ ਹੈ।

ਅਜਿਹੇ ਹਾਲਾਤ ਵਿੱਚ 'ਸੈਂਟਰ ਫਾਰ ਸਾਇੰਸ ਐਂਡ ਐਨਵਾਇਰਮੈਂਟ' ਦੀ ਸੁਨੀਤਾ ਨਰਾਇਣ ਦਾ ਕਹਿਣਾ ਹੈ, ''ਤੇਜ਼ੀ ਨਾਲ ਆਧੁਨਿਕ ਹੋ ਰਿਹਾ ਭਾਰਤ ਆਪਣੇ ਹੀ ਪਖਾਨੇ ਵਿੱਚ ਗਰਕ ਰਿਹਾ ਹੈ।''

ਪਿੰਡਾਂ ਤੇ ਸ਼ਹਿਰਾਂ ਵਿੱਚ ਬੱਚੀਆਂ ਦੇ ਸਕੂਲਾਂ ਵਿੱਚੋਂ ਹਟਣ ਦਾ ਇੱਕ ਵੱਡਾ ਕਾਰਨ ਪਖਾਨਿਆਂ ਦੀਆਂ ਸਹੂਲਤਾਂ ਨਾ ਹੋਣਾ ਵੀ ਹੈ। ਸ਼ਾਇਦ ਇੰਨੇ ਗੰਭੀਰ ਹਾਲਾਤ ਦੇ ਚੱਲਦਿਆਂ ਹੀ ਸਾਬਕਾ ਕੇਂਦਰੀ ਵਾਤਾਵਰਨ ਮੰਤਰੀ ਜੈਰਾਮ ਰਮੇਸ਼ ਨੇ ਇੱਕ ਵਾਰ ਬਿਆਨ ਦਿੱਤਾ ਸੀ ਕਿ ਦੇਸ਼ ਨੂੰ ਮੰਦਰਾਂ ਨਾਲੋਂ ਜ਼ਿਆਦਾ ਪਖਾਨਿਆਂ ਦੀ ਲੋੜ ਹੈ। ਇਸ ਬਿਆਨ ਨਾਲ ਭਾਵੇਂ ਵਿਵਾਦ ਵੀ ਛਿੜ ਪਿਆ ਸੀ ਪਰ ਮੰਤਰੀ ਦਾ ਇਹ ਬਿਆਨ ਬਿਲਕੁਲ ਠੀਕ ਸੀ। ਮੰਦਰਾਂ ਤੇ ਹੋਰ ਸਥਾਨਾਂ ਦੀ ਮਰਿਆਦਾ ਲਈ ਸਵੱਛਤਾ ਲਾਜ਼ਮੀ ਹੈ ਤੇ ਇਸ ਸਵੱਛਤਾ ਲਈ ਸਭ ਲਈ ਉਚਿਤ ਪਖਾਨੇ ਤੇ ਜਲ ਸਪਲਾਈ ਜ਼ਰੂਰੀ ਹੈ।

ਇਹ ਨਹੀਂ ਕਿ ਸਮੇਂ ਦੀਆਂ ਸਰਕਾਰਾਂ ਲੋਕਾਂ ਨੂੰ ਅਰੋਗਤਾ ਪ੍ਰਬੰਧ ਤੇ ਸੈਨੀਟੇਸ਼ਨ ਸਹੂਲਤਾਂ ਮੁਹੱਈਆ ਨਹੀਂ ਕਰਾਉਣੀਆਂ ਚਾਹੁੰਦੀਆਂ। ਸੰਯੁਕਤ ਰਾਸ਼ਟਰ ਦੇ 'ਮਿਲੇਨੀਅਮ ਡਿਵੈਲਪਮੈਂਟ ਗੋਲ' (ਐਮ.ਡੀ.ਜੀ.) ਦਾ ਟੀਚਾ 2015 ਤਕ ਉਨ੍ਹਾਂ ਲੋਕਾਂ ਦੀ ਗਿਣਤੀ ਘੱਟੋ-ਘੱਟ ਅੱਧੀ ਕਰਨਾ ਤੈਅ ਕੀਤਾ ਗਿਆ ਸੀ ਜਿਨ੍ਹਾਂ ਦੀ ਸਾਫ਼ ਪੀਣਯੋਗ ਪਾਣੀ ਤੇ ਸੈਨੀਟੇਸ਼ਨ ਤਕ ਪਹੁੰਚ ਨਹੀਂ ਹੈ। ਭਾਰਤ 'ਚ ਇਸ ਟੀਚੇ ਬਾਰੇ ਸਾਨੂੰ ਸਥਿਤੀ ਸਪਸ਼ਟ ਹੀ ਹੈ।

ਕੇਂਦਰ ਨੇ ਸਾਰੇ ਦੇਸ਼ ਵਿੱਚ ਸਭ ਲਈ ਪਖਾਨੇ ਉਪਲੱਬਧ ਕਰਨ ਲਈ ਨਿਰਮਲ ਗਰਾਮ ਯੋਜਨਾ ਚਾਲੂ ਕੀਤੀ ਜਿਸ ਤਹਿਤ ਪਿੰਡਾਂ ਵਿੱਚ ਲੋੜਵੰਦ ਲੋਕਾਂ ਲਈ ਪਖਾਨੇ ਬਣਾਏ ਜਾਣੇ ਸਨ। ਇਸ ਤੋਂ ਇਲਾਵਾ ਮਨਰੇਗਾ ਲਈ ਕੇਂਦਰ ਦੇ ਫੰਡਾਂ ਵਿੱਚੋਂ ਵੀ ਪਿੰਡਾਂ ਵਿੱਚ ਪਖਾਨੇ ਬਣਾਏ ਜਾਣ ਦੀ ਵਿਵਸਥਾ ਹੈ ਅਤੇ ਸਮੱਗਰੀ ਦੇ ਖ਼ਰਚੇ ਸਮੇਤ ਪਖਾਨੇ ਬਣਾਉਣ ਦਾ ਖ਼ਰਚਾ ਇਨ੍ਹਾਂ ਫੰਡਾਂ ਵਿੱਚੋਂ ਕੀਤਾ ਜਾ ਸਕਦਾ ਹੈ।

ਕਾਇਦੇ ਮੁਤਾਬਕ ਮਨਰੇਗਾ ਫੰਡਾਂ ਵਿੱਚੋਂ ਰੁਜ਼ਗਾਰ ਅਤੇ ਸਮੱਗਰੀ 'ਤੇ 60:40 ਦੇ ਅਨੁਪਾਤ ਵਿੱਚ ਧਨ ਦੀ ਵਰਤੋਂ ਕੀਤੀ ਜਾ ਸਕਦੀ ਹੈ ਪਰ ਪੰਜਾਬ ਤੇ ਯੂਪੀ ਦੇ ਨਾਲ-ਨਾਲ ਹੋਰ ਥਾਈਂ ਵੀ ਇਨ੍ਹਾਂ ਫੰਡਾਂ ਦੀ ਦੁਰਵਰਤੋਂ ਸਭ ਦੇ ਸਾਹਮਣੇ ਹੈ। ਮਨਰੇਗਾ ਕਾਮਿਆਂ ਨੂੰ ਮਿਲਣ ਵਾਲੀ ਦਿਹਾੜੀ ਦੀ ਰਾਸ਼ੀ ਲਈ ਰਾਖਵੇਂ ਹਿੱਸੇ ਵਿੱਚੋਂ ਵੀ ਵੱਡਾ ਹਿੱਸਾ ਉਸਾਰੀ ਸਮੱਗਰੀ 'ਤੇ ਵਰਤਿਆ ਜਾਂਦਾ ਰਿਹਾ ਹੈ। ਮਨਰੇਗਾ ਫੰਡ ਪਿੰਡਾਂ ਵਿੱਚ ਪਖਾਨੇ ਬਣਾਉਣ ਲਈ ਵਰਤੇ ਜਾ ਸਕਦੇ ਹਨ ਪਰ ਅਜਿਹਾ ਨਹੀਂ ਕੀਤਾ ਜਾ ਰਿਹਾ ਕਿਉਂਕਿ ਇੱਕ ਤਾਂ ਇਸ ਫੰਡ ਵਿੱਚੋਂ ਰੁਜ਼ਗਾਰ ਦੇਣ ਵੇਲੇ ਕਾਮਿਆਂ ਦੀ ਚੋਣ ਦਾ ਕੰਮ ਸਿਆਸਤ ਤੋਂ ਪ੍ਰੇਰਿਤ ਹੁੰਦਾ ਹੈ। ਦੂਜਾ ਹਾਸ਼ੀਏ 'ਤੇ ਰਹਿ ਰਹੇ ਥੁੜ੍ਹਾਂ ਮਾਰੇ ਅਤੇ ਦਲਿਤ ਲੋਕਾਂ ਨੂੰ ਰੁਜ਼ਗਾਰ ਦੇ ਕੇ ਸਮਰੱਥ ਬਣਾਉਣ ਅਤੇ ਸਚਮੁੱਚ ਲੋੜਵੰਦ ਲੋਕਾਂ ਨੂੰ ਨਿਆਂਪੂਰਨ ਢੰਗ ਨਾਲ ਪਖਾਨੇ ਬਣਾ ਕੇ ਦੇਣ ਲਈ ਜਿਸ ਫਰਾਖ਼ਦਿਲੀ ਤੇ ਦਿਆਨਤਦਾਰੀ ਦੀ ਲੋੜ ਹੈ, ਉਹ ਸਿਆਸੀ ਲੋਕਾਂ ਵਿੱਚ ਨਹੀਂ ਹੈ। ਔਰਤਾਂ ਤੇ ਕਥਿਤ ਦਲਿਤ ਲੋਕਾਂ ਨੂੰ ਅਜਿਹੀ 'ਸਹੂਲਤ' ਦਿਵਾ ਕੇ 'ਆਪਣੇ ਸਿਰ ਚੜ੍ਹਾਉਣ' ਜਿਹੀ ਮਾਨਸਿਕਤਾ ਬਦਲਣ ਦੀ ਲੋੜ ਹੈ। ਅਸਲ ਵਿੱਚ ਯੂਪੀ, ਪੰਜਾਬ ਤੇ ਨਾਲ ਲੱਗਦੇ ਸੂਬਿਆਂ ਵਿੱਚ ਇਹੋ ਵਰਤਾਰਾ ਵਿਕਾਸ ਦੇ ਰਾਹ ਵਿੱਚ ਵੱਡਾ ਅੜਿੱਕਾ ਬਣ ਰਿਹਾ ਹੈ। ਯੂਪੀ ਵਿੱਚ ਜਾਤ-ਪਾਤ ਤੇ ਇਸ ਨਾਲ ਜੁੜੀ ਸਿਆਸਤ ਸਦਕਾ ਉੱਥੇ ਔਰਤਾਂ ਤੇ ਦਲਿਤਾਂ ਵਿਰੁੱਧ ਅਪਰਾਧ ਵਧ ਰਹੇ ਹਨ। ਭਾਵੇਂ ਪੰਜਾਬ ਵਿੱਚ ਇਹ ਵਰਤਾਰਾ ਇੰਨੇ ਪ੍ਰਚੰਡ ਰੂਪ ਵਿੱਚ ਨਹੀਂ ਹੈ ਪਰ ਕਥਿਤ ਉੱਚੇ ਹੋਣ ਅਤੇ ਸੱਤਾ ਦੀ ਚੌਧਰ ਕਾਰਨ ਇੱਥੇ ਵੀ ਝੌਂਪੁਰ ਜਿਹੇ ਵਰਤਾਰੇ ਵਾਪਰ ਰਹੇ ਹਨ। ਭਾਅ ਜੀ ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ) ਆਪਣੇ ਆਖ਼ਰੀ ਸਮੇਂ ਦੌਰਾਨ ਗ਼ਰੀਬਾਂ ਲਈ ਪਖਾਨੇ ਬਣਾਉਣ ਦੇ ਮੁੱਦੇ ਉੱਤੇ ਬਹੁਤ ਜ਼ੋਰ ਦੇ ਰਹੇ ਸਨ ਤੇ ਪਿੰਡਾਂ ਵਿੱਚ ਲੋਕਾਂ ਨੂੰ ਇਹ ਮੰਗ ਕਰਨ ਲਈ ਕਹਿੰਦੇ ਆ ਰਹੇ ਸਨ।

ਜ਼ਿਕਰਯੋਗ ਹੈ ਕਿ ਬਦਾਯੂੰ ਕਾਂਡ ਨਾਲ ਚੁਫੇਰਿਓਂ ਨਿੰਦਾ ਝੱਲ ਰਹੀ ਯੂਪੀ ਸਰਕਾਰ ਪਖਾਨੇ ਬਣਾਉਣ ਲਈ ਕੇਂਦਰ ਤੋਂ ਮਿਲੇ 293 ਕਰੋੜ ਰੁਪਏ ਦੱਬ ਕੇ ਬੈਠੀ ਹੈ। ਬਦਾਯੂੰ ਕਾਂਡ ਤੋਂ ਮਗਰੋਂ ਸਰਕਾਰ ਨੂੰ ਸਬਕ ਲੈਣਾ ਚਾਹੀਦਾ ਹੈ। ਹਾਲ ਹੀ ਵਿੱਚ ਕੇਂਦਰ ਦੇ ਪੇਂਡੂ ਵਿਕਾਸ ਮੰਤਰਾਲੇ ਨੇ ਯੂਪੀ ਸਰਕਾਰ ਨੂੰ ਨਿਰਮਲ ਭਾਰਤ ਅਭਿਆਨ (ਐਨਬੀਏ) ਤਹਿਤ ਜਾਰੀ 543 ਕਰੋੜ ਰੁਪਏ ਵਿੱਚੋਂ ਬਾਕੀ ਬਚੇ 293 ਕਰੋੜ ਰੁਪਏ ਖ਼ਰਚ ਕੇ ਪਖਾਨੇ ਬਣਾਉਣ ਲਈ ਕਿਹਾ ਹੈ। ਐਨਬੀਏ ਸਕੀਮ ਕੇਂਦਰ ਨੇ ਸਾਰੇ ਭਾਰਤ ਵਾਸੀਆਂ ਦੀ ਪਖਾਨਿਆਂ ਤਕ ਪਹੁੰਚ ਬਣਾਉਣ ਲਈ ਚਾਲੂ ਕੀਤੀ ਸੀ। ਯੂਪੀ ਸਰਕਾਰ ਨੇ 543 ਕਰੋੜ ਵਿੱਚੋਂ ਸਿਰਫ਼ 250 ਕਰੋੜ ਹੀ ਵਰਤੇ ਹਨ ਤੇ ਬਾਕੀ ਅੱਧਿਓਂ ਵੱਧ ਰਕਮ ਵਰਤਣ ਵਾਲੀ ਪਈ ਹੈ। ਤਰਾਸਦੀ ਹੈ ਕਿ ਇਸ ਰਾਸ਼ੀ ਵਿੱਚੋਂ 1.04 ਕਰੋੜ ਰੁਪਏ ਬਦਾਯੂੰ ਜ਼ਿਲ੍ਹੇ ਲਈ ਰਾਖਵੇਂ ਹਨ।

ਯੂਪੀ ਦੇ 3.29 ਕਰੋੜ ਘਰਾਂ ਵਿੱਚੋਂ ਸਿਰਫ਼ 1.17 ਕਰੋੜ ਵਿੱਚ ਹੀ ਪਖਾਨੇ ਹਨ। ਇਸ ਸੂਬੇ ਦੇ 14.82 ਫ਼ੀਸਦੀ ਸ਼ਹਿਰੀ ਲੋਕ ਤੇ 77.13 ਫ਼ੀਸਦੀ ਪੇਂਡੂ ਲੋਕ ਖੁੱਲ੍ਹੇ ਵਿੱਚ ਜੰਗਲ-ਪਾਣੀ ਜਾਂਦੇ ਹਨ। ਇਸੇ ਤਰ੍ਹਾਂ ਮੱਧ ਪ੍ਰਦੇਸ਼, ਝਾਰਖੰਡ ਤੇ ਰਾਜਸਥਾਨ ਵਿੱਚ ਵੀ ਸੈਨੀਟੇਸ਼ਨ ਸਹੂਲਤਾਂ ਮੰਦੇ ਹਾਲੀਂ ਹਨ। ਇਨ੍ਹਾਂ ਸੂਬਿਆਂ ਵਿੱਚ ਵੀ 30-47 ਫ਼ੀਸਦੀ ਰਕਮ ਹੀ ਪਖਾਨੇ ਬਣਾਉਣ ਲਈ ਵਰਤੀ ਗਈ ਹੈ। ਬਿਹਤਰ ਕਾਰਗੁਜ਼ਾਰੀ ਵਾਲੇ ਅਰੁਣਾਚਲ ਪ੍ਰਦੇਸ਼ (72 ਫ਼ੀਸਦੀ), ਮਹਾਂਰਾਸ਼ਟਰ (70 ਫ਼ੀਸਦੀ) ਤੇ ਜੰਮੂ-ਕਸ਼ਮੀਰ (64 ਫ਼ੀਸਦੀ) ਨੇ ਵੀ ਹਾਲੇ ਇਸ ਮੰਤਵ ਲਈ ਆਈ ਰਾਸ਼ੀ ਪੂਰੀ ਨਹੀਂ ਵਰਤੀ।

ਇਸ ਦਾ ਕਾਰਨ ਹਕੂਮਤਾਂ ਵਿੱਚ ਸੁਹਿਰਦਤਾ ਦੀ ਘਾਟ, ਨੌਕਰਸ਼ਾਹੀ ਦੀ ਢਿੱਲੀ-ਮੱਠੀ ਪਹੁੰਚ ਤੇ ਮੀਡੀਆ ਵੱਲੋਂ ਵਾਰ-ਵਾਰ ਇਹ ਮਸਲੇ ਉਭਾਰ ਕੇ ਆਪਣੀ ਜ਼ਿੰਮੇਵਾਰੀ ਨਾ ਨਿਭਾਉਣਾ ਹੈ। ਪੰਚਾਇਤਾਂ, ਪਿੰਡਾਂ ਵਿੱਚ ਆਸਾਨੀ ਨਾਲ ਮਨਰੇਗਾ ਅਧੀਨ ਇਹ ਕਾਰਜ ਕਰਵਾ ਸਕਦੀਆਂ ਹਨ ਪਰ ਉਹ ਧੜੇਬੰਦੀ ਦੀਆਂ ਸ਼ਿਕਾਰ ਹਨ ਤੇ ਸਿਆਸੀ ਆਕਾਵਾਂ ਅਨੁਸਾਰ ਹੀ ਕੰਮ ਕਰਦੀਆਂ ਹਨ। ਦੇਸ਼ ਦੇ ਛੇ ਲੱਖ ਪਿੰਡਾਂ ਵਿੱਚੋਂ ਸਿਰਫ਼ 25000 ਹੀ ਇਸ ਵੇਲੇ ਮੁਕੰਮਲ ਤੌਰ 'ਤੇ ਸਾਰੀ ਆਬਾਦੀ ਨੂੰ ਪਖਾਨੇ ਮੁਹੱਈਆ ਕਰਾਉਣ ਵਾਲੇ ਬਣੇ ਹਨ।

ਦੇਵੀ-ਦੇਵਤਿਆਂ, ਪੀਰਾਂ-ਫ਼ਕੀਰਾਂ ਦੀ ਧਰਤੀ 'ਤੇ ਅੱਧੀ ਆਬਾਦੀ ਨੂੰ ਇੰਜ ਅਣਗੌਲੇ ਕਰਨਾ ਨਿਆਂਪੂਰਵਕ ਨਹੀਂ ਹੈ। ਇਹ ਮਸਲਾ ਸਿਰਫ਼ ਔਰਤਾਂ ਦਾ ਨਹੀਂ ਹੈ। ਇਹ ਸਵੱਛਤਾ, ਧਾਰਮਿਕਤਾ ਤੇ ਅਧਿਆਤਮ ਦਾ ਮਸਲਾ ਵੀ ਹੈ। ਇਹ ਮਨੁੱਖ ਹੋਣ ਦੀ ਸੰਵੇਦਨਾ ਨਾਲ ਜੁੜਿਆ ਮਸਲਾ ਹੈ। ਇਸ ਦੇ ਹੱਲ ਹੋਣ ਨਾਲ ਵਾਤਾਵਰਨ, ਬੀਮਾਰੀਆਂ ਅਤੇ ਸਿਹਤ ਸਬੰਧੀ ਹੋਰ ਬੜੇ ਮਸਲੇ ਹੱਲ ਹੋ ਜਾਣਗੇ।

# ਭਾਰਤੀ ਅਰਥ ਵਿਵਸਥਾ ਨੂੰ ਕਾਲੇ ਧਨ ਦਾ ਗ੍ਰਹਿਣ

ਡਾ. ਸੁਰਜੀਤ ਬਰਾੜ

**16ਵੀਆਂ ਲੋਕ ਸਭਾ ਚੋਣਾਂ ਵਿੱਚ ਕਾਲੇ ਧਨ ਦੀ ਰੱਜ ਕੇ ਵਰਤੋਂ ਹੋਈ ਹੈ। ਅੰਦਾਜ਼ਾ ਹੈ ਕਿ ਇਨ੍ਹਾਂ ਚੋਣਾਂ ਵਿੱਚ 30 ਹਜ਼ਾਰ ਕਰੋੜ ਕਾਲਾ ਧਨ ਵਰਤਿਆ ਗਿਆ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਰੰਗ-ਬਰੰਗੀਆਂ ਪਾਰਟੀਆਂ ਦੇ ਨੇਤਾਵਾਂ ਕੋਲ ਅਵੈਧ ਢੰਗਾਂ ਨਾਲ ਕਮਾਇਆ, ਇਕੱਤਰ ਕੀਤਾ ਕਾਲਾ ਧਨ ਕਾਫ਼ੀ ਜ਼ਿਆਦਾ ਸੀ ਜਿਸ ਨੂੰ ਆਮ ਚੋਣਾਂ ਵਿੱਚ ਖ਼ਰਚਿਆ ਗਿਆ ਹੈ।**




ਇਸ ਸਮੇਂ ਦੇਸ਼ ਕਾਫ਼ੀ ਵੱਡ ਆਕਾਰੀ ਸਮੱਸਿਆਵਾਂ ਅਤੇ ਮਸਲਿਆਂ ਵਿੱਚ ਬੁਰੀ ਤਰ੍ਹਾਂ ਗ੍ਰਸਤ ਹੈ। ਇਨ੍ਹਾਂ ਵਿੱਚੋਂ ਇੱਕ ਸਮੱਸਿਆ ਕਾਲੇ ਧਨ ਦੀ ਵੀ ਹੈ। ਕਾਲੇ ਧਨ ਦੀ ਅਰਥ ਵਿਵਸਥਾ ਦੇਸ਼ ਦੀ ਅਰਥ ਵਿਵਸਥਾ ਦੇ ਸਮਾਨਾਂਤਰ ਚੱਲ ਰਹੀ ਹੈ। ਹਾਲ ਹੀ ਵਿੱਚ ਸਵਿਟਜ਼ਰਲੈਂਡ ਦੀ ਨੈਸ਼ਨਲ ਬੈਂਕ ਵੱਲੋਂ ਕੀਤੇ ਗਏ ਖ਼ੁਲਾਸੇ ਅਨੁਸਾਰ ਸਵਿਸ ਬੈਂਕਾਂ ਵਿੱਚ ਭਾਰਤੀ ਧਨ ਕੁਬੇਰਾਂ ਦਾ 14000 ਕਰੋੜ ਰੁਪਇਆ ਜਮ੍ਹਾਂ ਹੈ। ਪਿਛਲੇ ਦਸ ਸਾਲਾਂ ਵਿੱਚ ਦਸ ਵੱਡੇ ਘਪਲੇ-ਘੁਟਾਲੇ ਵਾਪਰੇ ਹਨ। ਭ੍ਰਿਸ਼ਟਾਚਾਰ ਨੇ ਕਾਲੇ ਧਨ ਦੇ ਅੰਬਾਰ ਖੜ੍ਹੇ ਕਰ ਦਿੱਤੇ ਹਨ। ਭ੍ਰਿਸ਼ਟਾਚਾਰ ਦੇਸ਼ ਦੀ ਨਸ-ਨਸ ਵਿੱਚ ਫੈਲਿਆ ਹੋਇਆ ਹੈ। ਭ੍ਰਿਸ਼ਟਾਚਾਰ ਕਦੇ ਵੀ ਹੇਠਾਂ ਤੋਂ ਉੱਪਰ ਵੱਲ ਨਹੀਂ ਜਾਂਦਾ ਸਗੋਂ ਇਹ ਉੱਪਰੋਂ ਹੇਠਾਂ ਨੂੰ ਹੀ ਆਉਂਦਾ ਹੈ। ਹਰ ਯੋਜਨਾ, ਸਕੀਮ ਅਤੇ ਪ੍ਰੋਗਰਾਮ ਵਿੱਚ ਭ੍ਰਿਸ਼ਾਟਾਚਾਰ ਇੱਕ ਆਮ ਵਰਤਾਰਾ ਹੈ। ਵਿਕਾਸ ਲਈ ਨਿਕਲਦੇ ਹਰ ਰੁਪਏ ਵਿੱਚੋਂ 85 ਪੈਸੇ ਭ੍ਰਿਸ਼ਟਾਚਾਰ ਦੀ ਬਲੀ ਚੜ੍ਹ ਜਾਂਦੇ ਹਨ। ਭ੍ਰਿਸ਼ਟਾਚਾਰ ਹਰ ਮਹਿਕਮੇ, ਹਰ ਦਫ਼ਤਰ ਵਿੱਚ ਜੜ੍ਹਾਂ ਫੈਲਾਈ ਬੈਠਾ ਹੈ। ਮੰਤਰੀ, ਅਫ਼ਸਰ ਤੇ ਸੰਤਰੀ, ਭ੍ਰਿਸ਼ਟਾਚਾਰ ਦੀ ਇੱਕੋ ਕੜੀ ਵਿੱਚ ਆਉਂਦੇ ਹਨ। ਜਦੋਂ ਸਾਡੇ ਦੇਸ਼ ਦੇ ਭ੍ਰਿਸ਼ਟਾਚਾਰ ਬਾਰੇ ਸੰਸਾਰ ਵਿੱਚ ਚਰਚਾ ਹੁੰਦੀ ਹੈ ਤਾਂ ਗ਼ੈਰਤਮੰਦ ਲੋਕਾਂ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਭਾਰਤ ਸਭ ਤੋਂ ਵੱਡੇ ਭ੍ਰਿਸ਼ਟ ਮੁਲਕਾਂ ਵਿੱਚ ਸ਼ੁਮਾਰ ਹੈ।

ਭ੍ਰਿਸ਼ਟਾਚਾਰ ਦੀਆਂ ਜਨਮਦਾਤੀਆਂ ਸਿਆਸੀ ਪਾਰਟੀਆਂ ਹੀ ਹਨ। ਇਨ੍ਹਾਂ ਪਾਰਟੀਆਂ ਨੂੰ ਬਹੁਕੌਮੀ ਕੰਪਨੀਆਂ ਅਤੇ ਵਪਾਰਕ ਅਦਾਰਿਆਂ ਕੋਲੋਂ ਚੰਦਿਆਂ ਦੇ ਰੂਪ ਵਿੱਚ ਖੁੱਲ੍ਹੇ ਗੱਫ਼ੇ ਮਿਲਦੇ ਰਹਿੰਦੇ ਹਨ। ਚੰਦੇ ਵੀ ਭ੍ਰਿਸ਼ਟਾਚਾਰ ਦਾ ਹੀ ਰੂਪ ਹੁੰਦੇ ਹਨ। ਚੰਦੇ ਦੇਣ ਵਾਲੇ ਬਾਅਦ ਵਿੱਚ ਮਨਮਰਜ਼ੀ ਕਰਦੇ ਹਨ। ਉਹ ਅੰਨ੍ਹੇ ਮੁਨਾਫ਼ੇ ਅਤੇ ਛੋਟਾਂ-ਰਿਆਇਤਾਂ ਹੀ ਪ੍ਰਾਪਤ ਨਹੀਂ ਕਰਦੇ ਸਗੋਂ ਕਮਾਈ ਗਈ ਵੱਡੀ ਧਨ ਰਾਸ਼ੀ ਕਾਲੇ ਧਨ ਵਿੱਚ ਵੀ ਵਟਾ ਲੈਂਦੇ ਹਨ। ਸਾਡੀਆਂ ਸਭ ਰੰਗ-ਬਰੰਗੀਆਂ ਸਰਕਾਰਾਂ ਉਨ੍ਹਾਂ ਦੇ ਕਬਜ਼ੇ ਵਿੱਚ ਹਨ। 7 ਮਈ, 2014 ਨੂੰ ਇੱਕ ਖ਼ਬਰ ਆਈ ਸੀ ਕਿ 100 ਤੋਂ ਵੱਧ ਉਹ ਕੰਪਨੀਆਂ ਜਾਂਚ ਦੇ ਘੇਰੇ ਵਿੱਚ ਹਨ ਜਿਨ੍ਹਾਂ ਨੇ ਸਵਿਸ ਬੈਂਕਾਂ ਵਿੱਚ ਕਾਲਾ ਧਨ ਛੁਪਾਇਆ ਹੋਇਆ ਹੈ। ਦਸ ਤੋਂ 15 ਸੂਚੀਬੱਧ ਵੱਡੀਆਂ ਕੰਪਨੀਆਂ ਬਾਰੇ ਤਾਂ ਤੱਥ ਵੀ ਪ੍ਰਕਾਸ਼ਿਤ ਹੋ ਚੁੱਕੇ ਹਨ। ਪਿਛਲੇ ਦਸ ਸਾਲਾਂ ਵਿੱਚ ਅਰਬਪਤੀਆਂ ਦੀ ਗਿਣਤੀ ਵਿੱਚ ਦਸ ਫ਼ੀਸਦੀ ਵਾਧਾ ਹੋ ਚੁੱਕਾ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਕੁਝ ਕੁ ਪੂੰਜੀਪਤੀਆਂ ਦੀ ਪੂੰਜੀ ਜੋ 2003 ਵਿੱਚ 1.8 ਫ਼ੀਸਦੀ ਸੀ, ਉਹ 2008 ਵਿੱਚ 26 ਫ਼ੀਸਦੀ ਤਕ ਵਧ ਗਈ। ਭਾਰਤ ਵਿੱਚ ਅਰਬਪਤੀਆਂ ਦੀ ਗਿਣਤੀ 103 ਹੋਣ ਕਾਰਨ ਭਾਰਤ ਦਾ ਸੰਸਾਰ ਵਿੱਚ ਛੇਵਾਂ ਸਥਾਨ ਹੈ। ਇਨ੍ਹਾਂ ਵਿੱਚੋਂ 65 ਅਰਬਪਤੀ ਅਜਿਹੇ ਹਨ ਜਿਨ੍ਹਾਂ ਕੋਲ 21 ਅਰਬ ਡਾਲਰ ਦੀ ਸੰਪਤੀ ਹੈ। ਇਹ ਸਾਰੇ ਸਨਅਤੀ ਘਰਾਣੇ ਹਰ ਜਾਇਜ਼-ਨਾਜਾਇਜ਼ ਢੰਗ ਨਾਲ ਪੂੰਜੀ ਅਤੇ ਸੰਪਤੀ ਇਕੱਤਰ ਕਰਨ ਵਿੱਚ ਦਿਨ ਰਾਤ ਜੁਟੇ ਹੋਏ ਹਨ। ਇਨ੍ਹਾਂ ਭ੍ਰਿਸ਼ਟ ਅਤੇ ਅਮੀਰ ਘਰਾਣਿਆਂ ਨੂੰ ਨਿਰੰਤਰ ਛੋਟਾਂ ਅਤੇ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਘਰਾਣਿਆਂ ਨੂੰ ਹੁਣ ਤਕ 33 ਲੱਖ, 80 ਹਜ਼ਾਰ,784 ਕਰੋੜ ਦੀਆਂ ਛੋਟਾਂ ਦਿੱਤੀਆਂ ਗਈਆਂ ਹਨ। ਸਾਲ 2011-13 ਦੇ ਤਿੰਨ ਸਾਲਾਂ ਵਿੱਚ ਇਨ੍ਹਾਂ ਨੂੰ 15 ਲੱਖ ਕਰੋੜ ਦੀਆਂ ਛੋਟਾਂ ਦਿੱਤੀਆਂ ਜਾ ਚੁੱਕੀਆਂ ਹਨ। ਪਿਛਲੇ ਦਿਨੀਂ ਕੌਮਾਂਤਰੀ ਮੁਦਰਾਕੋਸ਼ ਦੇ ਨਿਰਦੇਸ਼ਕ ਕ੍ਰਿਸਟਿਨ ਲਗਾਰਦ ਨੇ ਭਾਰਤ ਵਿੱਚ ਅਮੀਰੀ-ਗ਼ਰੀਬੀ ਵਿੱਚ ਵਧ ਰਹੇ ਪਾੜੇ ਨੂੰ ਚਿੰਤਾਜਨਕ ਦੱਸਿਆ ਸੀ। ਇਹ ਪਾੜਾ ਅਜੇ ਹੋਰ ਵਧੇਗਾ। ਅਮਰੀਕਾ ਦੀ ਫਰੈਂਕ ਕੰਪਨੀ ਨੇ ਦਾਅਵਾ ਕੀਤਾ ਹੈ ਕਿ ਭਾਰਤ ਵਿੱਚ 2023 ਤਕ ਅਰਬਪਤੀ ਦੁੱਗਣੇ ਹੋ ਜਾਣਗੇ।

ਅਕਤੂਬਰ 2013 ਵਿੱਚ ਸਵਿਟਜ਼ਰਲੈਂਡ ਨੇ ਖ਼ੁਦ ਮੰਨਿਆ ਸੀ ਕਿ ਉਸ ਦੇ ਬੈਂਕਾਂ ਵਿੱਚ 58 ਮੁਲਕਾਂ ਦੇ ਅਮੀਰਾਂ ਦਾ ਕਾਲਾ ਧਨ ਪਿਆ ਹੈ। ਅਖ਼ੀਰ ਚੋਰਾਂ ਦੇ ਇਸ ਸਵਰਗ ਦੇਸ਼ ਨੂੰ ਜੀ-20 ਮੁਲਕਾਂ ਅੱਗੇ ਝੁਕਣਾ ਪਿਆ। ਹੁਣ ਉਹ ਕਾਲੇ ਧਨ ਦੇ ਵੇਰਵੇ ਨਸ਼ਰ ਕਰਨ ਲਈ ਸਹਿਮਤ ਹੋ ਗਿਆ ਹੈ। ਅੰਦਾਜ਼ਾ ਹੈ ਕਿ ਸਿਆਸੀ ਨੇਤਾਵਾਂ, ਸਨਅਤਕਾਰਾਂ, ਅਫ਼ਸਰਾਂ ਅਤੇ ਹੋਰ ਟੈਕਸ ਚੋਰਾਂ ਦਾ 1.50 ਖਰਬ ਡਾਲਰ ਸਵਿਸ ਬੈਂਕਾਂ ਵਿੱਚ ਜਮ੍ਹਾਂ ਪਿਆ ਹੈ। ਸੰਨ 1948 ਤੋਂ ਲੈ ਕੇ 2008 ਤਕ ਭਾਰਤੀ ਲੋਕਾਂ ਦੇ ਸਵਿਸ ਬੈਂਕਾਂ ਵਿੱਚ 28 ਲੱਖ ਕਰੋੜ ਛੁਪਾਏ ਹੋਏ ਹਨ। ਇੱਕ ਹੋਰ ਅੰਦਾਜ਼ੇ ਅਨੁਸਾਰ ਦੇਸ਼ ਦੀ ਲਗਪਗ 70 ਲੱਖ ਕਰੋੜ ਰੁਪਏ ਦੀ ਧਨ ਰਾਸ਼ੀ ਵਿਦੇਸ਼ੀ ਬੈਂਕਾਂ ਵਿੱਚ ਜਮ੍ਹਾਂ ਪਈ ਹੈ। ਜਦੋਂ ਤੋਂ ਭਾਰਤ ਵਿੱਚ ਇਸ ਪੂੰਜੀ ਨੂੰ ਵਾਪਸ ਦੇਸ਼ ਲਿਆਉਣ ਦਾ ਰੌਲਾ ਪਿਆ ਹੈ ਉਦੋਂ ਤੋਂ ਹੀ ਇਹ ਲੋਕ ਆਪਣੀ ਪੂੰਜੀ ਨੂੰ ਕਢਵਾ ਕੇ ਹੋਰ ਪਾਸੇ ਖ਼ੁਰਦ-ਬੁਰਦ ਕਰਨ ਵਿੱਚ ਲੱਗੇ ਹੋਏ ਹਨ। 2011 ਵਿੱਚ ਇਹ ਪੂੰਜੀ 14000 ਕਰੋੜ ਰਹਿ ਗਈ ਅਤੇ 2012 ਵਿੱਚ ਘਟ ਕੇ 9000 ਕਰੋੜ ਤਕ ਰਹਿ ਗਈ ਹੈ। ਆਉਂਦੇ ਸਾਲਾਂ ਵਿੱਚ ਇਹ ਬਿਲਕੁਲ ਹੀ ਖ਼ਤਮ ਹੋ ਜਾਏਗੀ। ਸਾਲ 2011 ਦੌਰਾਨ 4 ਲੱਖ ਕਰੋੜ ਕਾਲੀ ਪੂੰਜੀ ਬਾਹਰ ਪਲਾਇਨ ਕਰ ਗਈ ਸੀ। ਇਹ ਵਾਧਾ ਇੱਕ ਸਾਲ (2010) ਵਿੱਚ ਬਾਹਰ ਗਏ ਧਨ ਵਿੱਚ 24 ਫ਼ੀਸਦੀ ਦਾ ਵਾਧਾ ਦਿਖਾਉਂਦਾ ਹੈ। ਕਾਲੇ ਧਨ ਦੇ ਰੂਪ ਵਿੱਚ ਬਾਹਰ ਗਈ ਇਹ ਪੂੰਜੀ 2011 ਦੇ ਬਜਟ ਖ਼ਰਚੇ ਦਾ ਇੱਕ-ਤਿਹਾਈ ਹਿੱਸਾ ਬਣਦਾ ਹੈ। 2002 ਤੋਂ 2011 ਵਿਚਕਾਰ ਭਾਰਤ ਵਿੱਚੋਂ 15 ਲੱਖ 70 ਹਜ਼ਾਰ ਕਰੋੜ ਕਾਲਾ ਧਨ ਵਿਦੇਸ਼ਾਂ ਵਿੱਚ ਹਿਜਰਤ ਕਰ ਗਿਆ ਸੀ। ਭਾਰਤ ਵਿੱਚ ਕਾਲਾ ਧਨ ਅਰਥ ਵਿਵਸਥਾ ਦੇ 50 ਫ਼ੀਸਦੀ ਤਕ ਵਧ ਚੁੱਕਾ ਹੈ। ਭਾਰਤੀ ਬਾਜ਼ਾਰ ਵਿੱਚ ਵਿਦੇਸ਼ਾਂ ਤੋਂ ਬਿਨਾਂ 100 ਲੱਖ ਕਰੋੜ ਦਾ ਕਾਲਾ ਧਨ ਜਾਂ ਤਾਂ ਦੱਬਿਆ ਪਿਆ ਹੈ ਜਾਂ ਇੱਧਰ-ਉੱਧਰ ਤੁਰਿਆ ਫਿਰਦਾ ਹੈ। ਇਸ ਧਨ ਦਾ ਕੋਈ ਲੇਖਾ-ਜੋਖਾ ਨਹੀਂ ਹੈ।

16ਵੀਆਂ ਲੋਕ ਸਭਾ ਚੋਣਾਂ ਵਿੱਚ ਕਾਲੇ ਧਨ ਦੀ ਰੱਜ ਕੇ ਵਰਤੋਂ ਹੋਈ ਹੈ। ਅੰਦਾਜ਼ਾ ਹੈ ਕਿ ਇਨ੍ਹਾਂ ਚੋਣਾਂ ਵਿੱਚ 30 ਹਜ਼ਾਰ ਕਰੋੜ ਕਾਲਾ ਧਨ ਵਰਤਿਆ ਗਿਆ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਰੰਗ-ਬਰੰਗੀਆਂ ਪਾਰਟੀਆਂ ਦੇ ਨੇਤਾਵਾਂ ਕੋਲ ਅਵੈਧ ਢੰਗਾਂ ਨਾਲ ਕਮਾਇਆ, ਇਕੱਤਰ ਕੀਤਾ ਕਾਲਾ ਧਨ ਕਾਫ਼ੀ ਜ਼ਿਆਦਾ ਸੀ ਜਿਸ ਨੂੰ ਆਮ ਚੋਣਾਂ ਵਿੱਚ ਖ਼ਰਚਿਆ ਗਿਆ ਹੈ। ਵੱਖ-ਵੱਖ ਰਾਜਨੀਤਕ ਪਾਰਟੀਆਂ ਨੂੰ ਚੰਦਿਆਂ, ਫੰਡਾਂ, ਦਾਨਾਂ, ਗੁਪਤ ਦਾਨਾਂ ਦੇ ਰੂਪ ਵਿੱਚ ਵੀ ਵੱਡੀ ਧਨ ਰਾਸ਼ੀ ਮਿਲਦੀ ਰਹੀ ਹੈ। ਸਾਲ 2004-05 ਤੋਂ 2011-12 ਤਕ ਵੱਖ-ਵੱਖ ਰਾਜਨੀਤਕ ਪਾਰਟੀਆਂ ਨੂੰ 4895 ਕਰੋੜ ਰੁਪਏ ਫੰਡਾਂ ਅਤੇ ਦਾਨਾਂ ਦੇ ਰੂਪ ਵਿੱਚ ਮਿਲੇ ਹਨ। ਕਾਂਗਰਸ ਨੂੰ 1951 ਕਰੋੜ, ਭਾਜਪਾ ਨੂੰ 952 ਕਰੋੜ, ਬਸਪਾ ਨੂੰ 307 ਕਰੋੜ ਰੁਪਏ ਦੀ ਆਮਦਨ ਹੋਈ ਹੈ। ਜੋ ਸਨਅਤੀ ਘਰਾਣੇ ਫੰਡ, ਚੰਦੇ ਜਾਂ ਦਾਨ ਦਿੰਦੇ ਹਨ ਉਹ ਸਰਕਾਰ ਤੋਂ ਵੱਡੀਆਂ ਰਿਆਇਤਾਂ, ਛੋਟਾਂ ਅਤੇ ਸਹੂਲਤਾਂ ਪ੍ਰਾਪਤ ਕਰਦੇ ਹਨ। ਗੁਜਰਾਤ ਵਿੱਚ ਅਡਾਨੀ ਨੂੰ ਇੱਕ ਰੁਪਏ ਪ੍ਰਤੀ ਮੀਟਰ 25 ਹਜ਼ਾਰ ਮੀਟਰ ਖੇਤੀ ਯੋਗ ਜ਼ਮੀਨ ਦੇ ਕੇ ਕਿਸਾਨਾਂ ਨਾਲ ਅਨਿਆਂ ਕੀਤਾ ਗਿਆ ਹੈ। ਫਿਰ ਉਹੀ ਜ਼ਮੀਨ ਅਡਾਨੀ ਨੇ 800 ਰੁਪਏ ਪ੍ਰਤੀ ਮੀਟਰ ਨਾਲ ਵੇਚ ਕੇ ਅੰਨ੍ਹਾ ਮੁਨਾਫ਼ਾ ਕਮਾਇਆ ਹੈ। ਦਿਨਾਂ ਵਿੱਚ ਹੀ ਅਡਾਨੀ ਦਾ ਕਾਰੋਬਾਰ ਤਿੰਨ ਹਜ਼ਾਰ ਕਰੋੜ ਤੋਂ 40 ਹਜ਼ਾਰ ਕਰੋੜ ਤਕ ਪੁੱਜ ਗਿਆ। ਅਡਾਨੀ ਕੋਲ 40 ਹਜ਼ਾਰ ਕਰੋੜ ਦੀ ਜਾਇਜ਼ ਧਨ ਰਾਸ਼ੀ ਅਤੇ ਸੰਪਤੀ ਹੈ ਪਰ ਕਾਲੇ ਧਨ ਦੇ ਰੂਪ ਵਿੱਚ ਵੀ ਇਸ ਤੋਂ ਘੱਟ ਨਹੀਂ ਹੋਏਗਾ। ਜਮਹੂਰੀ ਅਧਿਕਾਰਾਂ ਦੀ ਇੱਕ ਸਭਾ ਨੇ ਹਾਈ ਕੋਰਟ ਵਿੱਚ ਕੇਸ ਕੀਤਾ ਸੀ ਜਿਸ ਦੀ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਭਾਜਪਾ ਅਤੇ ਕਾਂਗਰਸ ਪਾਰਟੀਆਂ ਨੂੰ ਕਾਫ਼ੀ ਹਲੂਣਿਆ ਸੀ। ਜਮਹੂਰੀ ਸੁਧਾਰਾਂ ਦੀ ਸਭਾ ਨੇ ਦੱਸਿਆ ਸੀ ਕਿ ਵੇਦਾਂਤਾ ਗਰੁੱਪ ਨੇ ਸਿਆਸੀ ਪਾਰਟੀਆਂ ਨੂੰ 21 ਲੱਖ ਡਾਲਰ ਦਾ ਚੰਦਾ ਦਿੱਤਾ ਸੀ। ਇੰਨੇ ਰੁਪਏ ਚੰਦੇ, ਦਾਨ ਦੇ ਕੇ ਕੋਈ ਬੰਦਾ ਅੰਨ੍ਹੀ ਕਮਾਈ ਕਿਵੇਂ ਨਹੀਂ ਕਰੇਗਾ। ਉਹ ਉਸ ਕਮਾਈ ਧਨ ਰਾਸ਼ੀ ਨੂੰ ਕਾਗਜ਼ਾਂ ਵਿੱਚ ਸਹੀ ਵੀ ਨਹੀਂ ਦਿਖਾਏਗਾ। ਇਸ ਧਨ ਰਾਸ਼ੀ ਦਾ ਵੱਡਾ ਹਿੱਸਾ ਗੋਲ-ਮੋਲ ਹੋਵੇਗਾ।

ਦੇਸ਼ ਇਸ ਸਮੇਂ ਕਰਜ਼ੇ ਦੀ ਭਾਰੀ ਪੰਡ ਹੇਠ ਸਹਿਕ ਰਿਹਾ ਹੈ। ਘਰੇਲੂ ਕਰਜ਼ੇ ਦਾ ਕੋਈ ਅੰਤ ਨਹੀਂ ਪਰ ਵਿਦੇਸ਼ੀ ਕਰਜ਼ਾ ਵੀ ਅਥਾਹ ਹੈ। ਦੇਸ਼ ਦੇ ਜ਼ਿੰਮੇ ਇਸ ਸਮੇਂ 25 ਹਜ਼ਾਰ ਅਰਬ ਰੁਪਏ ਕਰਜ਼ਾ ਹੈ। ਦੇਸ਼ ਦੀ ਕੁੱਲ ਆਮਦਨ ਦਾ 87 ਫ਼ੀਸਦੀ ਸਿਰਫ਼ 20 ਫ਼ੀਸਦੀ ਅਮੀਰਾਂ ਕੋਲ ਹੀ ਹੈ। 60 ਫ਼ੀਸਦੀ ਕੋਲ 11.7 ਫ਼ੀਸਦੀ ਅਤੇ ਬਾਕੀ 20 ਫ਼ੀਸਦੀ ਲੋਕਾਂ ਕੋਲ 1.3 ਫ਼ੀਸਦੀ ਹੀ ਹੈ। ਜੇਕਰ ਸਰਕਾਰ ਉੱਪਰਲੇ ਵਰਗ ਦੀ 60 ਫ਼ੀਸਦੀ ਪੂੰਜੀ ਜ਼ਬਤ ਕਰ ਲਵੇ ਜੋ ਕਰਨੀ ਵੀ ਚਾਹੀਦੀ ਹੈ ਤਾਂ ਦੇਸ਼ ਸਿਰੋਂ ਕਰਜ਼ਾ ਲਹਿ ਸਕਦਾ ਹੈ। ਇੰਜ ਹੀ ਜੇਕਰ ਸਰਕਾਰ ਦੇਸ਼ ਅੰਦਰਲੇ ਅਤੇ ਦੇਸ਼ ਤੋਂ ਬਾਹਰ ਛੁਪਾਏ ਗਏ ਕਾਲੇ ਧਨ ਨੂੰ ਜ਼ਬਤ ਕਰਨ ਵਿੱਚ ਸਫ਼ਲ ਹੋ ਜਾਵੇ ਤਾਂ ਦੇਸ਼ ਦਾ ਹਰ ਬੰਦਾ ਦਸ ਸਾਲ ਤਕ ਆਰਾਮ ਦੀ ਰੋਟੀ ਖਾ ਸਕਦਾ ਹੈ, ਆਪਣੇ ਬੱਚਿਆਂ ਨੂੰ ਵਧੀਆ ਤਾਲੀਮ ਦੇ ਸਕਦਾ ਹੈ ਤੇ ਮੁਫ਼ਤ ਬਿਜਲੀ, ਪਾਣੀ ਅਤੇ ਸਿਹਤ ਸਹੂਲਤਾਂ ਪ੍ਰਾਪਤ ਕਰ ਸਕਦਾ ਹੈ। ਪਿਛਲੇ ਵੀਹ ਸਾਲਾਂ ਤੋਂ ਕਾਲੇ ਧਨ (ਜੋ ਵਿਦੇਸ਼ਾਂ ਵਿੱਚ ਜਮ੍ਹਾਂ ਹੈ) ਬਾਰੇ ਚਰਚਾ ਚੱਲ ਰਹੀ ਹੈ ਪਰ ਅੱਜ ਤੱਕ ਸੇਰ ਵਿੱਚੋਂ ਇੱਕ ਪੂਣੀ ਵੀ ਨਹੀਂ ਕੱਤੀ ਗਈ ਹੈ। ਨਵੀਂ ਸਰਕਾਰ ਨੇ ਸਾਬਕਾ ਜੱਜ ਐਮ.ਬੀ. ਸ਼ਾਹ ਦੀ ਪ੍ਰਧਾਨਗੀ ਹੇਠ ਐਸ.ਆਈ.ਟੀ. (ਇੱਕ ਕਮੇਟੀ) ਗਠਿਤ ਕੀਤੀ ਹੈ ਜੋ ਵਿਦੇਸ਼ਾਂ ਵਿੱਚ ਜਮ੍ਹਾਂ ਕਾਲੇ ਧਨ ਦਾ ਪਤਾ ਲਗਾਏਗੀ। ਬਦਕਿਸਮਤੀ ਇਹ ਹੈ ਕਿ ਸਾਡਾ ਦੇਸ਼ ਇਹੋ ਜਿਹੇ ਕਮਿਸ਼ਨ, ਕਮੇਟੀਆਂ ਅੱਜ ਨਹੀਂ ਸਗੋਂ ਪੰਡਤ ਨਹਿਰੂ ਦੇ ਜ਼ਮਾਨੇ ਤੋਂ ਹੀ ਗਠਿਤ ਕਰਦਾ ਰਿਹਾ ਹੈ ਪਰ ਸਿੱਟਾ, ਜ਼ੀਰੋ ਹੈ। ਇਸ ਕਮੇਟੀ ਦਾ ਬਣਨਾ ਮਹਿਜ਼ ਦੇਸ਼ਵਾਸੀਆਂ ਦੀਆਂ ਅੱਖਾਂ ਠਾਰਨਾ ਹੀ ਹੈ। ਅਸਲ ਵਿੱਚ ਚਾਹੀਦਾ ਇਹ ਹੈ ਕਿ ਜਿਨ੍ਹਾਂ ਦੇਸ਼ਾਂ ਵਿੱਚ ਭਾਰਤੀ ਚੋਰਾਂ ਦੀ ਪੂੰਜੀ ਜਮ੍ਹਾਂ ਹੈ, ਉਨ੍ਹਾਂ ਦੇਸ਼ਾਂ 'ਤੇ ਦਬਾਅ ਬਣਾ ਕੇ ਪੂੰਜੀ ਵਾਪਸ ਲਿਆਂਦੀ ਜਾਵੇ ਅਤੇ ਜਿਨ੍ਹਾਂ ਨੇ ਪੂੰਜੀ ਛੁਪਾਈ ਹੈ, ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ। ਸਰਕਾਰ ਥੁੱਕੀਂ ਵੜੇ ਪਕਾਉਣਾ ਛੱਡੇ ਤੇ ਆਪਣੇ ਮੈਨੀਫੈਸਟੋ ਦੇ ਵਾਅਦੇ ਪੂਰੇ ਕਰੇ।

98553-71311



ਸ਼ਰਧਾਂਜਲੀ ਸਮਾਰੋਹ 'ਤੇ ਵਿਸ਼ੇਸ਼

## ਮਜ਼ਦੂਰ ਵਿਹੜਿਆਂ ਦੀ ਮੁਕਤੀ ਲਈ ਧੜਕਦੀ ਆਵਾਜ਼ ਸਨ

# ਕਾਮਰੇਡ ਗੁਰਦਾਸ ਸਿੰਘ ਘਾਰੂ ਜੀ

ਨਰਭਿੰਦਰ

ਮਜ਼ਦੂਰ ਵਿਹੜਿਆਂ ਦੀ ਮੁਕਤੀ ਅਤੇ ਉਨ੍ਹਾਂ ਲਈ ਚੰਗੇਰੀ ਜ਼ਿੰਦਗੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਜਿਹੜੇ ਲੋਕ ਉਮਰ ਭਰ ਸੰਘਰਸ਼ਸ਼ੀਲ ਰਹੇ ਉਨ੍ਹਾਂ 'ਚੋਂ ਇਕ ਸਨ ਗੁਰਦਾਸ ਘਾਰੂ ਜੀ। 93 ਕੁ ਸਾਲ ਦੀ ਉਮਰ ਭੋਗ ਕੇ ਦੁਨੀਆ ਨੂੰ ਅਲਵਿਦਾ ਕਹਿਣ ਵਾਲੇ ਗੁਰਦਾਸ ਨੂੰ ਬਚਪਨ ਤੋਂ ਰਾਜਸੀ ਲਹਿਰਾਂ ਦੀ ਗੁੜਤੀ ਮਿਲੀ ਅਤੇ 1965-66 'ਚ ਉਨ੍ਹਾਂ ਕਮਿਊਨਿਸਟ ਵਿਚਾਰਧਾਰਾ ਦਾ ਲੜ ਫੜਿਆ ਅਤੇ ਫਿਰ ਮਜ਼ਦੂਰਾਂ ਦੀ ਬਿਹਤਰ ਜ਼ਿੰਦਗੀ ਅਤੇ ਮਾਲਕ ਜਮਾਤਾਂ ਦੇ ਵਿਰੁੱਧ ਲੜਾਈ ਦਾ ਡੰਡਾ ਚੁੱਕੀ ਰੱਖਿਆ।

ਗੁਰਦਾਸ ਘਾਰੂ ਜੀ ਪਿੰਡ ਰਾਏਸਰ (ਬਰਨਾਲਾ) 'ਚ ਇਕ ਗਰੀਬ ਖੇਤ ਮਜ਼ਦੂਰ ਪਰਿਵਾਰ 'ਚ ਸ੍ਰੀ ਮੇਹਰ ਸਿੰਘ ਦੇ ਘਰ 14 ਮਈ 1923 ਨੂੰਹੋਇਆ। ਮਾਤਾ ਧੰਨ ਕੌਰ ਇਕ ਮਜ਼ਦੂਰ ਅਤੇ ਮਿਹਨਤੀ ਸੁਭਾਅ ਦੇ ਸਨ। ਪੰਜ ਭਰਾਵਾਂ ਅਤੇ ਤਿੰਨ ਭੈਣਾਂ 'ਚੋਂ ਸਭ ਤੋਂ ਵੱਡੇ ਗੁਰਦਾਸ ਨੂੰ ਮੁਢਲੀ ਵਿਦਿਆ ਤਾਂ ਨਿਰਮਾਣਸਰ ਵਿਦਿਆਯਲੇ ਤੋਂ ਕੀਤੀ ਜਿਸ ਨੂੰ ਸੰਤ ਈਸ਼ਰ ਦਾਸ ਜੀ ਚਲਾਉਂਦੇ ਸਨ। ਇਹ ਨਹੀਂ ਕਿ ਪਿੰਡ ਸਰਕਾਰੀ ਸਕੂਲ ਨਹੀਂ ਸੀ ਸਗੋਂ ਸਵਾਲ ਇਹ ਸੀ ਕਿ ਉਸ ਸਮੇਂ ਵੀ ਕੂਕਿਆਂ ਵਲੋਂ ਸਰਕਾਰੀ ਸਕੂਲਾਂ ਦਾ ਬਾਈਕਾਟ ਕੀਤਾ ਜਾਂਦਾ ਸੀ ਅਤੇ ਵਿਦਿਆ ਹਾਸਲ ਕਰਨ ਲਈ ਮਹਿਜ਼ ਡੇਰੇ ਅਤੇ ਸੰਤਾਂ ਵਲੋਂ ਖੋਲ੍ਹੇ ਵਿਦਿਆਲੇ ਹੀ ਕੰਮ ਆਉਂਦੇ ਸਨ। ਮੁਢਲੀ ਰਾਜਸੀ ਸੂਝ ਦਾ ਸਫ਼ਰ ਇਥੋਂ ਹੀ ਸ਼ੁਰੂ ਹੋਇਆ। ਇਹ ਡੇਰੇ ਅੱਜ ਵਰਗੇ ਡੇਰਿਆਂ ਵਰਗੇ ਨਹੀਂ ਸਨ ਸਗੋਂ ਇਹ ਅੰਗਰੇਜ਼ਾਂ ਵਿਰੁੱਧ ਚਲ ਰਹੀਆਂ ਲਹਿਰਾਂ ਦੇ ਕੇਂਦਰ ਵੀ ਹੁੰਦੇ ਸਨ। ਇਥੇ ਬੱਚਿਆਂ ਨੂੰ ਅੱਖਰੀ ਗਿਆਨ ਦੇ ਨਾਲ ਨਾਲ ਮੁਸ਼ੱਕਤ ਕਰਨ ਦੀ ਰੁਚੀ ਵੀ ਪੈਦਾ ਕਰਦੇ ਸਨ। ਗੁਰਦਾਸ ਜੀ ਦੀ ਮੁਢਲੀ ਪੜ੍ਹਾਈ ਇਹੋ ਅੱਖਰੀ ਅਤੇ ਸਮਾਜਿਕ ਸੂਝ ਦਾ ਗਿਆਨ ਹੀ ਸੀ। ਉਧਰ ਪਿੰਡ ਰਾਏਸਰ ਵੀ ਰਾਜਸੀ ਲਹਿਰਾਂ ਦਾ ਕੇਂਦਰ ਇਸ ਕਰਕੇ ਸੀ ਕਿ ਪਿੰਡ ਦੋ ਸਰਕਾਰਾਂ 'ਚ ਵੰਡਿਆ ਹੋਇਆ ਸੀ। ਇਕ ਅੱਧ ਪਟਿਆਲੇ ਦੇ ਰਾਜੇ ਦੀ ਮਾਲਕੀ ਸੀ ਦੂਸਰੇ ਅੱਧ ਪਿੰਡ ਉਤੇ ਅੰਗਰੇਜ਼ਾਂ ਦਾ ਕਬਜ਼ਾ ਸੀ ਅਤੇ ਦੋਹਾਂ ਸਰਕਾਰਾਂ ਦੇ ਬਾਗੀ ਆਪਣੇ ਬਚਾਅ ਲਈ ਇਧਰ ਉਧਰ ਸ਼ਰਨ ਲੈਂਦੇ ਸਨ। ਸੁਭਾਵਿਕ ਸਿੰਘ ਇਨ੍ਹਾਂ ਰਾਜਸੀ ਗਤੀਵਿਧੀਆਂ ਦਾ ਅਸਰ ਜੁਆਨ ਹੋ ਰਹੀ ਪੀੜ੍ਹੀ 'ਤੇ ਪੈਣਾ ਪਰ 1947 ਦੀ ਵੰਡ ਅਤੇ ਮੁਸਲਮਾਨਾਂ ਉਤੇ ਆਈ ਇਲਾਕੇ 'ਚ ਕਹਿਰ ਦੀ ਹਨੇਰੀ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ ਅਤੇ ਉਨ੍ਹਾਂ ਅੰਦਰਲੇ ਮਾਨਵਤਾਵਾਦ ਨੂੰ ਜਗਾਇਆ। ਪਿੰਡ ਰਾਏਸਰ ਇਕ ਜੰਗਲੀ ਇਲਾਕੇ 'ਚ ਸੀ ਜਿਸ ਕਰਕੇ ਕਮਿਊਨਿਸਟ ਵਿਸ਼ੇਸ਼ ਕਰਕੇ ਲਾਲ ਕਮਿਊਨਿਸਟ ਪਾਰਟੀ ਦੇ ਕਾਰਕੁੰਨ ਅਤੇ ਆਗੂਆਂ ਦਾ ਵੀ ਕੇਂਦਰ ਰਿਹਾ। ਕਾਮਰੇਡ ਤੇਜਾ ਸਿੰਘ ਸੁਤੰਤਰ ਇਸ ਇਲਾਕੇ 'ਚ ਆਮ ਹੀ ਆਪਣੀ ਲਹਿਰ ਰੱਖਦੇ ਸਨ। ਪਿੰਡ ਦੇ ਗੁਰਦਿਆਲ ਸਿੰਘ ਇਸੇ ਪਾਰਟੀ ਨਾਲ ਜੁੜੇ ਸਨ ਜਿਨ੍ਹਾਂ ਰਾਹੀਂ ਮੁਢਲੀ ਹਮਦਰਦੀ ਲਾਲ ਕਮਿਊਨਿਸਟ ਪਾਰਟੀ ਨਾਲ ਹੀ ਜੁੜੀ। ਉਨ੍ਹਾਂ ਆਪਣੀ ਮੁਢਲੀ ਭੂਮਿਕਾ ਪੰਜਾਹਵਿਆਂ 'ਚ ਚਲੀ ਛੂਆ-ਛੂਤ ਵਿਰੁੱਧ ਮੁਹਿਮ 'ਚ ਨਿਭਾਈ।



50ਵਿਆਂ ਦੇ ਦਹਾਕੇ 'ਚ ਰੋਟੀ ਤੇ ਰੋਜ਼ਗਾਰ ਦੀ ਮਜ਼ਬੂਰੀ ਅਤੇ ਪਿੰਡ ਵਿਚਲੇ ਬਦਲਦੇ ਹਾਲਾਤਾਂ ਕਰਕੇ ਪਰਿਵਾਰ ਸਿਰਸਾ ਤਹਿਸੀਲ ਦੇ ਪਿੰਡ ਜਗਮਲੇਰੇ ਆ ਟਿਕਿਆ। ਉਦੋਂ ਪੰਜਾਬ ਅਜੇ ਵੰਡਿਆ ਨਹੀਂ ਸੀ ਅਤੇ ਜ਼ਿਲ੍ਹਾ ਹਿਸਾਰ ਦੀ ਤਹਿਸੀਲ ਸਿਰਸਾ ਹੀ ਹੁੰਦੀ ਸੀ। ਇਥੇ ਆ ਕੇ ਉਹ ਰਾਜਸੀ ਸਰਗਰਮੀਆਂ 'ਚ ਕੁੱਦ ਪਏ ਅਤੇ 1966 'ਚ ਬਕਾਇਦਾ ਪਾਰਟੀ ਦੀ ਮੈਂਬਰਸ਼ਿਪ ਲੈ ਲਈ। ਮਜ਼ਦੂਰ ਫਰੰਟ ਉਤੇ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਨ ਅਤੇ ਚੇਤੰਨ ਕਰਨ ਵਿਚ ਇਸ ਪਰਿਵਾਰ ਦੀ ਸਮੂਹਿਕ ਭੂਮਿਕਾ ਰਹੀ। ਛੋਟਾ ਭਰਾ ਪ੍ਰਕਾਸ਼ ਰਾਏ ਸਰੀ। ਉਸ ਤੋਂ ਛੋਟੇ ਸੰਤ ਰਾਮ ਉਦਾਸੀ ਕਮਿਊਨਿਸਟ ਇਨਕਲਾਬੀ ਦੇ ਤੌਰ 'ਤੇ ਚਰਚਿਤ ਹੋਏ। ਗੁਰਦਾਸ ਜੀ ਦਾ ਘਰ ਉਹਨੀਂ ਦਿਨੀਂ ਰਾਜਸੀ ਕੇਂਦਰ ਸੀ। ਇਲਾਕਾ ਨਾਮਧਾਰੀਆਂ ਦੇ ਪ੍ਰਭਾਵ ਵਾਲਾ ਸੀ। ਸਿਰਸਾ ਖੇਤਰ ਦੀ ਜ਼ਿੰਮੇਵਾਰੀ ਕਾ. ਬਲਦੇਵ ਬਖਸ਼ੀ ਅਤੇ ਟੀਕਾ ਰਾਮ ਸੁਖਨ ਜੀ ਨਿਭਾ ਰਹੇ ਸਨ। 1970 ਦੀਆਂ ਚੋਣਾਂ ਆਈਆਂ। ਕਾਮਰੇਡ ਜਸਵੰਤ ਜੋਸ਼ ਨੂੰ ਐਮ. ਐਲ. ਏ. ਦੀ ਚੋਣ ਲੜਾਈ। ਚੋਣ ਖਰਚਾ 45000 ਅਤੇ ਵੋਟਾਂ 5665। ਇਹ ਸਵਾਲ ਗੁਰਦਾਸ ਜੀ ਦੇ ਦਿਮਾਗ 'ਚ ਖੜ੍ਹਾ ਹੋ ਗਿਆ ਐਨੇ ਮਹਿੰਗੇ ਪ੍ਰਬੰਧ ਅਤੇ ਕਈ ਸਾਲਾਂ ਦੇ ਕੰਮ ਪਿਛੋਂ ਵੀ ਲੋਕਾਂ ਦਾ ਹੁੰਗਾਰਾ ਕਿਉਂ ਨਹੀਂ। ਪਾਰਟੀ ਅੰਦਰ ਰਹਿੰਦਿਆਂ ਪਹਿਲਾ ਸਵਾਲ ਖੜ੍ਹਾ ਹੋਇਆ।

ਦੂਸਰੀ ਘਟਨਾ ਵਾਪਰੀ 21-11-1972 ਦੀ ਜਦੋਂ ਸੋਵੀਅਤ ਕਲਚਰ ਸੁਸਾਇਟੀ ਵਲੋਂ ਜਗਮਲੇਰੇ ਫ਼ਿਲਮ ਦਿਖਾਈ ਜਾਣੀ ਸੀ। ਪਹਿਲਾਂ ਕਾਮਰੇਡ ਟੀਕਾ ਗੁਰ ਸੁਖਨ ਨੇ ਕਾਨਫਰੰਸ ਕਰਨੀ ਸੀ। ਇਹਜਾਣਕਾਰੀ ਸੀ ਕਿ ਇਲਾਕੇ 'ਚ ਸਥਾਪਤ ਧਿਰ ਇਹ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਵਲੋਂ ਪਹਿਲਾਂ ਹੀ ਸੰਕੇਤ ਦਿੱਤੇ ਜਾ ਚੁੱਕੇ ਸਨ। ਇਸ ਮੌਕੇ ਬਿਜਲੀ ਦੇ ਟਰਾਂਸਫਰਮ ਦੀ ਰਾਖੀ ਲਈ ਗੁਰਦਾਸ ਸਿੰਘ ਤੇ ਇਕ ਹੋਰ ਸਾਥੀ ਦੀ ਜ਼ਿੰਮੇਵਾਰੀ ਲਾਈ ਗਈ। ਜੋ ਚਿਤਵਿਆ ਸੀ ਉਹੀ ਹੋਇਆ ਸਥਾਪਤ ਧਿਰ ਵਲੋਂ ਹਮਲਾ ਹੋਇਆ। ਗੁਰਦਾਸ ਜੀ ਬਚ ਤਾਂ ਗਏ ਪਰ ਬਹੁਤ ਜ਼ਿਆਦਾ ਸੱਟਾਂ ਲੱਗੀਆਂ। ਇਸ ਮੌਕੇ ਮਜ਼ਦੂਰ ਸਾਥੀਆਂ ਨੇ ਸੰਭਾਲ ਲਿਆ। ਪਹਿਲਾਂ ਤਾਂ ਮੁਕੱਦਮਾ ਨਾ ਕੀਤਾ ਫੇਰ ਇਤਗਾਸਾ ਕੀਤਾ ਤਾਂ 18 ਮਹੀਨੇ ਪਿਛੋਂ ਕੇਸ ਸ਼ੁਰੂ ਹੋਇਆ ਪਰ ਪਾਰਟੀ ਦੇ ਦਬਾਅ ਹੇਠ ਸਮਝੌਤਾ ਕਰ ਲਿਆ। ਇਸੇ ਦੌਰਾਨ ਗੁਰਦਾਸ ਜੀ ਨੇ ਕਲਮ ਫੜ ਲਈ ਪਹਿਲਾਂ ਕਿਤਾਬਚਾ ਲਿਖਿਆ 'ਰੰਗਰੇਟੇ ਗੁਰੂ ਕੇ ਬੇਟੇ' ਅਤੇ ਫਿਰ ਨਾਵਲ 'ਅਣਖਾਂ ਦੀ ਪਹਿਰੇਦਾਰ'। ਮਜ਼ਦੂਰ ਵਰਗ ਵਿਸ਼ੇਸ਼ ਕਰਕੇ ਮਜ਼੍ਹਬੀ ਸਿੱਖਾਂ ਦੀ ਜ਼ਿੰਦਗੀ ਬਾਰੇ ਲਿਖੀਆਂ ਇਨ੍ਹਾਂ ਲਿਖਤਾਂ ਦੀ ਪਾਰਟੀ 'ਚ ਆਲੋਚਨਾ ਹੋਈ ਅਤੇ ਫਿਰ ਕੁਝ ਸ਼ਰਾਰਤੀ ਅਨਸਰਾਂ ਨੇ ਜ਼ਬਰੀ ਅਸਤੀਫ਼ਾ ਲੈ ਲਿਆ ਪਰ ਸਿਧਾਂਤ ਨਾਲ ਉਹਨਾਂ ਦੀ ਵਫ਼ਾਦਾਰੀ 'ਚ ਆਂਚ ਨਾ ਆਈ।

ਇਸੇ ਦੌਰਾਨ ਸੰਤ ਰਾਮ ਉਦਾਸੀ ਦੀ ਇਨਕਲਾਬੀ ਲਹਿਰ 'ਚ ਚੜ੍ਹਤ ਸੀ। ਗੁਰਦਾਸ ਜੀ ਦੀਆਂ ਲਿਖਤਾਂ ਕਮਿਊਨਿਸਟ ਇਨਕਲਾਬੀ ਖੇਮੇ ਤੱਕ ਪਹੁੰਚੀਆਂ। ਉਨ੍ਹਾਂ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ। ਬਾਰੂ ਸਤ ਵਰਗ ਦੀ ਪ੍ਰੇਰਣਾ ਸਦਕਾ ਉਹ ਕਰਾਂਤੀਕਾਰੀ ਸਾਹਿਤ ਸਭਾ ਵਿਚ ਸ਼ਾਮਲ ਹੋ ਗਏ। 22 ਅਪ੍ਰੈਲ 1981 'ਚ ਬਣੀ ਕ੍ਰਾਂਤੀਕਾਰੀ ਸਾਹਿਤ ਸਭਾ ਦੀ ਦੂਸਰੀ ਕਾਨਫਰੰਸ (1982) 'ਚ ਗੁਰਦਾਸ ਜੀ ਸੂਬਾ ਕਮੇਟੀ ਮੈਂਬਰ ਬਣ ਗਏ। ਇਸ ਦੌਰ 'ਚ ਗੁਰਮੀਤ ਸਿੰਘ ਨਾਥ ਨੇ ਜੋ ਸਾਥ ਗੁਰਦਾਸ ਜੀ ਦਾ ਨਿਭਾਇਆ ਉਹ ਅੰਤਲੇ ਸਮੇਂ ਤੱਕ ਸਜਿੰਦ ਰਿਹਾ।

1984 ਦੇ ਪੀੜਾ ਦਾਇਕ ਮਾਹੌਲ 'ਚ ਉਨ੍ਹਾਂ ਨੇ ਸਰਗਰਮ ਭੂਮਿਕਾ ਨਿਭਾਈ। ਲੋਕਾਂ ਨੂੰ ਫਿਰਕੂ ਵੰਡ ਤੇ ਨਫ਼ਰਤ ਤੋਂ ਚੇਤੰਨ ਕਰਨ ਲਈ ਹਰਿਆਣਾ ਦੇ ਪਿੰਡ 'ਚ ਗੁਰਸ਼ਰਨ ਸਿੰਘ ਦੇ ਨਾਟਕ ਵੀ ਕਰਵਾਏ। ਗੁਰਦਾਸ ਘਾਰੂ ਨੇ ਕਮਿਊਨਿਸਟ ਲਹਿਰ 'ਚ ਉਦੋਂ ਕੰਮ ਕੀਤਾ ਜਦੋਂ 80-80 ਮੀਲ ਸਫ਼ਰ ਸਾਈਕਲਾਂ ਉਤੇ ਤੈਅ ਕੀਤਾ ਜਾਂਦਾ ਸੀ। ਉਨ੍ਹਾਂ ਨੇ ਰੋਟੀ ਰੋਜ਼ੀ ਲਈ ਮਿਹਨਤ ਕੀਤੀ। ਸਾਲ ਲਈ ਛੇ ਬੋਰੀਆਂ ਕਣਕ ਅਤੇ ਇਉਂ ਹੀ ਝੋਨਾ ਆਪਣੀ ਮਿਹਨਤ ਦੀ ਡਿਊਟੀ ਕਰਕੇ ਇਕੱਠਾ ਕਰ ਲੈਣਾ ਅਤੇ ਫਿਰ ਘਰ ਦੇ ਹੋਰ ਲੋੜਾਂ ਲਈ ਪਤਨੀ ਅਤੇ ਆਪ ਦਿਹਾੜੀ ਆਦਿ ਕਰ ਲੈਣੀ। ਉਹ ਪਿੰਡ ਤੇ ਇਲਾਕੇ ਦੀ ਹਰ ਸਮਾਜਿਕ ਗਤੀਸ਼ੀਲਤਾ 'ਚ ਸ਼ਾਮਲ ਹੁੰਦੇ ਸਨ। ਉਨ੍ਹਾਂ ਦੀਆਂ ਸਰਗਰਮੀਆਂ ਪਹਿਲਕਦਮੀਆਂ ਸਿੱਖਣ ਲਾਇਕ ਹਨ। ਹਰ ਘਟਨਾ ਉਤੇ ਪਹਿਲ ਦੇ ਆਧਾਰਤ ਸਰਗਰਮ ਹੋ ਜਾਂਦੇ ਅਤੇ ਇਕ ਰਾਏ ਬਣਾ ਲੈਂਦੇ। ਇਸੇ ਦੌਰਾਨ ਉਨ੍ਹਾਂ ਨੇ ਲਿਖਣ ਕਾਰਜ ਨੂੰ ਅੱਗੇ ਵਧਾਇਆ। ਪਹਿਲੀਆਂ ਜ਼ਿਕਰ ਦੋ ਕਿਤਾਬਾਂ ਤੋਂ ਪਿਛੋਂ ਬਾਗੀ ਦੀ ਪਤਨੀ (ਨਾਵਲ) ਇਕ ਕਾਮਰੇਡ ਬੰਤਾ ਸਿੰਘ ਦੀ ਜੀਵਨੀ ਤੇ ਆਧਾਰਤ ਜਿਨ੍ਹਾਂ ਨੇ ਸਿਰਸਾ ਜ਼ਿਲ੍ਹੇ 'ਚ ਕਮਿਊਨਿਸਟ ਲਹਿਰ ਲਈ ਸਰਗਰਮ ਭੂਮਿਕਾ ਨਿਭਾਈ। 'ਕੂਕਾ ਲਹਿਰ ਦੇ ਇਤਿਹਾਸ' ਉਤੇ ਜਿਸ 'ਚ ਮਜ਼ਦੂਰ ਪਰਿਵਾਰਾਂ ਵਲੋਂ ਪਾਏ ਯੋਗਦਾਨ ਦਾ ਵਿਸ਼ੇਸ਼ ਜ਼ਿਕਰ ਸੀ, ਨਾਵਲ 'ਖੂਨ ਤੋਂ ਬਾਹਦ', ਖਾਲਸਾ ਗੁਰੀਲਾ ਜੰਗ ਚਲਦਾ ਰਿਹਾ। ਰੰਘਰੇਟਿਆਂ ਦਾ ਇਤਿਹਾਸ। ਰਿਆਸਤੀ ਪਰਜਾ ਮੰਡਲ ਦੇ ਆਗੂ ਨਰੈਣ ਸਿੰਘ ਦੇ ਦੁਆਲੇ ਇਸ ਲਹਿਰ ਦਾ ਇਤਿਹਾਸ, ਪੰਗਡੰਡੀਆਂ ਤੋਂ ਜੀਵਨ ਮਾਰਗ ਤੱਕ (ਸਵੈ ਜੀਵਨੀ) ਅਤੇ ਕਾਫ਼ਲੇ ਚਲਦੇ ਰਹੇ। ਇਸ ਤੋਂ ਇਲਾਵਾ ਉਨ੍ਹਾਂ ਦੇ ਦੋ ਤਿੰਨ ਪੁਸਤਕਾਂ ਦੇ ਖਰੜੇ ਅਜੇ ਛਪਣ ਹਿੱਤ ਬਾਕੀ ਹਨ। ਜਿਨ੍ਹਾਂ 'ਚ ਨਕਸਲੀ ਯੋਧਿਆਂ ਦੀਆਂ ਯਾਦਾਂ ਆਦਿ ਹਨ। ਉਨ੍ਹਾਂ ਦੀਆਂ ਲਿਖਤਾਂ ਵਿਆਕਰਨ ਤੇ ਵਾਕ ਬਣਤਰ ਪੱਖੋਂ ਕਮਜ਼ੋਰ ਹੋ ਸਕਦੀਆਂ ਹਨ ਪਰ ਵਿਚਾਰਾਂ ਪੱਖੋਂ ਨਹੀਂ। ਉਹ ਇਤਿਹਾਸ ਦੇ ਹਰ ਵਰਤਾਰੇ ਉਤੇ ਆਪਣਾ ਇਕ ਨਜ਼ਰੀਆ ਰੱਖਦੇ ਹਨ। ਵਿਸ਼ੇਸ਼ ਕਰ ਦਲਿਤ, ਅਣਗੌਲੇ ਕੀਤੇ ਜਾਣ ਦਾ ਉਨ੍ਹਾਂ ਦੀਆਂ ਲਿਖਤਾਂ ਤੇ ਰਚਨਾਵਾਂ 'ਚ ਜਿਨ੍ਹਾਂ ਜਾਣਕਾਰੀ ਤੱਥ ਅਤੇ ਸਮਾਜੀ ਯਥਾਰਥਕ ਹਕੀਕਤ ਮਿਲਦੀ ਹੈ ਉਹ ਉਨ੍ਹਾਂ ਦੀ ਯਾਦਦਾਸ਼ਤ ਦਾ ਕਮਾਲ ਹੈ। ਕੂਕਾ ਲਹਿਰ ਪਰਜਾ ਮੰਡਲ ਅਤੇ ਰੰਗਰੇਟਿਆਂ ਦੇ ਇਤਿਹਾਸ ਵਾਲੀਆਂ ਲਿਖਤਾਂ ਕਈ ਸਵਾਲ ਖੜ੍ਹੇ ਕਰਦੀਆਂ ਹਨ। ਉਨ੍ਹਾਂ ਨੇ ਸਮਾਜਿਕ ਤੌਰ 'ਤੇ ਅਣਗੌਲੇ ਪਰ ਰਾਜਸੀ ਭੂਮਿਕਾ 'ਚ ਬਰਾਬਰ ਦੀ ਹਿੱਸੇਦਾਰੀ ਪਾਉਣ ਵਾਲੇ ਵਰਗ ਮਜ਼੍ਹਬੀ ਸਿੱਖ ਰਾਮਦਾਸੀਏ ਜਾਂ ਦਲਿਤ ਵਰਗ ਨੂੰ ਆਪਣੀਆਂ ਲਿਖਤਾਂ ਦਾ ਹਿੱਸਾ ਬਣਾਇਆ ਹੈ। ਕਿਉਂਕਿ ਉਹ ਖੁਦ ਇਸ ਵਰਗ 'ਚੋਂ ਸਨਅਤ ਇਸ ਜਮਾਤ ਦੀ ਪੀੜਾ ਨੂੰ ਬਹੁਤ ਨੇੜਿਓਂ ਤੱਕਿਆ ਹੈ ਤੇ ਹੰਢੀਂ ਹੰਢਾਇਆ ਹੈ ਜਿਸ ਕਰਕੇ ਇਸ ਵਰਗ ਦੀ ਮੁਕਤੀ ਲਈ ਸਭ ਤੋਂ ਵੱਧ ਚਿੰਤਾ ਤੁਰ ਹਨ। ਉਨ੍ਹਾਂ ਲਈ ਇਸ ਵਰਗ ਦੇ ਬੱਚਿਆਂ ਦਾ ਵਿਦਿਆ ਤੋਂ ਦੂਰ ਹੁੰਦੇ ਜਾਣਾ ਵੀ ਚਿੰਤਾ ਸੀ। ਗੁਰਦਾਸ ਜੀ ਦੇ ਸਮਾਜਿਕ ਜੀਵਨ ਦਾ ਇਕ ਹੋਰ ਪੱਖ ਕਿ ਉਨ੍ਹਾਂ ਆਪਣੇ ਹੀ ਨਹੀਂ ਸਮਾਜ ਵਿਚ ਵਿਚਰਦਿਆਂ ਹਰ ਵਰਗ ਦੀਆਂ ਕੁੜੀਆਂ ਦੀ ਪੜ੍ਹਾਈ ਨੂੰ ਉਤਸਾਹਿਤ ਕਰਨ 'ਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦਾ ਵਿਚਾਰ ਸੀ ਕਿ ਜੇ ਕੁੜੀਆਂ ਪੜ੍ਹ ਗਈਆਂ ਤਾਂ ਸਮਾਜਿਕ ਇਨਕਲਾਬ ਦਾ ਅੱਧਾ ਸਫ਼ਰ ਮੁੱਕ ਜਾਵੇਗਾ। ਉਹ ਸਾਫ਼ ਦਿਲ ਸੁਭਾਅ ਦੇ ਬਿਨਾਂ ਕਿਲੇ ਵਲ ਵਿੰਗ ਵਾਲੇ ਸਪਸ਼ਟਵਾਦੀ ਮਨੁੱਖ ਸਨ। ਕਮਿਊਨਿਸਟ ਦੀ ਉਸ ਪੀੜ੍ਹੀ ਦੇ ਵਿਚੋਂ ਜਿਹੜੇ ਦਿਖਾਵੇ ਅਤੇ ਸਿਧਾਂਤਕ ਚਲਾਕੀਆਂ ਤੋਂ ਬਹੁਤ ਦੂਰ ਸਨ। ਉਨ੍ਹਾਂ ਲਈ ਮਾਰਕਸ ਲੈਨਿਨ-ਸਟਾਲਿਨ ਮਾਓ ਸਦਾ ਪ੍ਰੇਰਣਾ ਸਰੋਤ ਰਹੇ। ਉਹ ਦੁਨੀਆ ਦੇ ਸਮਾਜਵਾਦੀ ਇਨਕਲਾਬ ਦੇ ਪੱਕੇ ਹਮਾਇਤੀ ਤੇ ਇਛੁੱਕ ਸਨ। ਬੇਸ਼ੱਕ ਸਿਧਾਂਤਕ ਲਿਖਤਾਂ ਉਨ੍ਹਾਂ ਜ਼ਿਆਦਾ ਨਾ ਪੜ੍ਹੀਆਂ ਹੋਣ ਪਰ ਉਨ੍ਹਾਂ ਦੀ ਸਮਾਜਵਾਦ ਵਿਚ ਦ੍ਰਿੜਤਾ ਸਲਾਮ ਕਰਨਯੋਗ ਹੈ। ਹਰ ਸਮੇਂ ਪੜ੍ਹਦੇ ਰਹਿਣਾ ਅਤੇ ਲਿਖਣਾ ਉਨ੍ਹਾਂ ਦੀ ਪਿਛਲੇਰੀ ਉਮਰ ਦਾ ਸੁਭਾਅ ਬਣ ਗਿਆ। ਉਨ੍ਹਾਂ ਦੀ ਚਿੰਤਾ ਇਹੋ ਰਹੀ ਕਿ ਇਸ ਸਮਾਜ ਦੀ ਕਾਇਆ ਪਲਟ ਹੋਵੇ ਜਿਸ 'ਚ ਸਭ ਤੋਂ ਨਪੀੜੇ ਵਰਗ ਦੀ ਮੁਕਤੀ ਹੋ ਕੇ ਉਨ੍ਹਾਂ ਨੂੰ ਬਰਾਬਰ ਦੇ ਵਿਕਾਸ ਦਾ ਮੌਕਾ ਮਿਲੇ। ਉਨ੍ਹਾਂ ਮਾਲਕੀ ਵਾਲੀ ਜਮਾਤ ਦੇ ਕਾਮਰੇਡਾਂ ਵਾਂਗੂੰ ਨਾ ਪੁੱਤਰਾਂ ਲਈ ਜਾਇਦਾਦਾਂ ਵਧਾਈਆਂ ਨਾ ਹੀ ਬੈਂਕ ਬੈਲਿੰਸ ਜੋੜਿਆ। ਖਾਲੀ ਜੇਬਾਂ 'ਚ ਵੀ ਉਹ ਰੱਜੇ ਪੁੱਜੇ ਰਹੇ। ਪਰ ਇਸ ਧਰਤੀ ਦੇ ਚਿੱਬ ਕੱਢਣ ਅਤੇ ਕੋਹੜ ਦੂਰ ਕਰਨ ਲਈ ਲਗਾਤਾਰ ਤੱਤਪਰ ਰਹੇ। ਉਹ ਹਾਰੇ ਨਹੀਂ ਹੰਭੇ ਨਹੀਂ ਸਗੋਂ ਨਿਰੰਤਰ ਤੁਰਦੇ ਗਏ। ਜੀਵਨ ਦੇ ਅਮੁੱਕ ਰਾਹੀਂ ਨੇ ਮਿਤੀ 17 ਜੂਨ 2014 ਨੂੰ ਸਵੇਰੇ ਅੰਤਿਮ ਸਵਾਸ ਲਿਆ। ਮਿਤੀ 27 ਜੂਨ ਨੂੰ ਉਨ੍ਹਾਂ ਦੇ ਪਿੰਡ 'ਚ ਹਰਿਆਣਾ ਪੰਜਾਬ ਦੇ ਅਗਾਂਹਵਧੂ ਹਲਕੇ-ਕਮਿਊਨਿਸਟ, ਇਨਕਲਾਬੀ ਸਮਾਜ ਸੇਵੀਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

CENTUM®
E Z Mortgage Group Inc.
All your financial needs.
private loans .debt consolidation.
self employment. secured line of credit.
business loan. bad credit no problem.
1st, 2nd & 3d Mortgages get approved
Brokerage Licence #2105
Cell:416-625-3352
hs_7matharu@yahoo.ca,
Fax: 905-676-8018
Website: www.centum.ca/ezmortgage
7050-14A Bramalea Road Mississauga, ON L5S 1T1

HARJIT SINGH
Mortgage cunsultant
Lic#M08007991

# ਰੂਹਾਂ ਆਤਮਾਵਾਂ ਦਾ ਕੱਚ ਸੱਚ





ਗੁਰਚਰਨ ਨੂਰਪੁਰ

ਰੂਹਾਂ, ਆਤਮਾਵਾਂ, ਭੂਤ-ਪ੍ਰੇਤ, ਚੁੜੇਲਾਂ, ਡਾਇਣਾਂ ਆਦਿ ਮਨੁੱਖ ਦੇ ਅਗਿਆਨ ਤੋਂ ਪੈਦਾ ਹੋਈ ਕਲਪਨਾ ਦਾ ਸਿੱਟਾ ਹਨ। ਅਗਿਆਨਤਾ ਵਸ ਮਨੁੱਖ ਨੇ ਬਹੁਤ ਕੁਝ ਅਜਿਹਾ ਕਲਪਨਾ ਵਿੱਚ ਲਿਆਂਦਾ ਜਿਸ ਦੀ ਵਾਸਵਿਕਤਾ ਵਿੱਚ ਕੋਈ ਹੋਂਦ ਨਹੀਂ ਹੈ। ਅੱਜ ਵੀ ਕੁਝ ਲੋਕ ਅਕਸਰ ਕਹਿੰਦੇ ਹਨ ਕਿ ਜਿਹਨਾਂ ਚੀਜਾਂ ਦਾ ਨਾਮ ਹੈ ਉਹ ਹੁੰਦੀਆਂ ਜਰੂਰ ਹਨ। ਪਰ ਮਨੁੱਖ ਨੇ ਪਰੀਆਂ, ਗਿੱਠਮੁਠੀਏ ਅਤੇ ਰਾਕਸ਼ਾਂ ਦੀ ਵੀ ਕਲਪਨਾ ਕੀਤੀ। ਦੁਨੀਆਂ ਭਰ ਦੇ ਲੋਕ ਸਾਹਿਤ ਵਿੱਚ ਅਨੇਕਾਂ ਕਹਾਣੀਆਂ ਵੀ ਇਸ ਤਰਾਂ ਦੇ ਵਿਸ਼ਿਆਂ ਨਾਲ ਸਬੰਧਤ ਮਿਲਦੀਆਂ ਹਨ। ਪਰ ਮਨੁੱਖ ਨੇ ਸਮੁੰਦਰਾਂ ਅਕਾਸ਼ ਅਤੇ ਧਰਤੀ ਦੇ ਚੱਪੇ ਚੱਪੇ ਨੂੰ ਗਾਹ ਕੇ ਵੇਖ ਲਿਆ ਹੈ ਨਾ ਤਾਂ ਕਿਤੇ ਪਰੀਆਂ ਮਿਲੀਆਂ ਤੇ ਨਾ ਹੀ ਰਾਕਸ਼ਾਂ ਜਾਂ ਕਿਸੇ ਗਿੱਠਮੁੱਠੀਏ ਨਾਲ ਮਨੁੱਖ ਦਾ ਸਾਹਮਣਾ ਹੋਇਆ। ਹਾਂ ਬੰਦਿਆਂ ਦੇ ਭੇਸ ਵਿੱਚ ਰਾਕਸ਼ ਉਂਝ ਲਗਭਗ ਧਰਤੀ ਦੇ ਹਰ ਖਿੱਤੇ ਵਿੱਚ ਅੱਜ ਵੀ ਮਿਲ ਜਾਂਦੇ ਹਨ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਜਿਸ ਚੀਜ ਦਾ ਨਾਮ ਹੈ ਜਰੂਰੀ ਨਹੀਂ ਕਿ ਉਸ ਦੀ ਹੋਂਦ ਵੀ ਹੋਵੇ।

ਪੁਰਾਤਨ ਯੁੱਗ ਦੇ ਮਨੁੱਖ ਨੇ ਸਰੀਰ ਸਬੰਧੀ ਕਈ ਤਰ੍ਹਾਂ ਦੀਆਂ ਧਾਰਨਾਵਾਂ ਪ੍ਰਚਲਤ ਕੀਤੀਆਂ। ਜਿਵੇਂ ਮਨੁੱਖ ਦੇ ਉੱਠਣ ਬੈਠਣ ਜਾਗਣ ਸੌਣ ਖਾਣ ਪੀਣ ਤੁਰਨ ਫਿਰਨ ਤੋਂ ਇਹ ਧਾਰਨਾ ਬਣੀ ਕਿ ਮਨੁੱਖ ਅੰਦਰ ਬੈਠੀ ਆਤਮਾ ਇਹ ਸਭ ਕੁਝ ਕਰਵਾ ਰਹੀ ਹੈ। ਜਦ ਕਿਸੇ ਮਨੁੱਖ ਦੀ ਮੌਤ ਹੁੰਦੀ ਤਾਂ ਮੌਤ ਦੇ ਅਸਲ ਕਾਰਨਾਂ ਤੋਂ ਅਣਜਾਣ ਲੋਕ ਇਹ ਸਮਝਦੇ ਕਿ ਮਨੁੱਖ ਤਾਂ ਸਾਬਤ ਸੂਰਤ ਹੈ ਇਸ ਚੋਂ ਆਤਮਾ ਨਿਕਲ ਗਈ ਹੈ। ਜੋ ਸਰੀਰ ਨੂੰ ਸੰਚਾਲਤ ਕਰਦੀ ਸੀ। ਮਨੁੱਖ ਦੀ ਇਸ ਅਗਿਆਨਤਾ ਨੇ ਆਤਮਾ ਜਾਂ ਰੂਹ ਦੀ ਧਾਰਨਾ ਨੂੰ ਹੋਰ ਪੱਕਿਆਂ ਕੀਤਾ। ਮਨੁੱਖ ਦੇ ਸੌਣ ਸਬੰਧੀ ਵੀ ਇਹ ਸਮਝਿਆ ਜਾਂਦਾ ਸੀ ਕਿ ਸੌਣ ਸਮੇਂ ਆਤਮਾ ਕੁਝ ਸਮੇਂ ਲਈ ਸਰੀਰ ਤੋਂ ਪਾਸੇ ਹੋ ਜਾਂਦੀ ਹੈ ਅਤੇ ਜਾਗਣ ਤੋਂ ਕੁਝ ਸਮਾਂ ਪਹਿਲਾਂ ਸਰੀਰ ਵਿੱਚ ਫਿਰ ਦੁਬਾਰਾ ਪ੍ਰਵੇਸ਼ ਕਰਦੀ ਹੈ। ਪਰ ਇਹ ਸਭ ਕੁਝ ਮਨੁੱਖ ਦੀ ਅਗਿਆਨਤਾ ਸੀ। ਹਕੀਕਤ ਨਹੀਂ ਸੀ।

ਦੁਨੀਆਂ ਭਰ ਵਿੱਚ ਕੁਝ ਧਰਮਾਂ ਅਨੁਸਾਰ ਧਰਤੀ ਤੇ ਚੁਰਾਸੀ ਲੱਖ ਜੂਨਾਂ ਹਨ ਅਤੇ ਆਤਮਾਵਾਂ ਇਹਨਾਂ ਜੂਨਾਂ ਰਾਹੀਂ ਆਪਣਾ ਸਰੀਰ ਬਦਲਦੀਆਂ ਹਨ। ਜਦੋਂ ਕਿਸੇ ਦੀ ਮੌਤ ਹੁੰਦੀ ਹੈ ਤਾਂ ਆਤਮਾ ਸਰੀਰ ਦੇ ਨਾਲ ਮਰਦੀ ਨਹੀਂ ਇਹ ਕਿਸੇ ਹੋਰ ਸਰੀਰ ਵਿੱਚ ਪ੍ਰਵੇਸ਼ ਕਰ ਜਾਂਦੀ ਹੈ। ਪਰ ਦੂਜੇ ਪਾਸੇ ਇਸਾਈ, ਯਹੂਦੀ ਅਤੇ ਇਸਲਾਮ ਅਨੁਸਾਰ ਆਤਮਾਵਾਂ ਸਰੀਰ ਨਹੀਂ ਬਦਲਦੀਆਂ। ਇਹਨਾਂ ਦੇ ਗ੍ਰੰਥਾਂ ਅਨੁਸਾਰ ਇੱਕ ਕਿਆਮਤ ਦੇ ਦਿਨ ਸਭ ਮੁਰਦੇ ਕਬਰਾਂ ਚੋਂ ਉਠਾਅ ਲਏ ਜਾਣਗੇ ਤੇ ਫਿਰ ਉਸ ਦਿਨ ਸਭ ਦੇ ਕੀਤੇ ਕਰਮਾਂ ਅਨੁਸਾਰ ਉਹਨਾਂ ਦਾ ਹਿਸਾਬ ਕਿਤਾਬ ਹੋਵੇਗਾ। ਕਰੋੜਾਂ ਲੋਕ ਪਹਿਲੀ ਧਾਰਨਾ ਨੂੰ ਠੀਕ ਮੰਨਦੇ ਹਨ ਅਤੇ ਕਰੋੜਾਂ ਲੋਕ ਹੀ ਹਨ ਜੋ ਜਿਹਨਾਂ ਨੂੰ ਦੂਜੀ ਧਾਰਨਾ ਵਧੇਰੇ ਠੀਕ ਪ੍ਰਤੀਤ ਹੁੰਦੀ ਹੈ। ਸੱਚ ਕੀ ਹੈ ਇਸ ਦਾ ਨਿਰਣਾ ਭਾਵੇਂ ਹਰ ਮਨੁੱਖ ਆਪਣੀ ਆਪਣੀ ਸਮਝ ਅਨੁਸਾਰ ਕਰਦਾ ਹੈ ਪਰ ਹਕੀਕਤ ਇਹ ਹੈ ਕਿ ਰੂਹ ਜਾਂ ਆਤਮਾ ਨਾਮ ਦੀ ਕੋਈ ਚੀਜ ਨਹੀਂ ਹੁੰਦੀ। ਕੁਝ ਕੁ ਅਮੀਬਾ ਵਰਗੇ ਐਸੇ ਜੀਵ ਹਨ ਜੋ ਦੋ ਹਿੱਸਿਆਂ ਵਿੱਚ ਵੰਡੇ ਜਾਣ ਤਾਂ ਦੋਵੇਂ ਹਿੱਸੇ ਹੀ ਜਿਉਂਦੇ ਰਹਿ ਸਕਦੇ ਹਨ। ਤਾਂ ਸਵਾਲ ਪੈਦਾ ਹੁੰਦਾ ਹੈ ਕਿ ਫਿਰ ਆਤਮਾ ਕਿਸ ਹਿੱਸੇ ਵਿੱਚ ਹੋਈ? ਰੂਹਾਂ ਬਾਰੇ ਇਹ ਵੀ ਪ੍ਰਚਲਤ ਹੈ ਕਿ ਜਿਹਨਾਂ ਰੂਹਾਂ ਨੂੰ ਢੁੱਕਵਾਂ ਸਰੀਰ ਨਹੀਂ ਮਿਲਦਾ ਉਹ ਭਟਕਦੀਆਂ ਰਹਿੰਦੀਆਂ ਹਨ। ਉਹ ਜਿਉਂਦੇ ਲੋਕਾਂ ਵਿੱਚ ਵੀ ਪ੍ਰਵਿਸ਼ ਕਰ ਜਾਂਦੀਆਂ ਹਨ ਅਜਿਹਾ ਅਸੀਂ ਕਦੀ ਭੂਤਾਂ ਪ੍ਰੇਤਾਂ ਕੱਢਣ ਵਾਲਿਆਂ ਦੇ ਡੇਰਿਆਂ ਤੇ ਦੇਖਦੇ ਹਾਂ। ਪਰ ਜਿਸ ਬੰਦੇ ਵਿੱਚ ਕੋਈ ਰੂਹ ਜਾਂ ਬਦਰੂਹ ਪ੍ਰਵੇਸ਼ ਕਰਦੀ ਹੈ ਉਸ ਦੀ ਆਪਣੀ ਰੂਹ ਕਿੱਧਰ ਚਲੀ ਜਾਂਦੀ ਹੈ? ਇਸ ਗੱਲ ਦਾ ਜਿਕਰ ਕਦੇ ਨਹੀਂ ਹੁੰਦਾ। ਸਾਡੇ ਸ਼ਾਸ਼ਤਰਾਂ ਵਿੱਚ ਚੁਰਾਸੀ ਲੱਖ ਜਨਮਾਂ ਦਾ ਉਲੇਖ ਹੈ ਹਰ ਜਨਮ ਬੀਤੇ ਜਨਮ ਦੇ ਚੰਗੇ ਮੰਦੇ ਕਰਮਾਂ ਦਾ ਫਲ ਹੈ ਪਰ ਚੁਰਾਸੀ ਲੱਖ ਜੂਨਾਂ ਦਾ ਸਭ ਤੋਂ ਪਹਿਲਾ ਜਨਮ ਕਿਉਂ ਅਤੇ ਕਿਹੜੇ ਜਨਮਾਂ ਕਰਮਾਂ ਦਾ ਫਲ ਸੀ ਇਹਦਾ ਉਲੇਖ ਵੀ ਕਿਸੇ ਗ੍ਰੰਥ ਸ਼ਾਸ਼ਤਰ ਵਿੱਚ ਨਹੀਂ ਹੈ।

ਸਾਡੇ ਸਮਾਜ ਵਿਚ ਬਹੁਤ ਸਾਰੇ ਅਜਿਹੇ ਲੋਕ ਹਨ ਜਿਹਨਾਂ ਨੂੰ ਭੂਤਾਂ ਪ੍ਰੇਤਾਂ ਆਤਮਾਵਾਂ ਨੇ ਵਧੀਆ ਰੋਜਗਾਰ ਦਿੱਤਾ ਹੋਇਆ ਹੈ। ਟੀ ਵੀ ਚੈਨਲਾਂ ਤੇ ਵੀ ਅੱਜਕੱਲ ਅਜਿਹੀ ਇਸ਼ਤਿਹਾਰ ਬਾਜ਼ੀ ਦੀ ਭਰਮਾਰ ਹੈ। ਨਿਰਮਲ ਬਾਬੇ ਵਰਗੇ ਕਈ ਅਖੌਤੀ ਬਾਬੇ ਲੋਕਾਂ ਨੂੰ ਮੂਰਖ ਬਣਾ ਕੇ ਮਾਲਾ ਮਾਲ ਹੋ ਰਹੇ ਹਨ। ਮਾਨਸਿਕ ਵਿਕਾਰਾਂ ਦੇ ਸ਼ਿਕਾਰ, ਗਰੀਬੀ ਦੇ ਝੰਬੇ, ਥੁੜਾਂ ਮਾਰੇ, ਤੰਗੀਆਂ ਤੁਰਸ਼ੀਆਂ ਦੇ ਸ਼ਿਕਾਰ ਪਰਿਵਾਰਾਂ ਵਿੱਚ ਨੌਜੁਆਨ ਲੜਕੇ, ਲੜਕੀਆਂ ਅਤੇ ਔਰਤਾਂ ਨੂੰ ਖੇਡਾਂ ਆਉਣ ਲੱਗ ਪੈਂਦੀਆਂ। ਇਹ ਲੋਕ ਇਹਨਾਂ ਦੇ ਵਰਤਾਰਿਆਂ ਦੇ ਅਸਲ ਕਾਰਨਾਂ ਤੋਂ ਅਣਜਾਣ ਅਖੌਤੀ ਸਿਆਣਿਆਂ ਬਾਬਿਆਂ ਅਤੇ ਢੋਂਗੀਆਂ ਦੇ ਚੱਕਰ ਵਿਚ ਪੈ ਕੇ ਆਪਣੀ ਹੋਰ ਲੁੱਟ ਕਰਵਾਉਣ ਦੇ ਰਾਹ ਪੈ ਜਾਂਦੇ ਹਨ। ਇਹਨਾਂ ਸਿਆਣਿਆਂ ਦੀਆਂ ਚੌਕੀਆਂ ਭਰਨ ਦੇ ਚੱਕਰ ਵਿੱਚ ਪਿਆ ਬੰਦਾ ਆਪਣਾ ਕਾਰੋਬਾਰ ਧੰਦਾ ਸਭ ਕੁਝ ਚੌਪਟ ਕਰ ਬੈਠਦਾ ਹੈ। ਅਸੀਂ ਭਾਵੇਂ ਇੱਕੀਵੀ ਸਦੀ ਵਿੱਚ ਰਹਿ ਰਹੇ ਹਾਂ ਪਰ ਸਾਡੇ ਮਨਾਂ ਤੇ ਅਗਿਆਨਤਾ ਦੇ ਅੰਧੇਰ ਦੀ ਇੱਕ ਮੋਟੀ ਸੰਘਣੀ ਧੁੰਦ ਅੱਜ ਵੀ ਛਾਈ ਹੋਈ ਹੈ। ਸਾਡੇ ਸਾਹਿਤਕਾਰਾਂ ਚਿੰਤਕਾਂ ਨੂੰ ਸਮਾਜ ਦੀ ਸੋਚ ਨੂੰ ਵਿਗਿਆਨਕ ਬਣਾਉਣ ਵਾਲੀਆ ਲਿਖਤਾਂ ਲਿਖਣੀਆਂ ਚਾਹੀਦੀਆਂ ਹਨ। ਲੇਖਕ ਦਾ ਫਰਜ ਬਣਦਾ ਹੈ ਕਿ ਉਹ ਅਜਿਹੇ ਭਰਮ ਭੁਲੇਖਿਆਂ ਤੋਂ ਪਰਦੇ ਲਾਹੁਣ ਦੀ ਕੋਸ਼ਿਸ਼ ਕਰੇ। ਉਹ ਲੋਕਾਂ ਨੂੰ ਦੱਸੇ ਕਿ ਇੱਕ ਗਰੀਬ ਅਤੇ ਥੁੜਾਂ ਸ਼ਿਕਾਰ ਲੋਕਾਂ ਨੂੰ ਖੇਡਾਂ ਕਿਉਂ ਆਉਂਦੀਆਂ ਹਨ। ਸਾਧਨ ਸੰਪੰਨ ਲੋਕ, ਵਪਾਰੀਆਂ, ਵਕੀਲਾਂ, ਡਾਕਟਰਾਂ, ਪ੍ਰੋਫੈਸਰਾਂ ਦੇ ਬੱਚਿਆਂ ਨੂੰ ਖੇਡ ਕਿਉਂ ਨਹੀਂ ਆਉਂਦੀ, ਉਹਨਾਂ ਨੂੰ ਉਪਰੀਆਂ ਕਸਰਾਂ ਕਿਉਂ ਨਹੀਂ ਹੁੰਦੀਆਂ। ਪਰ ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ ਜੇਕਰ ਲੇਖਕ ਦੀ ਆਪਣੀ ਸੋਚ ਵਿਗਿਆਨਕ ਹੋਵੇਗੀ ਤਾਂ। ਸਾਡੇ ਸਮਾਜ ਵਿੱਚ ਬਹੁਤ ਸਾਰੇ ਲੋਕ ਅਕਸਰ ਇਹ ਕਹਿੰਦੇ ਹਨ ਕਿ ਅਸੀਂ ਤਾਂ ਕਿਸੇ ਚੀਜ ਤੇ ਵਿਸ਼ਵਾਸ਼ ਨਹੀਂ ਕਰਦੇ। ਅਸੀਂ ਤਾਂ ਕਿਸੇ ਚੀਜ ਨੂੰ ਨਹੀਂ ਮੰਨਦੇ। ਪੜ੍ਹੇ ਲਿਖੇ ਨੂੰ ਛੱਡੋ ਕਿਸੇ ਅਨਪੜ ਅਤੇ ਅੰਧਵਿਸ਼ਵਾਸ਼ੀ ਬੰਦੇ ਨੂੰ ਪੁੱਛ ਲਓ ਉਹਦੀ ਸੋਚ ਵੀ ਅਜਿਹੀ ਹੀ ਹੁੰਦੀ ਹੈ ਉਹ ਕਹੇਗਾ ਆਪਾਂ ਕਿਸੇ ਚੀਜ ਨੂੰ ਨਹੀਂ ਮੰਨਦੇ ਆਪਾਂ ਤਾਂ ਪਾਖੰਡ ਵਿੱਚ ਪੈਂਦੇ ਹੀ ਨਹੀਂ ਆਪਾਂ ਤਾਂ ਸਿਰਫ ਫਲਾਣੇ ਬਾਬਾ ਜੀ ਕੋਲ ਜਾਂਦੇ ਹਾਂ। ਉਹਨਾਂ ਨੂੰ ਹਰ ਵੀਰਵਾਰ ਪ੍ਰਸ਼ਾਦ ਚੜ੍ਹਾ ਕੇ ਆਈਦਾ ਏ ਹੋਰ ਆਪਾਂ ਨਹੀਂ ਮੰਨਦੇ ਕਿਸੇ ਚੀਜ ਨੂੰ। ਬਿਨਾਂ ਜਾਣਿਆਂ ਕਿਸੇ ਵਰਤਾਰੇ ਪ੍ਰਤੀ ਆਪਣੀ ਸੋਚ ਬਣਾ ਲੈਣਾ ਸਭ ਤੋਂ ਵੱਡਾ ਅੰਧਵਿਸ਼ਵਾਸ਼ ਹੈ। ਅਸਲ ਵਿੱਚ ਵਿਗਿਆਨਕ ਸੋਚ ਬਣਾਉਣ ਲਈ ਮਨੁੱਖ ਨੂੰ ਲਗਾਤਾਰ ਮਿਹਨਤ ਕਰਨੀ ਪੈਂਦੀ ਹੈ ਇਸ ਸਬੰਧੀ ਤਰਕਸ਼ੀਲ ਸਾਹਿਤ ਦੀ ਲਗਾਤਾਰ ਪੜ੍ਹਾਈ ਵੀ ਕਰਨੀ ਪੈਂਦੀ ਹੈ। ਬਹੁਤ ਕੁਝ ਪੜ੍ਹ ਕੇ ਮਨੁੱਖ ਅਗਿਆਨਤਾ ਭਰੇ ਵਰਤਾਰਿਆਂ ਦੀ ਚੀਰਫਾੜ ਕਰ ਸਕਦਾ ਹੈ। ਜੇਕਰ ਲੇਖਕ ਦੀ ਆਪਣੀ ਸੋਚ ਹੀ ਸ਼ਪੱਸ਼ਟ ਨਹੀਂ ਅਣਸੁਲਝੇ ਕੁਝ ਸਵਾਲਾਂ ਦੇ ਹੱਲ ਉਹ ਪਾਠਕਾਂ ਤੋਂ ਮੰਗਦਾ ਹੈ ਤਾਂ ਉਸ ਦੀ ਲਿਖਤ ਤੋਂ ਸਮਾਜ ਨੂੰ ਕੀ ਸੇਧ ਮਿਲੇਗੀ? ਤਰਕਸ਼ੀਲ ਮਨੁੱਖ ਸੁਣੀਆਂ ਸੁਣਾਈਆਂ ਗੱਲਾਂ ਤੇ ਵਿਸ਼ਵਾਸ਼ ਨਹੀਂ ਕਰਦਾ। ਉਹ ਹਰ ਵਰਤਾਰੇ ਦੀ ਘੋਖਵੀਂ ਨਜਰ ਨਾਲ ਚੀਰ ਫਾੜ ਕਰਦਾ ਹੈ। ਅਨੇਕਾਂ ਅਜਿਹੇ ਰਹੱਸਮਈ ਕੇਸ ਹਰ ਜੋ ਹੁਣ ਤੱਕ ਤਰਕਸ਼ੀਲਾਂ ਨੇ ਹੱਲ ਕੀਤੇ ਹਨ। ਰੂਹ ਜਾਂ ਆਤਮਾਂ ਦੀ ਹੋਂਦ ਨੂੰ ਸਿੱਧ ਕਰਨ ਵਾਲਿਆਂ ਲਈ ਵੱਖ ਵੱਖ ਰੈਸ਼ਨਲਿਸਟ ਜਥੇਬੰਦੀਆਂ ਨੇ ਇਨਾਮ ਵੀ ਰੱਖੇ ਹੋਏ ਹਨ ਜਿਹਨਾਂ ਦੀ ਕੁਲ ਮਿਲਾ ਕੇ ਰਕਮ ਪੰਜ ਕਰੋੜ ਤੋਂ ਵੱਧ ਹੈ। ਦੁਨੀਆਂ ਦਾ ਕੋਈ ਰੂਹਾਂ ਆਤਮਾਂ ਨੂੰ ਬੁਲਾਉਣ ਦਾ ਦਾਹਵਾ ਕਰਨ ਵਾਲਾ ਧੋਖਾ ਰਹਿਤ ਹਾਲਤਾਂ ਵਿੱਚ ਰੂਹਾਂ ਦੇ ਹੋਣ ਦਾ ਸਬੂਤ ਦੇ ਕੇ ਇਹ ਸ਼ਰਤ ਜਿੱਤ ਸਕਦਾ ਹੈ। ਪਰ ਪਿਛਲੇ ਵੀਹ ਬਾਈ ਸਾਲਾਂ ਤੋਂ ਦੁਨੀਆਂ ਭਰ ਦੇ ਲੱਖਾਂ ਰੂਹਾਂ ਆਤਮਾਵਾਂ ਨੂੰ ਵੱਸ ਵਿੱਚ ਕਰਨ ਦੇ ਮਾਹਰਾਂ ਚੋਂ ਕਦੇ ਕਿਸੇ ਇੱਕ ਦੀ ਵੀ ਜੁਅੱਰਤ ਨਹੀਂ ਪਈ ਕਿ ਉਹ ਇਸ ਨੂੰ ਸਾਬਤ ਕਰਨ ਦਾ ਹੀਆਂ ਕਰ ਸਕੇ। ਉਂਝ ਸਾਡੇ ਆਲੇ ਦੁਆਲੇ ਹਰ ਗਲੀ ਮੁਹੱਲੇ ਸ਼ਹਿਰ ਕਸਬੇ ਵਿੱਚ ਰੂਹਾਂ ਨੂੰ ਕੀਲਣ ਵਾਲੇ ਲੱਖਾਂ ਲੋਕ ਹਨ ਜੋ ਆਪਣੇ ਆਪ ਨੂੰ ਰੂਹਾਂ ਆਤਮਾਵਾਂ ਭਜਾਉਣ ਦੇ ਦਾਹਵੇਦਾਰ ਮੰਨਦੇ ਹਨ।

ਸਾਡੇ ਸਮਾਜ ਦੀ ਬਹੁ ਗਿਣਤੀ ਅੰਧਵਿਸ਼ਵਾਸ਼ੀ ਸੋਚ ਦਾ ਸ਼ਿਕਾਰ ਹੈ। ਅੰਧਵਿਸ਼ਵਾਸ਼ੀ ਵਰਤਾਰੇ ਸਮਾਜ ਦਾ ਕਿਸ ਕਿਸ ਤਰ੍ਹਾਂ ਕਿੰਨਾ ਤੇ ਕਿਵੇਂ ਨੁਕਸਾਨ ਕਰਦੇ ਹਨ। ਇਹ ਇੱਕ ਹੋਰ ਲੰਬਾ ਚੌੜਾ ਵਿਸ਼ਾ ਹੈ ਪਰ ਅੰਧਵਿਸ਼ਵਾਸ਼ੀ ਲੋਕ/ਸਮਾਜ ਆਪਣੀਆਂ ਜਿਊਣ ਹਾਲਤਾਂ ਨੂੰ ਸੁਧਾਰਨ ਲਈ ਯਤਨਸ਼ੀਲ ਹੋਣ ਦੀ ਬਿਜਾਏ ਆਪਣੇ ਹੋਣੀ ਨੂੰ ਕਿਸੇ ਗੈਬੀ ਤਾਕਤ ਦੇ ਹੱਥ ਮੰਨਦੇ ਹਨ। ਇਸ ਲਈ ਨਿਘਰੀਆਂ ਤੋਂ ਨਿਘਰੀਆਂ ਜਿਊਣ ਹਾਲਤਾਂ ਨੂੰ ਵੀ ਸਿਸਟਮ ਦੀ ਦੇਣ ਮੰਨਣ ਦੀ ਬਜਾਏ ਉਪਰੋਂ ਜਾਂ ਧੁਰੋਂ ਲਿਖੀ ਸਮਝ ਕੇ ਸਵੀਕਾਰ ਕਰਦੇ ਆ ਰਹੇ ਹਨ। ਆਪਣੀਆਂ ਜਿਊਣ ਹਾਲਤਾਂ ਨੂੰ ਗਲਤ ਪ੍ਰਸ਼ਾਸ਼ਨਿਕ ਵਿਵਸਥਾ ਦੀ ਦੇਣ ਸਮਝਣ ਦੀ ਬਜਾਏ ਕਿਸੇ ਗੈਬੀ ਤਾਕਤ ਨੂੰ ਜੁੰਮੇਵਾਰ ਮੰਨਣ ਵਾਲੇ ਲੋਕਾਂ ਦਾ ਸਥਾਪਤੀ ਤੇ ਕਿੰਤੂ ਪ੍ਰੰਤੂ ਨਹੀਂ ਕਰਦੇ। ਜਿਸ ਨਾਲ ਸਮਾਜ ਵੱਡੇ ਵਿਗਾੜਾਂ ਦਾ ਸ਼ਿਕਾਰ ਹੁੰਦੇ ਹਨ। ਸਮਾਜ ਵਿੱਚ ਅਮੀਰੀ ਗਰੀਬੀ ਦਾ ਪਾੜਾ ਵਧਦਾ ਹੈ। ਲੁੱਟ ਕਰਨ ਵਾਲੀਆਂ ਧਿਰਾਂ ਨੂੰ ਮਨਮਾਨੀਆਂ ਕਰਨ ਦੀ ਖੁੱਲ ਮਿਲਦੀ ਹੈ। ਇਸ ਲਈ ਇਸ ਸਮਾਜ ਨੂੰ ਚੰਗੇਰਾ ਬਣਾਉਣ ਲਈ ਹਰ ਲੇਖਕ, ਹਰ ਕਲਮ ਦਾ ਫਰਜ ਬਣਦਾ ਹੈ ਅਜਿਹੀ ਸੋਚ ਨਾਲ ਲਬਰੇਜ ਹੋਵੇ ਜੋ ਸਮਾਜ ਨੂੰ ਸਹੀ ਦਿਸ਼ਾ ਦੇ ਸਕੇ।

ਜੀਰਾ : 98550-51099

## ਰਾਹੀਆ ਵੇ ਰਾਹੇ ਜਾਂਦਿਆਂ

- ਜਰਨੈਲ ਸਿੰਘ ਅਚਰਵਾਲ

ਰਾਹੀਆ ਵੇ ਰਾਹੇ ਜਾਂਦਿਆ,
ਇਕ ਗੱਲ ਦਸਦਾ ਜਾ।
ਗਹਿਰ ਗੰਭੀਰਾ ਜਾਪਦਾ ਤੇਰਾ,
ਬਿਖੜਾ ਈ ਲਗਦਾ ਰਾਹ।
ਵੇ ਰਾਹੀਆ.....

ਕਿਧਰੋਂ ਆਇਆਂ ਕਿਧਰ ਜਾਣਾ,
ਕਿਹੜਾ ਤੇਰਾ ਮੁਲਕ ਟਿਕਾਣਾ।
ਕਾਲ਼ਿਆਂ ਕੋਹਾਂ ਤੋਂ ਚਲਿਆ ਲਗਦੈ,
ਸੂਰਜ ਬੁੱਕਲ ਵਿਚ ਛੁਪਾ।

ਤੇਰੀ ਹਿੱਕ ਵਿਚ ਜ਼ੋਰ ਬੜਾ ਹੈ,
ਤਾਈਓਂ ਮਹਿਲੀ ਸ਼ੋਰ ਬੜਾ ਹੈ।
ਜਿਨ੍ਹਾਂ ਕੋਲ ਸੱਚ ਦਾ ਸਿਰਨਾਵਾਂ,
ਪਹੁੰਚ ਜਾਂਦੇ ਨੇ ਅੰਤ ਪੜਾਅ।

ਤੂੰ ਅੰਬਰ ਦਾ ਪਾਣੀ ਸੁੱਚਾ,
ਪਰਖ਼ ਕਰੇ ਕੋਈ ਜੌਹਰੀ ਬੱਚਾ,
ਸਰਘੀ ਆਈ ਦੇਣ ਸੁਨੇਹਾ,
ਆ ਤੂੰ ਸਾਡੇ ਵਿਹੜੇ ਆ।

ਧਰਤੀ ਹਿਲਦੀ ਅੰਬਰ ਕੰਬਦਾ,
ਇਹ ਪਾਂਧੀ ਨਾ ਤੁਰਨੋਂ ਹੰਬਦਾ।
ਪੈਰਾਂ ਵਿਚ ਭੂਚਾਲ ਬੰਨ੍ਹ ਕੇ,
ਮੰਜ਼ਿਲ 'ਤੇ ਨੱਚਣ ਦਾ ਚਾਅ।

ਜੀ ਕਰੇ ਮੈਂ ਹਿੱਕ ਨਾਲ ਲਾਵਾਂ,
ਇਹਦਿਆਂ ਬੋਲਾਂ ਨੂੰ ਛੂਹਾਵਾਂ।
ਮੈਨੂੰ ਲੱਗੇ ਪਾਰਸ ਦੀ ਵੱਟੀ,
ਲਵਾਂ ਮੈਂ ਤਨ ਦੇ ਨਾਲ ਘਸਾ।
ਭੁੱਲਿਆਂ ਨੂੰ ਸਮਝਾ ਵੇ ਰਾਹੀਆ
ਭੁੱਲਿਆਂ ਨੂੰ ਸਮਝਾ।

905-499-4766

## ਸੰਨਿਆਸੀ ਖ਼ਿਆਲ

- ਸਰਬਜੀਤ ਕੌਰ ਜੱਸ

ਸੰਨਿਆਸੀ ਖ਼ਿਆਲ
ਮਨੋਂ ਉੱਡ-ਉੱਡ ਜਾਂਦੇ
ਭੱਜ-ਭੱਜ ਨਿਕਲਦੇ

ਮਨ ਦੇ ਦਰ ਢੋਅਵਾਂ
ਵਰਜਾਂ
ਝਿੜਕਾਂ
ਰੁਕਦੇ ਨਾ ਰੋਕਿਆਂ
ਯਾਦਾਂ ਦੇ ਜੰਗਲੀਂ ਗੁਆਚਣਾ ਚਾਹੁੰਦੇ
ਇਹ ਸੰਨਿਆਸੀ ਖ਼ਿਆਲ
ਭਟਕਣਾ ਚਾਹੁੰਦੇ
ਭੁੱਲ ਭੁਲੱਈਆਂ ਵਾਲੇ ਰਾਹਾਂ 'ਚ
ਬਹੁਤ ਰੋਕਿਆ
ਬਹੁਤ ਵਰਜਿਆ
ਖ਼ੌਰੇ ਕਿਹੜੇ ਵਹਿਣੀ ਵਹਿਣਾ ਚਾਹੁੰਦੇ
ਮੈਂ ਉਮਰਾਂ ਦੀ ਕੈਦਣ
ਬੰਦਨਾਂ 'ਚ ਜਕੜੀ
ਭੱਜ ਕੇ ਰੋਕਾਂ ਤਾਂ ਬੇੜੀਆਂ ਡੇਗਣ
ਬਾਹਾਂ ਖਿਲਾਰਾਂ ਤਾਂ ਹੱਥਕੜੀਆਂ ਜਕੜਨ
ਕੋਈ ਫੜੋ
ਕੋਈ ਰੋਕੋ
ਸੰਨਿਆਸੀ ਕਦੇ ਨਾ ਮੁੜਦੇ
ਆਪਣਾ-ਆਪ ਲੁਟੇਂਦੇ
ਗੁਆਚਿਆ ਭਾਲ਼ਦੇ-ਭਾਲ਼ਦੇ
ਖ਼ੁਦ ਗੁਆਚ ਜਾਂਦੇ
ਇਹ ਸੰਨਿਆਸੀ ਖ਼ਿਆਲ
ਮੁੜ ਨਾ ਮਨ ਦੇ ਘਰੀਂ ਪਰਤਣੇ
ਮੈਂ ਵੈਰਾਗਣ
ਵਰਜਾਂ
ਝਿੜਕਾਂ
ਮਨ ਦੇ ਦਰ ਢੋਅਵਾਂ
ਸੰਨਿਆਸੀ ਖ਼ਿਆਲ
ਮਨੋਂ ਉੱਡ-ਉੱਡ ਜਾਂਦੇ....।

• • •

## ਬੜਾ ਔਖਾ ਹੁੰਦੈ

- ਬਲਬੀਰ ਜਲਾਲਾਬਾਦੀ

ਬੜਾ ਔਖਾ ਹੁੰਦੈ
ਆਪਣੇ ਜਿਸਮਾਂ ਨੂੰ ਨੇਜ਼ਿਆਂ 'ਤੇ ਟੰਗ ਕੇ
ਝੂਠ ਦੀ ਕਚਹਿਰੀ 'ਚ
ਸੱਚ ਦਾ ਇਕਬਾਲ ਕਰਨਾ

ਤੇ ਵਸੀਅਤਾਂ ਦੇ ਫੈਸਲੇ ਉਡੀਕਦਿਆਂ
ਭਿਖਾਰੀਆਂ ਵਾਂਗ
ਉੱਜੜੇ ਘਰਾਂ ਦੀਆਂ ਦੇਹਲੀਆਂ 'ਤੇ ਬਹਿ ਕੇ
ਉਮਰਾਂ ਦਾ ਬਨਵਾਸ ਕੱਟਣਾ

ਬੜਾ ਔਖਾ ਹੁੰਦੈ
ਨਾਰੀ ਦਾ
ਨਾਰੀ ਵਜੂਦ 'ਚੋਂ ਵਿਗਸਦਿਆਂ
ਨਾਰੀਪਨ ਦੇ
ਤਲਖ਼ ਸਵਾਲਾਂ ਦੇ ਰੂ-ਬ-ਰੂ ਹੋਣਾ

ਤੇ ਜਾਂ
ਆਪਣੇ ਤਨ ਦੀ ਪਾਕੀਜ਼ਗੀ ਦੀ
ਅਗਨ-ਪ੍ਰੀਖਿਆ ਦੇਂਦਿਆਂ
ਪਤੀਬਰਤਾ ਦੀ ਗੂੰਜੀ ਤਰਾਸਦੀ ਦਾ
ਸਤੀ ਹੋ ਜਾਣਾ

ਬੜਾ ਔਖਾ ਹੁੰਦੈ
ਸ਼ਹਿਰ ਦੇ ਭੀੜਾਂ ਭਰੇ ਚੌਕ 'ਚ
ਲਾਚਾਰ ਬਾਪ ਦਾ
ਨੰਗੇ ਚਿੱਟੇ ਦਿਨ
ਹਵਸੀ ਦਰਿੰਦਗੀ ਦਾ ਸ਼ਿਕਾਰ ਹੋ ਜਾਣਾ

ਤੇ ਫਿਰ ਪਿਤਾ ਦੇ
ਬਲਦੇ ਸਿਵੇ ਦੇ ਸੇਕ 'ਚ
ਵੈਣ ਪਾਉਂਦੀ ਬਾਲੜੀ ਦਾ
ਲੋਕਤੰਤਰੀ ਸੁਗਾਤਾਂ ਦੇ ਹਾਰ
ਸਵੀਕਾਰ ਕਰਨਾ

ਬੜਾ ਔਖਾ ਹੁੰਦੈ।
ਬੜੇ ਔਖਾ ਹੁੰਦੈ।

96461-02122

# 'ਕੈਲਗੇਰੀਅਨ ਡੋਨੇਟ ਔਰਗਨਜ਼' ਮੁਹਿੰਮ ਨੂੰ ਭਰਵਾਂ ਹੁੰਗਾਰਾ

ਕੈਲਗਰੀ : ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਹਿਰਦੇਪਾਲ ਸਿੰਘ ਨੇ ਦੱਸਿਆ ਕਿ ਤਿੰਨ ਮਹੀਨੇ ਪਹਿਲਾਂ 'ਕੈਲਗੇਰੀਅਨ ਡੋਨੇਟ ਔਰਗਨਜ਼' ਦੀ ਮੁਹਿੰਮ ਸ਼ੁਰੂ ਕੀਤੀ ਸੀ। ਅਲਬਰਟਾ ਹੈਲਥ ਨਾਲ ਬਤੌਰ ਵਲੰਟੀਅਰ ਕੰਮ ਕਰਦੇ ਮੈਂ ਧਾਰ ਲਿਆ ਸੀ ਕਿ ਮਨੁੱਖਤਾ ਦੀ ਸੇਵਾ ਕਰਨ ਦੇ ਇਸ ਪਵਿੱਤਰ ਕੰਮ ਨੂੰ ਹੱਥ 'ਚ ਲਿਆ ਜਾਵੇ। ਕਿਉਂਕਿ ਸਮਾਜ ਦਾ ਬਹੁਤ ਸਾਰੇ ਮਨੁੱਖਾਂ ਨੂੰ ਸਰੀਰ ਦੇ ਕਈ ਅੰਗਾਂ ਦੀ ਲੋੜ ਹੁੰਦੀ ਹੈ। ਜੇ ਇਸ ਪ੍ਰਤੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਤਾਂ ਇਸ ਸਮੱਸਿਆ ਦਾ ਹੱਲ ਹੋ ਸਕਦਾ ਹੈ। ਉਨ੍ਹਾਂ ਦੇ ਬਿਹਤਰ ਜੀਵਨ ਲਈ ਇਹ ਕੰਮ ਜਲਦ ਸ਼ੁਰੂ ਕੀਤਾ ਜਾਵੇ।



ਸੋ ਇਹ ਕੰਮ ਮੀਡੀਆ ਤੋਂ ਸ਼ੁਰੂ ਕੀਤਾ। ਮੀਡੀਆ ਦੇ ਕਈ ਸਾਥੀਆਂ ਨੇ ਚੰਗਾ ਸਹਿਯੋਗ ਦਿੱਤਾ। ਜਿਥੇ ਵੀ ਜਾਣ ਦਾ ਮੌਕਾ ਮਿਲਿਆ ਚੰਗਾ ਹੁੰਗਾਰਾ ਮਿਲਿਆ। ਦਸਮੇਸ਼ ਕਲਚਰ ਸੈਂਟਰ ਗੁਰਦੁਆਰਾ ਵਿਚ ਤਾਂ 300 ਦੇ ਕਰੀਬ ਲੋਕਾਂ ਨੇ ਮੌਕੇ 'ਤੇ ਕਾਰਡਾਂ 'ਤੇ ਸਾਈਨ ਕੀਤੇ। ਕਈ ਸਭਾ ਸੁਸਾਇਟੀਆਂ ਨੇ ਚੰਗਾ ਹੁੰਗਾਰਾ ਭਰਿਆ। ਸਭ ਤੋਂ ਵੱਧ ਉਤਸ਼ਾਹ ਮੈਨੂੰ ਮਾਸਟਰ ਭਜਨ ਸਿੰਘ ਤੋਂ ਮਿਲਿਆ ਜੋ ਤਰਕਸ਼ੀਲ ਸੁਸਾਇਟੀ ਪੰਜਾਬ ਨਾਲ ਲੰਮੇ ਸਮੇਂ ਤੋਂ ਸਰਗਰਮ ਹਨ। ਉਹਨਾਂ ਦੱਸਿਆ ਕਿ ਪੰਜਾਬ ਵਿਚ ਤਰਕਸ਼ੀਲ ਸੁਸਾਇਟੀ ਇਕੋ-ਇਕੋ ਅਜਿਹੀ ਸੰਸਥਾ ਹੈ ਜਿਸ ਨੇ ਠੋਸ ਰੂਪ 'ਚ ਕੰਮ ਕੀਤਾ ਹੈ। ਉਹਨਾਂ ਦੱਸਿਆ ਕਿ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਕਈ ਸਾਲਾਂ ਤੋਂ ਆਪਣੇ ਢੰਗਾਂ ਰਾਹੀਂ ਅੰਗ ਦਾਨ ਕਰਨ ਬਾਰੇ ਜਾਗਰੂਕ ਕਰ ਰਹੀ ਹੈ ਪ੍ਰੰਤੂ ਹਿਰਦੇਪਾਲ ਸਿੰਘ ਨੇ ਜੋ ਮੁਹਿੰਮ ਚਲਾਈ ਹੈ, ਉਹ ਕਾਬਲੇ ਤਾਰੀਫ਼ ਹੈ। ਸਾਡੀ ਜਥੇਬੰਦੀ ਇਸ ਮੁਹਿੰਮ ਵਿਚ ਪੂਰਾ ਯੋਗਦਾਨ ਪਾਵੇਗੀ।" ਹਿਰਦੇਪਾਲ ਸਿੰਘ ਨੇ ਪ੍ਰੈਸ ਅਤੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੈਨੂੰ ਪੂਰੀ ਉਮੀਦ ਹੈ ਕਿ ਇਹ ਮੁਹਿੰਮ ਪੂਰੇ ਕੈਨੇਡਾ ਭਰ 'ਚ ਫੈਲੇਗੀ। ਤੁਹਾਡੇ ਸਭ ਦੇ ਸਹਿਯੋਗ ਨਾਲ ਅਸੀਂ ਕੈਲਗਰੀ ਵਿਚ ਇਸ ਮੁਹਿੰਮ ਨੂੰ ਹੋਰ ਜ਼ੋਰ-ਸ਼ੋਰ ਨਾਲ ਚਲਾਵਾਂਗੇ।

403-667-5825
hirde.paul@yahoo.com

Tri-City
Professional Realty Inc. Brokerage
"Aiming Straight With Honesty and Integrity"
Since 1987 on Full Time Basis
Dir: 416.254.7573
Off.: 905.793.5777
Email: pdosanjh2005@yahoo.com
Paul Dosanjh
Sales Representative

ਗੀਤਾਂ ਨਾਲ ਪ੍ਰੀਤਾਂ
ਮੁਕੰਮਲ ਪਰਿਵਾਰਕ ਰੇਡੀਓ ਪ੍ਰੋਗਰਾਮ
ਪਿਛਲੇ ਡੇਢ ਦਹਾਕੇ ਤੋਂ ਤੁਹਾਡੀ ਸੇਵਾ ਵਿਚ
ਹਰ ਰੋਜ਼ ਸੋਮਵਾਰ ਤੋਂ ਸ਼ੁੱਕਰਵਾਰ
◊ ਸਦਾਬਹਾਰ ਤੇ ਨਵਾਂ ਗੀਤ ਸੰਗੀਤ
◊ ਮਾਹੌਲ ਤੇ ਮੌਸਮ ਦੇ ਝਰੋਖੇ 'ਚੋਂ
◊ ਚਟਪਟਾ ਮਨੋਰੰਜਨ
◊ ਲਾਈਵ ਫੋਨ ਇਨ
ਰੰਗ ਪੰਜਾਬੀ ਪੜ੍ਹਨ ਅਤੇ
ਪੰਜਾਬ ਤੋਂ ਖ਼ਬਰਾਂ ਕਿਸੇ ਵੇਲੇ ਵੀ ਸੁਣਨ ਲਈ
www.rungpunjabi.com
ਭਾਰਤ ਤੋਂ:
ਪ੍ਰੋ. ਕੰਵਲਜੀਤ ਸਿੰਘ ਢੁੱਡੀਕੇ
ਸਾਹਿਤਕ ਪੇਸ਼ਕਾਰ:
ਨੀਟਾ ਬਲਵਿੰਦਰ
ਰੋਜ਼ਾਨਾ ਰਾਸ਼ਟਰੀ ਤੇ ਅੰਤਰਰਾਸ਼ਟਰੀ ਖ਼ਬਰਾਂ :
ਰਣਵੀਰ ਸ਼ਾਰਧਾ
VOICE OF THE CITY CJMR 1320
ਸੋਮਵਾਰ ਤੋਂ ਸ਼ੁਕਰਵਾਰ
ਦੁਪਹਿਰੇ 2 ਤੋਂ 3 ਵਜੇ ਤੱਕ
ਇੰਟਰਨੈੱਟ 'ਤੇ ਵੀ ਲਾਈਵ www.cjmr1320.ca
ਟੋਨੀ ਮਰਵਾਹਾ
ਸੰਚਾਲਕ
Ph: 416-670-3539
Fax : 905-281-9322

UPPAL TRAVEL
A Name You Can Trust.
Complete Worldwide Travel, Visa, Passport & Citizen Photo Services
Tel: 905-676-8200
Email: uppaltravel@hotmail.com
2857 Derry Rd. E. Mississauga, ON L4T 1A6
Fax: 905-672-784
Avtar Uppal
PRESIDENT

FIVE STAR
INSURANCE BROKERS LIMITED
Put our 5 star service to work for you
Our Services:
- Auto & Home Insurance
- Truck Insurance
- Business Insurance
- Commercial Insurance
- Medical Insurance
- Health Insurance
- Marine Insurance
- Manufacturers Insurance
- Professional Office Insurance
- Restaurant Insurance
- Contractors Insurance
- Life Insurance
- Disability Insurance
& we will handle all your specialty needs quickly and efficiently
FIVE STAR INSURANCE BROKERS LIMITED
"Ensuring Proper Insurance Coverage"
Brampton
350 Rutherford Rd South, Building #2, Suite #310, Brampton, ON L6W 3M2
We will Compare 15 Insurance Company Rates Instantly.
Save 51%
(with qualified discounts)
Tel: 905-459-0555
Toll Free : 1-877-847-6263
Fax: 1-888-562-5094
Get Quotes Online and Buy Insurance Online
Email: dave@fivestarinsurance.ca
Website: www.fivestarinsurance.ca
1058 Albion Road, Suite #201, Etobicoke ON M9V 1A7

GALAXY Freightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# 5ਵਾਂ ਤਰਕਸ਼ੀਲ-ਸਭਿਆਚਾਰਕ ਨਾਟਕ ਸਮਾਗਮ 30 ਅਗਸਤ ਨੂੰ



ਕੈਲਗਰੀ (ਮਾ. ਭਜਨ) : ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 30 ਅਗਸਤ 2014 ਨੂੰ ਆਰਫੀਅਸ ਥੀਏਟਰ ਕੈਲਗਰੀ ਸੈਂਟ ਕਾਲਜ ਵਿਖੇ 5ਵਾਂ ਤਰਕਸ਼ੀਲ-ਸਭਿਆਚਾਰਕ ਨਾਟਕ ਸਮਾਗਮ ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ। ਐਸੋਸੀਏਸ਼ਨ ਦੀ ਮੀਟਿੰਗ 'ਚ ਲੋਕ ਕਲਾ ਮੰਚ ਦੇ ਪ੍ਰਧਾਨ ਸੁਰਿੰਦਰ ਸ਼ਰਮਾ ਨਾਟਕਾਂ ਦੀ ਤਿਆਰੀ ਦੇ ਸਬੰਧ 'ਚ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਹੋਏ ਸਨ। ਉਨ੍ਹਾਂ ਆਪਣੀ ਵਿੰਨੀਪੈੱਗ ਅਤੇ ਕੈਲਗਰੀ ਫੇਰੀ ਦੇ 10 ਦਿਨਾਂ 'ਚ ਕਲਾਕਾਰਾਂ, ਸਟੂਡੈਂਟਾਂ, ਵਰਕ ਪਰਮਿਟ 'ਤੇ ਆਏ ਨੌਜਵਾਨਾਂ, ਬਜ਼ੁਰਗਾਂ, ਮੀਡੀਆ ਕਰਮੀਆਂ, ਔਰਤਾਂ, ਨੌਜਵਾਨ ਲੜਕੇ-ਲੜਕੀਆਂ ਅਤੇ ਬਹੁਤ ਸਾਰੇ ਇਮੀਗ੍ਰੈਂਟਸ ਨਾਲ ਇੰਟਰਵਿਊਜ਼ ਕਰਕੇ ਕਾਮਾਗਾਟਾ ਮਾਰੂ ਸਬੰਧੀ ਲਿਖਣ ਵਾਲੇ ਨਾਟਕ ਦਾ ਮੁਢਲਾ ਕੰਮ ਨਿਬੇੜ ਲਿਆ ਹੈ। ਇਹ ਨਾਟਕ 100 ਸਾਲ ਦੇ ਅੱਜ ਤੱਕ ਦੇ ਹਾਲਾਤਾਂ, ਕਾਨੂੰਨਾਂ ਦਾ ਤੁਲਨਾਤਮਕ ਮੁਲਾਂਕਣ ਪੇਸ਼ ਕਰੇਗਾ।

ਐਸੋਸੀਏਸ਼ਨ ਦੀ ਆਗੂ ਕਮੇਟੀ ਨਾਲ ਨਾਟਕ ਟੀਮ ਦੇ ਜਤਿੰਦਰ ਸਵੈਚ, ਰਵੀ ਜਨਾਗਲ, ਕਮਲਪ੍ਰੀਤ ਕੌਰ ਪੰਧੇਰ, ਨਵਕਿਰਨ ਕੌਰ, ਗੁਰਿੰਦਰਪਾਲ ਬਰਾੜ, ਜਸ਼ਨਪ੍ਰੀਤ ਗਿੱਲ ਅਤੇ ਰੁਪਿੰਦਰਪਾਲ ਪੰਧੇਰ ਆਦਿ ਨੇ ਵੀ ਭਾਗ ਲਿਆ। ਐਸੋਸੀਏਸ਼ਨ ਦੇ ਜਨਰਲ ਸਕੱਤਰ ਮਾਸਟਰ ਭਜਨ ਨੇ ਦੱਸਿਆ ਕਿ ਕੈਲਗਰੀ ਨਿਵਾਸੀਆਂ ਦੀ ਜ਼ੋਰਦਾਰ ਮੰਗ ਕਾਰਨ ਨਾਟਕ ਜਗਤ ਦੇ ਬਾਬਾ ਬੋਹੜ (ਭਾਈ ਮੰਨਾ ਸਿੰਘ) ਦਾ ਬਹੁਚਰਚਿਤ ਨਾਟਕ 'ਟੋਆ' ਵੀ ਖੇਡਿਆ ਜਾਵੇਗਾ ਜਿਸ ਦੀ ਸ਼ੁਰੂਆਤ ਸੁਰਿੰਦਰ ਸ਼ਰਮਾ ਨੇ ਆਪਣੀ ਹਾਜ਼ਰੀ 'ਚ ਕਰਵਾਈ। ਇਸ ਨਾਟਕ ਸਮਾਗਮ 'ਚ ਬੱਚਿਆਂ ਦੀਆਂ ਕੋਰੀਓਗਰਾਫੀਆਂ ਅਤੇ ਐਕਸ਼ਨ ਗੀਤ ਵਿਸ਼ੇਸ਼ ਤੌਰ 'ਤੇ ਕਰਵਾਏ ਜਾਣਗੇ। 15 ਅਗਸਤ ਤੋਂ ਪਹਿਲਾਂ ਨਾਮ ਰਜਿਸਟਰ ਕਰਵਾਉਣ ਵਾਲੇ ਬੱਚਿਆਂ ਨੂੰ ਹੀ ਭਾਗ ਲੈਣ ਲਈ ਐਡਜਸਟ ਕੀਤਾ ਜਾਵੇਗਾ। ਸਬੰਧਤ ਮਾਪੇ ਮੰਚ ਦੀ ਇੰਚਾਰਜ ਕਮਲਪ੍ਰੀਤ ਕੌਰ ਪੰਧੇਰ ਨੂੰ 403-479-4220 'ਤੇ ਸੰਪਰਕ ਕਰਨ। ਹਰ ਸਾਲ ਦੀ ਤਰ੍ਹਾਂ ਪੰਜਾਬ ਤੋਂ ਹਰਕੇਸ਼ ਚੌਧਰੀ ਅਤੇ ਸੁਰਿੰਦਰ ਸ਼ਰਮਾ ਨਾਟਕਾਂ ਦੀ ਤਿਆਰੀ ਲਈ ਵਿਸ਼ੇਸ਼ ਤੌਰ 'ਤੇ ਅਗਸਤ 'ਚ ਪੁੱਜ ਜਾਣਗੇ। ਹਰ ਪੱਖੋਂ ਸਹਿਯੋਗ ਲਈ ਮੀਡੀਆ ਅਤੇ ਕੈਲਗਰੀ ਨਿਵਾਸੀਆਂ ਨੂੰ ਪੁਰਜ਼ੋਰ ਅਪੀਲ। ਸੰਪਰਕ ਲਈ ਮਾਸਟਰ ਭਜਨ ਨੂੰ 403-455-4220 ਅਤੇ ਪ੍ਰੈਸ ਸੈਕਟਰੀ ਜਤਿੰਦਰ ਸਵੈਚ ਨੂੰ 403-903-5601 'ਤੇ ਫੋਨ ਕਰੋ।





